ਅਠਾਰਵਾਂ ਸਾਲ
PARDES TIMES
18th year in Publication
# ਪਰਦੇਸ ਟਾਇਮਜ਼
ਬਲਬੀਰ ਸਿੰਘ ਐਮ ਏ (ਮੁਖ ਸੰਪਾਦਕ)
ਮਾਂ ਬੋਲੀ ਨੂੰ ਸਮਰਪਿਤ
www.pardestimes.com
pardestimes
VOL- 18 No. 458 October 14, 2024 E-mail : info@pardestimes.com Ph 510-938-7771

## ਹਰਿਆਣਾ 'ਚ ਕਾਂਗਰਸ ਦੀ ਹਾਰ ਕਿਉਂ ਹੋਈ, ਪਾਰਟੀ ਵੀ ਦੁਚਿੱਤੀ 'ਚ

ਨਵੀਂ ਦਿੱਲੀ- ਹਰਿਆਣਾ ਵਿਧਾਨ ਸਭਾ ਚੋਣਾਂ 'ਚ ਵੱਡੀ ਹਾਰ ਨਹੀਂ ਪਚਾ ਰਹੀ ਕਾਂਗਰਸ ਨੇ ਆਪਣੇ ਪੱਧਰ 'ਤੇ ਇਸ ਦੇ ਕਾਰਨਾਂ ਦੀ ਪੜਤਾਲ ਸ਼ੁਰੂ ਕਰ ਦਿੱਤੀ ਹੈ। ਇਸ ਪੜਾਅ 'ਚ ਕਾਂਗਰਸ ਦੇ ਪ੍ਰਧਾਨ ਮਲਿਕਾਰਜੁਨ ਖੜਗੇ ਦੀ ਅਗਵਾਈ ਤੇ ਲੋਕ ਸਭਾ 'ਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਦੀ ਮੌਜੂਦਗੀ 'ਚ ਪ੍ਰਮੁੱਖ ਆਗੂਆਂ ਦੀ ਵੀਰਵਾਰ ਨੂੰ ਹਾਰ ਦੀ ਸਮੀਖਿਆ ਲਈ ਪਹਿਲੀ ਬੈਠਕ



ਹੋਈ। ਇਸ ਵਿਚ ਪਾਰਟੀ ਦੀ ਹਾਰ ਦੇ ਕਾਰਨਾਂ ਦੇ ਕਿਸੇ ਆਖਰੀ ਸਿੱਟੇ 'ਤੇ ਨਹੀਂ ਪਹੁੰਚੀ ਪਰ ਸਮਝਿਆ ਜਾਂਦਾ ਹੈ ਕਿ ਰਾਹੁਲ ਨੇ ਬੈਠਕ ਦੌਰਾਨ ਹਰਿਆਣਾ ਕਾਂਗਰਸ ਦੇ ਪ੍ਰਮੁੱਖ ਆਗੂਆਂ ਦੀ ਆਪਸੀ ਗੁੱਟਬਾਜ਼ੀ ਵੱਲ ਇਸ਼ਾਰਾ ਕਰਨ ਤੋਂ ਪਰਹੇਜ਼ ਨਹੀਂ ਕੀਤਾ ਤੇ ਕਿਹਾ ਕਿ ਆਗੂਆਂ ਨੇ ਸਿਰਫ਼ ਆਪਣੇ ਹਿੱਤ ਦੇਖੇ ਤੇ ਪਾਰਟੀ ਹਿੱਤਾਂ ਦੀ ਪਰਵਾਹ ਨਹੀਂ ਕੀਤੀ।

ਖੜਗੇ ਦੀ ਰਿਹਾਇਸ਼ 'ਤੇ ਹੋਈ ਬੈਠਕ 'ਚ ਪਾਰਟੀ ਦੇ ਸੰਗਠਨ ਜਨਰਲ ਸਕੱਤਰ ਕੇਸੀ ਵੇਣੂਗੋਪਾਲ, ਖਜ਼ਾਨਚੀ ਅਜੇ ਮਾਕਨ, ਹਰਿਆਣਾ ਚੋਣਾਂ ਲਈ ਨਿਯੁਕਤ ਸੀਨੀਅਰ ਆਬਜ਼ਰਵਰ ਅਸ਼ੋਕ ਗਹਿਲੋਤ ਆਦਿ ਸ਼ਾਮਲ ਹੋਏ। ਹਰਿਆਣਾ 'ਚ ਪਾਰਟੀ ਦਾ ਚਿਹਰਾ ਰਹੇ ਸੀਨੀਅਰ ਆਗੂ ਭੁਪਿੰਦਰ ਸਿੰਘ ਹੁੱਡਾ ਤੇ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਉਦੈ ਭਾਨ ਦੇ ਵੀ ਬੈਠਕ 'ਚ ਸ਼ਾਮਲ ਹੋਣ ਦੀ ਗੱਲ ਸੀ ਪਰ ਤੈਅ ਹੋਇਆ ਕਿ ਸੂਬੇ ਦੇ ਆਗੂਆਂ ਨਾਲ ਬਾਅਦ 'ਚ ਚਰਚਾ ਕੀਤੀ ਜਾਏਗੀ। ਚੋਣਾਂ ਦੌਰਾਨ ਖੁੱਲ੍ਹ ਕੇ ਨਾਰਾਜ਼ਗੀ ਪ੍ਰਗਟਾਉਂਦੇ ਹੋਏ ਪਾਰਟੀ ਜਨਰਲ ਸਕੱਤਰ ਕੁਮਾਰੀ ਸੈਲਜ਼ਾ ਤੇ ਰਣਦੀਪ ਸਿੰਘ ਸੁਰਜੇਵਾਲਾ ਨੂੰ ਬੁਲਾਇਆ ਹੀ ਨਹੀਂ ਗਿਆ। ਕਰੀਬ ਡੇਢ ਘੰਟੇ ਚੱਲੀ ਬੈਠਕ 'ਚ ਅਜੇ ਮਾਕਨ ਨੇ ਘੱਟ ਫਰਕ ਨਾਲ ਹਾਰ ਵਾਲੀਆਂ ਦਰਜਨ ਤੋਂ ਜ਼ਿਆਦਾ ਸੀਟਾਂ ਦਾ ਵੇਰਵਾ ਦਿੱਤਾ ਤੇ ਕਿਹਾ ਕਿ ਬਾਗੀ ਆਜ਼ਾਦ ਉਮੀਦਵਾਰਾਂ ਨੂੰ ਮਿਲੀਆਂ ਵੋਟਾਂ ਹਾਰ ਦਾ ਕਾਰਨ ਬਣਿਆ। ਇਸੇ ਦੌਰਾਨ ਰਾਹੁਲ ਨੇ ਸੈਲਜਾ, ਸੁਰਜੇਵਾਲਾ ਜਾਂ ਹੁੱਡਾ 'ਚੋਂ ਕਿਸੇ ਦਾ ਨਾਂ ਲਏ ਬਿਨਾਂ ਕਿਹਾ ਕਿ ਸਾਡੇ ਆਗੂਆਂ ਨੇ ਪਾਰਟੀ ਹਿੱਤ ਦੀ ਬਜਾਏ ਆਪਣੇ ਹਿੱਤ ਉੱਪਰ ਰੱਖੇ।

# ਪੰਚਾਇਤੀ ਚੋਣਾਂ 'ਚ ਪਰਚੇ ਰੱਦ ਕਰਨ ਦੇ ਸਰਕਾਰ 'ਤੇ ਲੱਗੇ ਦੋਸ਼

## ਹਾਈ ਕੋਰਟ ਨੇ ਕਈ ਉਮੀਦਵਾਰਾਂ ਦੇ ਹੱਕ ਵਿਚ ਦਿੱਤਾ ਫੈਸਲਾ, ਸਰਕਾਰ ਨੂੰ ਦਿੱਤਾ ਝਟਕਾ

ਚੰਡੀਗੜ੍ਹ- ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਵੀਰਵਾਰ ਨੂੰ ਪੰਚਾਇਤੀ ਚੋਣਾਂ ਨਾਲ ਸਬੰਧਤ 100 ਦੇ ਕਰੀਬ ਪਟੀਸ਼ਨਾਂ ਦੀ ਸੁਣਵਾਈ ਕਰਦਿਆਂ ਇਨ੍ਹਾਂ ਸਾਰਿਆਂ ਨੂੰ ਚੋਣਾਂ ਲਈ ਯੋਗ ਕਰਾਰ ਦਿੱਤਾ ਹੈ। ਹਾਈ ਕੋਰਟ ਨੇ ਉਸ ਦੀ ਨਾਮਜ਼ਦਗੀ ਰੱਦ ਕਰਨ ਦੇ ਹੁਕਮਾਂ 'ਤੇ ਵੀ ਰੋਕ ਲਾ ਦਿੱਤੀ। ਹਾਲਾਂਕਿ ਹਾਈ ਕੋਰਟ ਨੇ ਨਾਮਜ਼ਦਗੀ ਦਾਖ਼ਲ ਨਾ ਕਰਨ ਵਾਲਿਆਂ ਬਾਰੇ ਸਥਿਤੀ ਸਪੱਸ਼ਟ ਨਹੀਂ ਕੀਤੀ ਹੈ। ਇਕ ਦਿਨ ਪਹਿਲਾਂ ਹਾਈਕੋਰਟ ਨੇ ਕਰੀਬ 270 ਗ੍ਰਾਮ ਪੰਚਾਇਤਾਂ ਦੀਆਂ ਚੋਣਾਂ 'ਤੇ ਰੋਕ ਲਗਾਉਣ ਦਾ ਹੁਕਮ ਦਿੱਤਾ ਸੀ, ਜਿਨ੍ਹਾਂ 'ਤੇ ਵੀਰਵਾਰ ਨੂੰ ਹਾਈਕੋਰਟ ਨੇ ਸੁਣਵਾਈ ਕੀਤੀ ਸੀ। ਇਨ੍ਹਾਂ ਪਟੀਸ਼ਨਾਂ ਵਿੱਚ ਹਾਈ ਕੋਰਟ ਨੂੰ ਕਿਹਾ ਗਿਆ ਸੀ ਕਿ ਪੰਚ ਅਤੇ ਸਰਪੰਚ ਦੇ ਅਹੁਦਿਆਂ ਲਈ ਪਟੀਸ਼ਨਰਾਂ ਦੀਆਂ ਨਾਮਜ਼ਦਗੀਆਂ ਮਨਮਾਨੇ ਢੰਗ ਨਾਲ ਰੱਦ ਕੀਤੀਆਂ ਗਈਆਂ ਸਨ। ਕੁਝ ਮਾਮਲਿਆਂ ਵਿੱਚ, ਦਸਤਾਵੇਜ਼ਾਂ ਵਿੱਚ ਕਮੀਆਂ ਦਾ ਹਵਾਲਾ ਦਿੱਤਾ ਗਿਆ ਸੀ ਅਤੇ ਕੁਝ ਵਿੱਚ, ਕੋਈ ਬਕਾਇਆ ਨਹੀਂ ਦਾ ਹਵਾਲਾ ਦਿੱਤਾ ਗਿਆ ਸੀ। ਪਟੀਸ਼ਨਰਾਂ ਨੇ ਕਿਹਾ ਕਿ ਕੁਝ ਮਾਮਲਿਆਂ ਵਿੱਚ, ਜਿਸ ਅਧਿਕਾਰੀ ਨੇ ਨੋ ਡਿਊ ਸਰਟੀਫਿਕੇਟ ਨਹੀਂ ਦਿੱਤਾ, ਉਹ ਹੀ ਬਕਾਇਆ ਦਾ ਹਵਾਲਾ ਦੇ ਕੇ ਨਾਮਜ਼ਦਗੀ ਰੱਦ ਕਰਨ ਜਾ ਰਿਹਾ ਹੈ। ਪਟੀਸ਼ਨਾਂ ਵਿੱਚ ਕਿਹਾ ਗਿਆ ਸੀ ਕਿ ਅਜਿਹਾ ਸੱਤਾਧਾਰੀ ਧਿਰ ਦੇ ਲੋਕਾਂ ਨੂੰ ਫਾਇਦਾ ਪਹੁੰਚਾਉਣ ਲਈ ਕੀਤਾ ਜਾ ਰਿਹਾ ਹੈ।




ਅਧਿਕਾਰੀਆਂ ਵੱਲੋਂ ਸਰਕਾਰ 'ਤੇ ਹੋਰ ਬਿਨੈਕਾਰਾਂ ਦੀਆਂ ਨਾਮਜ਼ਦਗੀਆਂ ਰੱਦ ਕਰਨ ਲਈ ਦਬਾਅ ਪਾਇਆ ਜਾ ਰਿਹਾ ਹੈ। ਹਾਈ ਕੋਰਟ ਨੇ ਮੰਗਲਵਾਰ ਨੂੰ ਪੰਜਾਬ ਸਰਕਾਰ ਨੂੰ ਇਨ੍ਹਾਂ ਪਟੀਸ਼ਨਾਂ 'ਤੇ ਜਵਾਬ ਦਾਇਰ ਕਰਨ ਦੇ ਹੁਕਮ ਦਿੱਤੇ ਸਨ। ਵੀਰਵਾਰ ਨੂੰ ਇਸ ਮਾਮਲੇ ਦੀ ਸੁਣਵਾਈ ਦੌਰਾਨ ਹਾਈ ਕੋਰਟ ਨੇ ਸਾਰੇ ਪਟੀਸ਼ਨਰਾਂ ਨੂੰ ਵੱਡੀ ਰਾਹਤ ਦਿੰਦਿਆਂ ਉਨ੍ਹਾਂ ਦੀਆਂ ਨਾਮਜ਼ਦਗੀਆਂ ਰੱਦ ਕਰਨ ਦੇ ਹੁਕਮਾਂ 'ਤੇ ਰੋਕ ਲਗਾ ਦਿੱਤੀ ਹੈ। ਨਾਲ ਹੀ ਪਟੀਸ਼ਨਰਾਂ ਨੂੰ ਚੋਣਾਂ ਵਿਚ ਹਿੱਸਾ ਲੈਣ ਦੀ ਆਜ਼ਾਦੀ ਦਿੱਤੀ ਗਈ ਹੈ।

### ਜ਼ਿਮਨੀ ਚੋਣਾਂ ਦੀਆਂ ਤਿਆਰੀਆਂ ਵੀ ਜ਼ੋਰਾਂ 'ਤੇ

ਪੰਚਾਇਤੀ ਚੋਣਾਂ ਰਾਹੀਂ ਗਿੱਦੜਬਾਹਾ ਵਿਧਾਨ ਸਭਾ ਸੀਟ ਦੀ ਜ਼ਿਮਨੀ ਚੋਣ ਲਈ ਵਿਰੋਧੀ ਪਾਰਟੀਆਂ ਕਾਂਗਰਸ, ਅਕਾਲੀ ਦਲ ਅਤੇ ਭਾਜਪਾ ਵੱਲੋਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਗਿੱਦੜਬਾਹਾ 'ਚ ਕਾਂਗਰਸ ਨੇ ਪੰਚਾਇਤੀ ਚੋਣਾਂ 'ਚ ਧਾਂਦਲੀ ਦਾ ਦੋਸ਼ ਲਾਉਂਦਿਆਂ ਧਰਨਾ ਦਿੱਤਾ। ਇਸ ਦੀ ਅਗਵਾਈ ਕਾਂਗਰਸ ਦੇ ਸੂਬਾ ਪ੍ਰਧਾਨ ਅਤੇ ਲੁਧਿਆਣਾ ਤੋਂ ਸੰਸਦ ਮੈਂਬਰ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕੀਤੀ।

ਇਸ ਦੇ ਨਾਲ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸੇਵਾਮੁਕਤ ਐਲਾਨੇ ਜਾਣ ਤੋਂ ਬਾਅਦ ਸਿਆਸੀ ਦ੍ਰਿਸ਼ ਤੋਂ ਗਾਇਬ ਹੋਏ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਵੀ ਪਾਰਟੀ ਵੱਲੋਂ ਦਿੱਤੇ ਧਰਨੇ ਵਿੱਚ ਪੁੱਜੇ। ਗਿੱਦੜਬਾਹਾ ਵਿੱਚ ਭਾਜਪਾ ਆਗੂ ਮਨਪ੍ਰੀਤ ਬਾਦਲ ਵੀ ਸਰਗਰਮ ਹੋ ਗਏ ਹਨ। ਪੰਚਾਇਤੀ ਚੋਣਾਂ ਵਿੱਚ ਕਥਿਤ ਧਾਂਦਲੀ ਨੂੰ ਲੈ ਕੇ ਵੀ ਉਹ ਲਗਾਤਾਰ ਲੋਕਾਂ ਨੂੰ ਮਿਲ ਰਹੇ ਹਨ। ਤੁਹਾਨੂੰ ਦੱਸ ਦੇਈਏ ਕਿ ਸੂਬੇ ਦੀਆਂ ਚਾਰ ਵਿਧਾਨ ਸਭਾ ਸੀਟਾਂ 'ਤੇ ਉਪ ਚੋਣਾਂ ਹੋਣੀਆਂ ਹਨ। ਇਸ ਵਿੱਚ ਬਰਨਾਲਾ, ਗਿੱਦੜਬਾਹਾ, ਚੱਬੇਵਾਲ ਅਤੇ ਡੇਰਾਬਾਬਾ ਨਾਨਕ ਸ਼ਾਮਲ ਹਨ।

# ਮੱਧ-ਏਸ਼ੀਆ ਦੀ ਜੰਗ, ਹਿਜ਼ਬੁੱਲਾ ਦੇ 6 ਕਮਾਂਡਰਾਂ ਸਮੇਤ 50 ਮਾਰੇ ਗਏ

ਤੇਲ ਅਵੀਵ- ਹਿਜ਼ਬੁੱਲਾ ਦੇ ਹਮਲਿਆਂ ਤੋਂ ਬਾਅਦ ਇਜ਼ਰਾਈਲ ਲਗਾਤਾਰ ਲਿਬਨਾਨ ਖਿਲਾਫ਼ ਜਵਾਬੀ ਕਾਰਵਾਈ ਕਰ ਰਿਹਾ ਹੈ। ਅੱਜ ਇਜ਼ਰਾਈਲੀ ਫ਼ੌਜ ਨੇ ਹਿਜ਼ਬੁੱਲਾ ਦੇ ਟਿਕਾਣਿਆਂ 'ਤੇ ਸੈਂਕੜੇ ਮਿਜ਼ਾਈਲਾਂ ਦਾਗੀਆਂ ਹਨ। ਆਈਡੀਐਫ ਨੇ ਕਿਹਾ ਕਿ ਲਿਬਨਾਨ ਵਿੱਚ ਹੋਏ ਇਸ ਹਮਲੇ ਵਿੱਚ ਹਿਜ਼ਬੁੱਲਾ ਦੇ 50 ਅੱਤਵਾਦੀ ਮਾਰੇ ਗਏ ਹਨ। ਇਜ਼ਰਾਇਲੀ ਹਵਾਈ ਹਮਲਿਆਂ ਵਿੱਚ ਹਿਜ਼ਬੁੱਲਾ ਦੇ ਛੇ ਟਾਪ ਕਮਾਂਡਰ ਵੀ ਮਾਰੇ ਗਏ ਸਨ। ਅਹਿਮਦ ਹਸਨ ਨਾਜ਼ਲ, ਜੋ ਬਿੰਤ ਜਬੇਲ ਖੇਤਰ ਦੀ ਜ਼ਿੰਮੇਵਾਰੀ ਸੰਭਾਲੀ ਸੀ ਤੇ ਇਜ਼ਰਾਈਲ 'ਤੇ ਹਮਲੇ ਕਰ ਰਿਹਾ ਸੀ, ਵੀ ਹਮਲਿਆਂ 'ਚ ਮਾਰਿਆ ਗਿਆ।



ਗਜਰ ਸੈਕਟਰ ਇੰਚਾਰਜ ਹਸੀਨ ਤਲਾਲ ਕਮਾਲ, ਮੂਸਾ ਦੀਵ ਬਰਕਤ, ਮਹਿਮੂਦ ਮੂਸਾ ਕਾਰਨੀਵ ਤੇ ਬਿੰਟ ਜਬੇਲ ਸੈਕਟਰ ਦੇ ਤੋਪਖਾਨੇ ਦੇ ਇੰਚਾਰਜ ਅਹਿਮਦ ਇਸਮਾਈਲ ਤੇ ਅਬਦੁੱਲਾ ਅਲੀ ਡਿਕਿਕ ਵੀ ਹਮਲੇ ਵਿਚ ਮਾਰੇ ਗਏ ਸਨ। ਫੌਜ ਨੇ ਹਿਜ਼ਬੁੱਲਾ ਦੇ ਦੱਖਣੀ ਮੋਰਚੇ 'ਤੇ ਅਹੁਦਿਆਂ ਨੂੰ ਵੀ ਨਿਸ਼ਾਨਾ ਬਣਾਇਆ ਜਿੱਥੇ ਇਸ ਨੇ ਆਪਣੇ ਬੁਨਿਆਦੀ ਢਾਂਚੇ ਅਤੇ ਭੂਮੀਗਤ ਹੈੱਡਕੁਆਰਟਰ ਨੂੰ ਕਾਇਮ ਰੱਖਿਆ। ਇਸ ਤੋਂ ਇਲਾਵਾ ਹਿਜ਼ਬੁੱਲਾ ਦੇ ਅਜ਼ੀਜ਼ ਯੂਨਿਟ ਦੇ 50 ਅਤੇ ਨਾਸਰ ਯੂਨਿਟ ਦੇ 30 ਠਿਕਾਣਿਆਂ ਨੂੰ ਵੀ ਤਬਾਹ ਕਰ ਦਿੱਤਾ ਗਿਆ।

ਪੰਜਾਬੀ ਦਾ ਇਕੋ-ਇਕ ਅਖਬਾਰ, ਜੋ ਛਪ ਵੀ ਰਿਹਾ ਹੈ ਅਤੇ ਆਨਲਾਈਨ ਵੀ ਪ੍ਰਕਾਸ਼ਿਤ ਹੋ ਰਿਹਾ ਹੈ।
ਆਪਣੇ ਬਿਜਨਸ ਦੇ ਪ੍ਰਚਾਰ ਲਈ ਸੰਪਰਕ ਕਰੋ:-
ਬਲਬੀਰ ਸਿੰਘ ਐਮ. ਏ. (ਸੰਪਾਦਕ)
510-938-7771

MST INS SERV INC
Long Haul
A Rated Market
Licensed

Washington/CA/Indiana/Texas/nevada/New Jersey ਦੇ ਲਈ Insurance ਜੋ ਬਹੁਤ ਵਧੀਆ ਰੇਟ 'ਤੇ ਕਰਵਾ ਸਕਦੇ ਹੋ।
ਹਰ ਤਰ੍ਹਾਂ ਦੇ ਟਰੱਕਾਂ ਦੇ ਕੰਮ ਕਰਨ ਵਾਲਿਆਂ ਲਈ
ਲੋਕਲ/ 48 ਸਟੇਟਾਂ/ ਸੈਂਡ/ ਗਰੇਵੱਲ/ ਕੰਟੇਨਰ
Mandeep Thiara
Owner/Broker-Agent
Lic #600363
Tel (209) 407-4236
Fax (209) 666-1428
Cell (209) 666-0032
info@mstinsurance.net
3941 Holly Drive Suite #1 Tracy, CA 95304

Turning 65 Years Old?

If you've got questions,
I've got answers!
Becoming eligible for Medicare at age 65 can be overwhelming and confusing, but it doesn't have to be! I can help explain all of your available options. Call me today!
Let's talk about it!
Gurcharan Singh Mann
Licensed Insurance Agent
CA License No. 0C70672
(510) 487-1000 TTY:711
MANN@GGIABA.COM
By calling this number you agree to speak with a licensed insurance agent about Medicare Products. We do not offer every plan available in your area. Any information we provide is limited to those plans we do offer in your area. Please contact Medicare.gov or 1-800-Medicare to get information on all of your options. This is an advertisement. Not affiliated with any government agency including Medicare.

Joshi Law Firm
Attorneys at Law ਅਟਾਰਨੀ ਐਟ ਲਾਅ
www.joshilawfirm.com info@joshilawfirm.com
ਇਮੀਗ੍ਰੇਸ਼ਨ
ਡਿਪੋਰਟੇਸ਼ਨ
ਅਸਾਈਲਮ
ਸਿਟੀਜਨਸ਼ਿਪ
ਗਰੀਨ ਕਾਰਡ
ਫੈਮਲੀ ਪਟੀਸ਼ਨ
ਵਿਆਹ ਦੇ
ਆਧਾਰ ਤੇ
ਗਰੀਨ ਕਾਰਡ
ਐਡਜਸਟਮੈਂਟ
ਆਫ ਸਟੇਟਸ
ਫੈਮਲੀ ਲਾਅ
ਤਲਾਕ ਦੀ
ਪਟੀਸ਼ਨ
ਬੱਚੇ ਦੀ
ਕਸਟਡੀ
ਭੱਤਾ ਜਾਂ ਖਰਚਾ
ਬੱਚਿਆਂ ਲਈ
ਖਰਚਾ

TANVIR JOSHI
SBN: 302226
(559) 312-0083 (O) (888) 630-1230 (F)
516 W. SHAW AVE STE 200 FRESNO, CA 93704


Raj Budwal
(Investment and Financial Advisor)
408-972-8000,
408-835-0202 (Cell)
Budwal and Associates
329 Piercy Road, San Jose, CA 95138
8350202@gmail.com

# ਇਜ਼ਰਾਈਲ ਇਰਾਨ ਜੰਗ ਨਾਲ ਜੁੜੇ ਗੁੱਝੇ ਤੱਥ

ਡਾ. ਸੁਰਿੰਦਰ ਮੰਡ



ਇਜ਼ਰਾਈਲ ਅਤੇ ਇਰਾਨ ਦਾ ਯੁੱਧ ਛਿੜ ਪਿਆ ਹੈ। ਇਜ਼ਰਾਈਲ ਯਹੂਦੀ ਪ੍ਰਭੁਤਾ ਤੇ ਪਾਸਾਰ ਨੂੰ ਸਮਰਪਿਤ ਦੇਸ਼ ਹੈ ਅਤੇ ਇਰਾਨ 1979 ਤੋਂ ਬਾਅਦ ਇਸਲਾਮਿਕ ਸੋਚ ਨੂੰ ਸਮਰਪਿਤ ਹੈ। ਯਹੂਦੀ ਭਾਈਚਾਰਾ ਕੁੱਲ ਦੁਨੀਆ ਵਿਚ ਪੜ੍ਹੇ ਲਿਖੇ ਖੁਸ਼ਹਾਲ ਵਪਾਰੀ ਪਰ ਹਰ ਮੁਲਕ ਵਿਚ ਘੱਟ ਗਿਣਤੀ ਸਨ। ਆਪਣੀ ਨਸਲੀ ਸ਼ੁੱਧਤਾ ਤੋਂ ਸੁਚੇਤ। ਯੂਰੋਪ ਵਿਚ ਯਹੂਦੀਆਂ ਨੂੰ ਧਾਰਮਿਕ ਨਸਲੀ ਵਖਰੇਵੇਂ ਅਤੇ ਆਰਥਿਕ ਸ਼ਰੀਕੇਬਾਜ਼ੀ ਕਾਰਨ ਖ਼ਤਰੇ ਵਜੋਂ ਦੇਖਦਿਆਂ ਨਿਸ਼ਾਨਾ ਬਣਾਇਆ ਜਾਂਦਾ ਰਿਹਾ। ਇਸ ਦੀ ਸਿਖਰ ਦੂਜੀ ਸੰਸਾਰ ਜੰਗ ਸਮੇਂ 1945 ਤਕ ਜਰਮਨ ਵਿਚ ਹਿਟਲਰ ਦੁਆਰਾ ਲੱਖਾਂ ਯਹੂਦੀਆਂ ਦਾ ਕਤਲੇਆਮ ਸੀ।

ਫ਼ਲਸਤੀਨ ਸਮੁੰਦਰ ਕੰਢੇ ਸਦੀਆਂ ਤੋਂ ਸੁੱਖੀ ਸਾਂਦੀ ਵੱਸ ਰਿਹਾ ਪ੍ਰਾਚੀਨ ਸਭਿਅਤਾ ਵਾਲਾ ਮੁਲਕ ਸੀ ਜਿਸ ਉੱਤੇ 1948 ਵਿਚ ਬਸਤੀ ਵਜੋਂ ਇੰਗਲੈਂਡ ਦਾ ਕਬਜ਼ਾ ਸੀ। ਯੇਰੋਸ਼ਲਮ ਨੂੰ ਇਸਾਈ, ਯਹੂਦੀ ਤੇ ਮੁਸਲਿਮ, ਤਿੰਨਾਂ ਹੀ ਧਾਰਮਿਕ ਭਾਈਚਾਰਿਆਂ ਦਾ ਪਵਿੱਤਰ ਥਾਂ ਹੋਣ ਦਾ ਮਾਣ ਹਾਸਿਲ ਹੈ। ਮਿਸਰ, ਫ਼ਲਸਤੀਨ, ਇਰਾਕ, ਸਊਦੀ ਅਰਬ, ਇਰਾਨ, ਤੁਰਕੀ, ਅਫ਼ਗਾਨਿਸਤਾਨ, ਭਾਰਤ, ਪਾਕਿਸਤਾਨ, ਬੰਗਲਾਦੇਸ਼, ਚੀਨ, ਇਹ ਸਾਰੀ ਪੱਟੀ ਪ੍ਰਾਚੀਨ ਇਨਸਾਨੀ ਵਿਰਾਸਤ ਅਤੇ ਗਿਆਨ ਦਾ ਕੇਂਦਰ ਰਹੀ ਹੈ। ਧਰਤੀ ਹੇਠਲੇ ਲੱਭੇ ਤੇਲ ਭੰਡਾਰਾਂ ਨੇ ਇਸ ਨੂੰ ਹੋਰ ਲੁਭਾਉਣਾ ਬਣਾ ਦਿੱਤਾ। ਭਾਰਤ ਤੇ ਚੀਨ ਨੂੰ ਛੱਡ ਕੇ ਇਹ ਸਾਰਾ ਖਿੱਤਾ ਮੁਸਲਿਮ ਬਹੁਲ ਹੈ।

ਸੋ ਅਮਰੀਕਾ ਇੰਗਲੈਂਡ ਨੇ ਯੂਐੱਨ ਰਾਹੀਂ ਜੁਗਾੜ ਕਰ ਕੇ ਮੁਸਲਿਮ ਬਹੁਲ ਫ਼ਲਸਤੀਨ ਨੂੰ ਤਕਰੀਬਨ ਅੱਧਾ-ਅੱਧਾ ਵੰਡ ਕੇ 1948 ਵਿਚ ਯਹੂਦੀ ਮੁਲਕ ਇਜ਼ਰਾਈਲ ਬਣਾ ਦਿੱਤਾ ਅਤੇ ਉਸ ਦੇ ਸਰਪ੍ਰਸਤ ਬਣ ਗਏ। ਹੌਲੀ-ਹੌਲੀ ਬਹਾਨੇ ਬਣਾ-ਬਣਾ ਕੇ ਫ਼ਲਸਤੀਨੀਆਂ ਨੂੰ ਇਕ ਤਰ੍ਹਾਂ ਗੁਲਾਮ ਬਣਾ ਕੇ ਸਾਰੇ ਦੇਸ਼ ਉੱਤੇ ਕਬਜ਼ਾ ਕਰ ਲਿਆ, ਉਜਾੜਾ ਕੀਤਾ, ਜ਼ੁਲਮ ਕੀਤੇ, ਜੇਲ੍ਹੀਂ ਡੱਕਿਆ। ਅੱਜ ਫ਼ਲਸਤੀਨ ਨਾਮ ਦਾ ਕੋਈ ਆਜ਼ਾਦ ਦੇਸ਼ ਨਹੀਂ। 2012 ਤੋਂ ਫ਼ਲਸਤੀਨ ਦੀ ਯੂਐੱਨਓ ਵਿਚ ਕੋਈ ਨੁਮਾਇੰਦਗੀ ਨਹੀਂ। ਉੱਜੜੇ ਲੱਖਾਂ ਫ਼ਲਸਤੀਨੀ ਦੂਜੇ ਮੁਲਕਾਂ ਵਿਚ ਸ਼ਰਨਾਰਥੀ ਹਨ। ਮਗਰੋਂ ਯੂਐੱਨਓ ਨੇ ਸੈਂਕੜੇ ਮਤੇ ਫ਼ਲਸਤੀਨ ਦੇ ਹੱਕ ਵਿਚ ਪਾਸ ਕੀਤੇ ਜੋ ਅਮਰੀਕਾ ਨੇ ਵੀਟੋ ਕੀਤੇ ਅਤੇ ਇਜ਼ਰਾਈਲ ਨੇ ਨਹੀਂ ਮੰਨੇ। ਇਹ ਹਾਲਾਤ ਸਾਰੀ ਪੁਆੜੇ ਦੀ ਜੜ੍ਹ ਹਨ। ਇੰਝ ਫ਼ਲਸਤੀਨ ਦਾ ਇਜ਼ਰਾਈਲ ਨਾਲ ਲੜਾਈ ਝਗੜਾ ਪਿਛਲੇ ਸਾਲ ਹਮਾਸ ਦੇ ਹਮਲੇ ਤੋਂ ਸ਼ੁਰੂ ਨਹੀਂ ਹੋਇਆ ਜਿਵੇਂ ਸਾਡਾ ਮੀਡੀਆ ਪ੍ਰਚਾਰਨ 'ਤੇ ਤੁਲਿਆ ਹੋਇਆ ਹੈ। ਯੂਐੱਨਓ ਨੇ ਜੂਨ 2024 ਵਿਚ ਵੀ ਮਤਾ ਪਾਸ ਕੀਤਾ ਹੈ ਕਿ ਫ਼ਲਸਤੀਨ ਪ੍ਰਭੂਸੱਤਾ ਵਾਲਾ ਦੇਸ਼ ਹੈ। 193 ਵਿਚੋਂ 146 ਮੈਂਬਰਾਂ ਇਸ ਦੇ ਹੱਕ ਵਿਚ ਵੋਟ ਪਾਈ। ਤਾਜ਼ੇ 17 ਸਤੰਬਰ ਨੂੰ ਪਾਸ ਕੀਤੇ ਮਤੇ ਵਿਚ ਵੀ ਇਕ ਸਾਲ ਅੰਦਰ ਫ਼ਲਸਤੀਨ ਦਾ ਕਬਜ਼ਾ ਛੱਡਣ ਦਾ ਇਜ਼ਰਾਈਲ ਨੂੰ ਨਿਰਦੇਸ਼ ਦਿੱਤਾ ਹੈ ਜਿਸ ਨੂੰ ਮੰਨਣ ਤੋਂ ਉਸ ਨੇ ਇਨਕਾਰ ਕਰ ਦਿੱਤਾ ਹੈ।

ਕਿਸੇ ਵੇਲੇ ਅਰਬ ਲੀਗ ਅਤੇ ਗੁੱਟ ਨਿਰਲੇਪ ਮੁਲਕਾਂ ਦੇ ਸੰਗਠਨ ਸਨ ਜੋ ਅਮਰੀਕੀ ਅਤੇ 'ਨਾਟੋ' ਫੌਜੀ ਧੌਂਸ ਕਾਰਨ ਮਰ ਮੁੱਕ ਗਏ। ਸੋਵੀਅਤ ਯੂਨੀਅਨ ਦੇ ਪਤਨ ਮਗਰੋਂ ਅਮਰੀਕਾ ਨੇ ਸਗੋਂ 'ਨਾਟੋ' ਦਾ ਹੋਰ ਬੇਲੋੜਾ ਵਿਸਥਾਰ ਕਰਦਿਆਂ ਆਪਣੇ ਨਾਲ ਅਸਹਿਮਤ ਦੇਸ਼ਾਂ ਨੂੰ ਫੌਰੀ ਮਸਲਣ ਦੀ ਨੀਤੀ ਫੜੀ। ਝੂਠੇ ਖੋਖਲੇ ਬਹਾਨੇ ਬਣਾ ਕੇ ਇਰਾਕ ਅਤੇ ਲਿਬੀਆ ਮਸਲ ਸੁੱਟੇ। ਇਰਾਕੀ ਰਾਸ਼ਟਰਪਤੀ ਸੱਦਾਮ ਹੁਸੈਨ ਅਰਬ ਏਕਤਾ ਦਾ ਨਾਅਰਾ ਦਿੰਦਾ ਸੀ। ਪਹਿਲਾਂ ਕਿਹਾ ਕਿ ਇਰਾਕ ਕੋਲ ਰਸਾਇਣਕ ਹਥਿਆਰਾਂ ਦੇ ਭੰਡਾਰ ਹਨ, ਉਸ ਦੇ ਘਰ ਦੀ ਵੀ ਤਲਾਸ਼ੀ ਲਈ। ਕੁਝ ਨਾ ਮਿਲਿਆ। ਫਿਰ ਨਾਦਰਸ਼ਾਹੀ ਫ਼ਰਮਾਨ ਦਿੱਤਾ ਕਿ ਤਿੰਨ ਦਿਨਾਂ 'ਚ ਗੱਦੀ ਛੱਡੋ, ਤੇ ਫਿਰ ਹਮਲਾ ਕਰ ਦਿੱਤਾ। ਸੱਦਾਮ ਹੁਸੈਨ ਨੂੰ ਫਾਹੇ ਟੰਗ ਦਿੱਤਾ। ਅੱਜ ਤਕ ਪੰਜ ਲੱਖ ਇਰਾਕੀ ਮਾਰੇ ਜਾ ਚੁੱਕੇ ਹਨ, ਦੇਸ਼ ਖਿੱਲਰ ਗਿਆ ਹੈ ਤੇ ਹੁਣ ਇਰਾਕ ਵਿਚ ਪੱਕਾ ਅਮਰੀਕੀ ਫ਼ੌਜੀ ਅੱਡਾ ਹੈ। ਲਿਬੀਆ ਦਾ ਰਾਸ਼ਟਰਪਤੀ ਕਰਨਲ ਗੱਦਾਫੀ 'ਗਰੀਨ ਬੁੱਕ' ਲਿਖ ਕੇ ਪੱਛਮੀ ਤਰਜ਼ ਦੇ ਵਿਕਾਸ ਮਾਡਲ ਦੀ ਬਜਾਇ ਸਥਾਨਕ ਹਿੱਤਾਂ ਅਨੁਕੂਲ ਵਿਕਾਸ ਮਾਡਲ ਪ੍ਰਚਾਰਦਾ ਸੀ ਪਰ ਅਮਰੀਕਾ ਆਖਦਾ ਸੀ ਕਿ ਲਿਬੀਆ 'ਚ ਤਾਨਾਸ਼ਾਹੀ ਹੈ। ਫਿਰ ਗੱਦਾਫੀ ਨੂੰ ਬਹਾਨੇ ਬਣਾ ਕੇ ਮਾਰ ਮੁਕਾਇਆ। ਉੱਥੇ ਖਾਨਾਜੰਗੀ ਹੋਈ ਤੇ ਅੱਜ ਲਿਬੀਅਨ ਸ਼ਰਨਾਰਥੀ ਮੰਗਤੇ ਬਣੇ ਬੈਠੇ ਹਨ। ਤਾਨਾਸ਼ਾਹੀ ਵਾਲਾ ਬਹਾਨਾ ਲਾ ਕੇ ਰੂਸ ਪੱਖੀ ਮੁਲਕ ਸੀਰੀਆ ਦੀ ਸਰਕਾਰ ਡੇਗਣ ਲਈ ਧਾਵਾ ਬੋਲਿਆ ਪਰ ਵਿਚ ਰੂਸ ਆ ਖਲੋਤਾ। ਉੱਤਰੀ ਕੋਰੀਆ, ਇਰਾਨ ਅਤੇ ਕਿਊਬਾ ਬਚ ਨਿਕਲੇ ਭਾਵੇਂ ਅੱਜ ਸਖ਼ਤ ਆਰਥਿਕ ਪਾਬੰਦੀਆਂ ਦੀ ਮਾਰ ਹੇਠ ਹਨ।

1979 ਤਕ ਇਰਾਨ ਦਾ ਸ਼ਾਸਕ ਮੁਹੰਮਦ ਰਜ਼ਾ ਪਹਿਲਵੀ ਅਮਰੀਕਾ ਇਜ਼ਰਾਈਲ ਪੱਖੀ ਸੀ ਜਿਸ ਨੂੰ ਆਇਤੁਲਾ ਖੁਮੈਨੀ ਦੀ ਅਗਵਾਈ ਵਿਚ ਗੱਦੀ ਤੋਂ ਲਾਹ ਕੇ ਇਸਲਾਮੀ ਸਰਕਾਰ ਬਣੀ। ਇਰਾਨ ਉੱਤੇ ਸਖ਼ਤ ਅਮਰੀਕੀ ਪਾਬੰਦੀਆਂ ਲੱਗੀਆਂ। ਇਰਾਨ ਨੇ ਫ਼ਲਸਤੀਨ ਦੀ ਥਾਂ ਵਸਾਏ ਯਹੂਦੀ ਮੁਲਕ ਇਜ਼ਰਾਈਲ ਦੀ ਹੋਂਦ ਨੂੰ ਅਸਵੀਕਾਰ ਕੀਤਾ। ਇੰਝ ਵਧਦਾ ਵਧਦਾ ਕਲੇਸ਼ ਅੱਜ ਵਾਲੀ ਜੰਗ ਤਕ ਪੁੱਜ ਗਿਆ। ਅੱਜ ਇਜ਼ਰਾਈਲ ਅਮਰੀਕਾ ਦਾ ਲੈਫਟੀਨੈਂਟ ਅਤੇ ਪੱਕੀ ਠਾਹਰ ਹੈ। ਕਈ ਵਾਰ ਅਮਰੀਕਾ ਨਾਲ ਰਲ ਕੇ ਇਰਾਕ ਇਰਾਨ ਦੇ ਪਰਮਾਣੂ ਕੇਂਦਰਾਂ ਉੱਤੇ ਸਿੱਧਾ ਹਮਲਾ ਕਰ ਚੁੱਕਾ ਹੈ। ਫ਼ਲਸਤੀਨੀਆਂ ਨੂੰ ਉਨ੍ਹਾਂ ਦੀ ਬਣਦੀ ਅੱਧੀ ਭੂਮੀ ਦੇ ਕੇ ਪ੍ਰਭੂਤਾ ਵਾਲੇ ਮੁਲਕ ਵਜੋਂ ਮਾਨਤਾ ਦੇਣ ਤੋਂ ਬਿਨਾ ਮਸਲੇ ਦਾ ਕੋਈ ਹੋਰ ਫੌਜੀ ਹੱਲ ਹੰਢਣਸਾਰ ਨਹੀਂ ਲਗਦਾ। ਫ਼ਲਸਤੀਨ ਨੂੰ ਹੱਕ ਦਿਵਾਉਣ ਦੀ ਚਰਚਾ ਨਹੀਂ ਹੋ ਰਹੀ। ਮੁੱਦਾ ਲਾਂਭੇ ਕਰ ਦਿੱਤਾ ਗਿਆ ਹੈ। ਚਰਚਾ ਇਹ ਫੈਲਾ ਦਿੱਤੀ ਹੈ ਕਿ ਇਹ ਤਾਂ ਕੋਈ ਹਮਾਸ ਅਤੇ ਹਿਜ਼ਬੁਲਾ ਵਰਗੇ ਅਤਿਵਾਦੀ ਜਥੇਬੰਦੀਆਂ ਨੂੰ ਕਾਬੂ ਕਰਨ ਦਾ ਮੁੱਦਾ ਹੈ। ਕੈਦੀਆਂ ਦੇ ਵਟਾਂਦਰੇ ਨਾਲ ਇਜ਼ਰਾਈਲੀ ਬੰਦੀ ਛੁਡਾਏ ਜਾ ਰਹੇ ਸਨ, ਬਾਕੀ ਵੀ ਛੁਡਾਏ ਜਾ ਸਕਦੇ ਸਨ ਪਰ ਰੋਕ ਕੇ ਗੱਲ ਲੜਾਈ ਵਧਾਉਣ ਵਾਲੇ ਬੰਨੇ ਤੋਰ ਕੇ ਗਾਜ਼ਾ ਦਾ ਮੁਕੰਮਲ ਉਜਾੜਾ, ਇਰਾਨ ਦੇ ਪਰਮਾਣੂ ਫੌਜੀ ਅਤੇ ਤੇਲ ਟਿਕਾਣਿਆਂ ਨੂੰ ਨਿਸ਼ਾਨਾ ਬਣਾਉਣ ਦਾ ਅਸਲ ਗੁੱਝਾ ਟੀਚਾ ਹਾਸਲ ਕਰਨ ਉੱਤੇ ਕੇਂਦਰਿਤ ਕੀਤੀ ਜਾ ਰਹੀ ਹੈ। ਅਮਰੀਕਾ ਦੇ ਇਸ ਖਿੱਤੇ ਵਿਚ ਇਜ਼ਰਾਈਲ ਤੋਂ ਇਲਾਵਾ ਤੁਰਕੀ, ਇਰਾਕ, ਸੀਰੀਆ, ਬਹਿਰੀਨ, ਸਊਦੀ ਅਰਬ, ਕਤਰ, ਯੂਏਈ, ਓਮਾਨ, ਕੁਵੈਤ ਵਿਚ ਪੱਕੇ ਫੌਜੀ ਅੱਡੇ ਹਨ ਜਿੱਥੇ ਉਨ੍ਹਾਂ ਅਨੁਸਾਰ, 40 ਹਜ਼ਾਰ ਫੌਜੀ ਤਾਇਨਾਤ ਹਨ। ਇਹ ਇਸ ਤੇਲ ਖਿੱਤੇ ਉੱਤੇ ਜ਼ੋਰਾਵਰੀ ਕਾਬੂ ਕਬਜ਼ੇ ਲਈ ਹਨ। ਯੂਕਰੇਨ, ਫ਼ਲਸਤੀਨ, ਤਾਈਵਾਨ, ਉੱਤਰੀ ਕੋਰੀਆ ਆਦਿ ਸਭ ਕਲੇਸ਼ਖਾਨਿਆਂ ਵਿਚ ਹਰ ਥਾਂ ਇਕ ਪਾਸਿਉਂ ਅਮਰੀਕਾ ਮੋਹਰੀ ਹੈ। ਅੱਜ ਬੰਗਲਾਦੇਸ਼ ਵਿਚ ਜੋ ਹਾਲਾਤ ਹਨ, ਇਸ ਵਿਚ ਹੋਰ ਕਾਰਨਾਂ ਦੇ ਨਾਲ-ਨਾਲ ਅਮਰੀਕਾ ਦਾ ਹੱਥ ਹੋਣ ਦੇ ਇਲਜ਼ਾਮ ਵੀ ਲੱਗੇ ਹਨ। ਇਹ ਸਭ ਵਪਾਰਕ ਤੇ ਆਰਥਿਕ ਹਿੱਤਾਂ ਲਈ ਹੋ ਰਿਹਾ ਹੈ ਪਰ ਇਹ ਆਮ ਅਮਰੀਕੀ ਲੋਕਾਂ ਦੇ ਹਿੱਤ ਵਿਚ ਨਹੀਂ। ਵੱਡੀ ਜੰਗ ਭੜਕੀ ਤਾਂ ਵਪਾਰੀਆਂ ਨੇ ਤਾਂ ਨਹੀਂ ਮਰਨਾ, ਨਾ ਕਦੀ ਪਹਿਲਾਂ ਮਰੇ; ਇਹ ਦੇਸ਼ ਭਗਤੀ ਦਾ ਡੌਰੂ ਖੜਕਾ ਕੇ ਰੋਟੀ ਖ਼ਾਤਿਰ ਭਰਤੀ ਹੋਏ ਮਾਵਾਂ ਦੇ ਫੌਜੀ ਪੁੱਤਾਂ ਦਾ ਖੂਨ ਹੀ ਵਹਾਉਣਗੇ। ਫਿਰ ਪਹਿਲਾਂ ਵਾਂਗ ਬੈਠ ਕੇ ਸਮਝੌਤਾ ਕਰ ਲੈਣਗੇ ਜਿਵੇਂ ਦੂਜੀ ਸੰਸਾਰ ਜੰਗ ਵਾਲੇ ਅਮਰੀਕਾ, ਜਪਾਨ, ਜਰਮਨ, ਇੰਗਲੈਂਡ, ਫਰਾਂਸ, ਇਟਲੀ ਜੱਫੀਆਂ ਪਾ ਰਹੇ ਨੇ। ਦੇਸ਼ ਭਗਤੀ ਖ਼ਾਤਿਰ ਮਰੇ ਫੌਜੀ ਫਿਰ ਕਿਹੜੇ ਖਾਤੇ ਗਏ? ਇਹੀ ਕੁਝ ਹੁਣ ਹੋਣਾ। ਦੁਨੀਆ ਦੇ ਲੋਕਾਂ ਨੂੰ ਸਮਝਣਾ ਪਵੇਗਾ ਕਿ ਅਮਰੀਕਾ ਇੰਗਲੈਂਡ ਵਰਗੇ 32 ਦੇਸ਼ਾਂ ਨੇ ਰਲ ਕੇ 'ਨਾਟੋ' ਫੌਜੀ ਗਠਜੋੜ ਮਾੜੇ ਮੁਲਕਾਂ ਨੂੰ ਲੁੱਟਣ ਤੇ ਕੁੱਟਣ ਲਈ ਬਣਾਇਆ ਹੈ। ਇਹ ਵਿਕਾਸਸ਼ੀਲ ਦੇਸ਼ਾਂ ਲਈ ਵੱਡਾ ਖ਼ਤਰਾ ਹੈ। ਅੱਜ ਬੇਭਰੋਸਗੀ ਇੰਨੀ ਹੈ ਕਿ ਹਥਿਆਰਾਂ ਦੀ ਦੌੜ ਕਦੀ ਨਹੀਂ ਜੇ ਰੁਕਣੀ।

ਇਹ ਗੱਲ ਬਾਕੀ ਮੁਲਕਾਂ ਨੇ ਨਹੀਂ ਮੰਨਣੀ (ਭਾਰਤ ਨੇ ਵੀ ਨਹੀਂ ਸੀ ਮੰਨੀ) ਕਿ 8-10 ਮੁਲਕਾਂ ਕੋਲ ਪਰਮਾਣੂ ਹਥਿਆਰਾਂ ਦੀ ਕਾਨੂੰਨੀ ਧੌਂਸ ਹੋਵੇ ਅਤੇ ਬਾਕੀਆਂ ਨੂੰ ਵਰਜਿਆ ਜਾਵੇ ਕਿ ਇੰਝ ਕਰਨਾ ਗੈਰ-ਕਾਨੂੰਨੀ ਹੈ। ਜੇ ਇਹ ਸੱਚ ਹੈ ਤਾਂ ਕਿਸੇ ਨਾ ਕਿਸੇ ਦਿਨ ਤਬਾਹੀ ਅਟੱਲ ਹੈ। ਅਮੀਰਾਂ ਨੇ ਲੁਕ ਜਾਣਾ ਤੇ ਮਰਨਾ ਆਮ ਲੋਕਾਂ ਨੇ ਹੈ। ਇਸ ਲਈ ਆਮ ਲੋਕਾਂ ਨੂੰ ਇਸ ਧਰਤੀ/ਇਨਸਾਨੀਅਤ ਵਿਰੋਧੀ ਰੁਝਾਨ ਵਿਰੁੱਧ ਫੌਰੀ ਉੱਠ ਖਲੋਣਾ ਚਾਹੀਦਾ ਹੈ।

ਦੁਖੀ ਯਹੂਦੀਆਂ ਦਾ ਮੁਸਲਿਮ ਖਿੱਤੇ ਵਿਚ ਜਬਰੀ ਕਬਜ਼ੇ ਵਾਲਾ ਘਰ (ਇਜ਼ਰਾਈਲ) ਬਣਵਾ ਕੇ ਸਾਮਰਾਜੀਆਂ ਨੇ ਆਪਣੇ ਗਲੋਂ ਬਲਾ ਲਾਹੁਣ ਲਈ ਮੁਸਲਮਾਨਾਂ ਤੇ ਯਹੂਦੀਆਂ, ਦੋਹਾਂ ਨਾਲ ਧ੍ਰੋਹ ਕੀਤਾ। ਖੁਸ਼ਹਾਲ ਯਹੂਦੀ ਹੁਣ ਹਮੇਸ਼ਾ ਤਣਾਅ ਅਤੇ ਬੇਯਕੀਨੀ ਦਾ ਸ਼ਿਕਾਰ ਰਹਿਣਗੇ। ਮਰਦੇ ਮਾਰਦੇ ਰਹਿਣਗੇ। ਉਂਞ, ਧੱਕਾ ਸਦਾ ਨਹੀਂ ਚੱਲਦਾ ਹੁੰਦਾ। ਇਸ ਲਈ ਜੇ ਮੋੜਾ ਕੱਟਣ ਤਾਂ ਚੰਗੇ ਰਹਿਣਗੇ। ਅਮੀਰ ਤਾਂ ਹਨ ਹੀ, ਸਿਆਣੇ ਬਣ ਕੇ ਆਪਣੇ ਬੱਚਿਆਂ ਦਾ ਹਿੱਤ ਸੋਚਣ। ਚੁੱਕਣ ਚੁਕਾਉਣ ਵਾਲਿਆਂ ਦਾ ਅਸਲੀ ਚਿਹਰਾ ਪਛਾਣਨ। ਇਰਾਨ ਨੂੰ ਦਿਸਦਾ ਸੱਚ ਸਵੀਕਾਰਦਿਆਂ ਇਜ਼ਰਾਈਲ ਦੀ ਹੋਂਦ ਮੰਨਣੀ ਹੋਵੇਗੀ। ਸ਼ਾਂਤੀ ਲਈ ਇਹ ਜ਼ਰੂਰੀ ਹੈ। ਇਜ਼ਰਾਈਲ ਨੂੰ ਵੀ ਹੰਕਾਰ ਛੱਡ ਕੇ ਦੂਰ ਦੀ ਸੋਚਦਿਆਂ ਫ਼ਲਸਤੀਨ ਨੂੰ ਆਜ਼ਾਦ ਦੇਸ਼ ਸਵੀਕਾਰਨਾ ਪਵੇਗਾ। ਬਾਕੀ ਸਭ ਰਸਤੇ ਤਬਾਹੀ ਵੱਲ ਜਾਂਦੇ ਹਨ। ਸਮਾਂ ਹੱਥੋਂ ਨਿਕਲਣ ਵਾਲਾ ਹੈ। ਹੁਣ ਸਾਰਾ ਕੁਝ ਲੀਡਰਾਂ ਦੀ ਅਕਲ 'ਤੇ ਨਿਰਭਰ ਹੈ।

# ਇਰਾਨ-ਇਜ਼ਰਾਈਲ ਟਕਰਾਅ ਦੀ ਦਸ਼ਾ ਤੇ ਦਿਸ਼ਾ



ਜਦੋਂ ਇਰਾਨ ਵੱਲੋਂ ਇਜ਼ਰਾਈਲ 'ਤੇ 200 ਬੈਲਿਸਟਿਕ ਮਿਜ਼ਾਈਲਾਂ ਦਾਗੀਆਂ ਗਈਆਂ ਤਾਂ ਦੋਵਾਂ ਦੇਸ਼ਾਂ ਵਿਚਾਲੇ ਟਕਰਾਅ ਖ਼ਤਰਨਾਕ ਪੜਾਅ ਵਿੱਚ ਦਾਖ਼ਲ ਹੋ ਗਿਆ। ਤੇਲ ਦੀਆਂ ਵਧੀਆਂ ਕੀਮਤਾਂ ਅਤੇ ਕੌਮਾਂਤਰੀ ਵਪਾਰ ਨੂੰ ਲੈ ਕੇ ਨਵੀਆਂ ਚਿੰਤਾਵਾਂ ਪੈਦਾ ਹੋ ਗਈਆਂ ਹਨ। ਸਭ ਪਾਸੇ ਇਹ ਸਵਾਲ ਪੁੱਛਿਆ ਜਾ ਰਿਹਾ ਹੈ ਕਿ ਅੱਗੋਂ ਕੀ ਹੋਣ ਵਾਲਾ ਹੈ? ਅਜੋਕੇ ਪੱਛਮੀ ਏਸ਼ੀਆ ਅਤੇ ਇਰਾਨ ਉੱਪਰ ਦੋ ਸਦੀਆਂ ਤੱਕ ਰਾਜ ਕਰਨ ਵਾਲੇ ਫਾਰਸ ਐਕਮੇਨਿਦ ਖ਼ਾਨਦਾਨ ਦੇ ਬਾਨੀ ਨੇ ਅਕਤੂਬਰ 539 ਈਸਾ ਪੂਰਵ ਵਿੱਚ ਬੇਬੀਲੋਨੀਆ ਨੂੰ ਫ਼ਤਹਿ ਕੀਤਾ ਸੀ। ਉਸ ਨੇ ਫਰਾਖ਼ਦਿਲੀ ਦਾ ਮੁਜ਼ਾਹਰਾ ਕਰਦਿਆਂ ਬੰਦੀ ਬਣਾਏ ਗਏ ਯਹੂਦੀਆਂ ਨੂੰ ਰਿਹਾਅ ਕਰਵਾਇਆ ਸੀ ਜਿਸ ਸਦਕਾ ਉਹ ਯੇਰੂਸ਼ਲਮ ਵਾਪਸ ਆ ਸਕੇ ਸਨ। ਹੁਣ ਢਾਈ ਦਹਿਸਦੀਆਂ ਬਾਅਦ ਦੋਵਾਂ ਦੇ ਵੰਸ਼ਜ ਇੱਕ ਦੂਜੇ ਦੇ ਦੁਸ਼ਮਣ ਬਣ ਗਏ ਹਨ।

1967 ਵਿੱਚ ਸਿਰਫ਼ ਛੇ ਦਿਨ ਜੰਗ ਚੱਲੀ ਸੀ ਜਿਸ ਵਿੱਚ ਇਜ਼ਰਾਈਲ ਨੇ ਪੱਛਮੀ ਕੰਢੇ, ਗੋਲਾਨ ਚੋਟੀਆਂ, ਗਾਜ਼ਾ ਪੱਟੀ ਅਤੇ ਪੂਰਬੀ ਯੇਰੂਸ਼ਲਮ ਉੱਪਰ ਕਬਜ਼ਾ ਕਰ ਲਿਆ ਸੀ। ਸੰਯੁਕਤ ਰਾਸ਼ਟਰ ਸਲਾਮਤੀ ਕੌਂਸਲ ਵੱਲੋਂ ਪਾਸ ਕੀਤੇ ਗਏ 243 ਅਤੇ 338 ਨੰਬਰ ਮਤਿਆਂ ਸਦਕਾ ਕਰੀਬ ਅੱਧੀ ਸਦੀ ਤੱਕ ਸ਼ਾਂਤੀ ਬਣੀ ਰਹੀ ਸੀ। ਸਾਬਕਾ ਅਮਰੀਕੀ ਰਾਸ਼ਟਰਪਤੀ ਜਿਮੀ ਕਾਰਟਰ ਜੋ ਹੁਣੇ ਜਿਹੇ 100 ਸਾਲ ਦੇ ਹੋ ਗਏ ਹਨ, ਨੇ 1978 ਵਿੱਚ ਕੈਂਪ ਡੇਵਿਡ ਸੰਧੀ ਕਰਵਾਈ ਸੀ ਜਿਸ ਨਾਲ ਇਜ਼ਰਾਈਲ ਅਤੇ ਮਿਸਰ ਵਿਚਕਾਰ ਸਬੰਧ ਆਮ ਵਾਂਗ ਹੋ ਗਏ ਸਨ। ਤਿੰਨ ਸਾਲਾਂ ਬਾਅਦ ਮਿਸਰ ਦੇ ਸਦਰ ਅਨਵਰ ਸਾਦਾਤ ਦੀ ਹੱਤਿਆ ਕਰ ਦਿੱਤੀ ਗਈ। ਇਸ ਤੋਂ ਬਾਅਦ 1991 ਵਿੱਚ ਮੈਡਰਿਡ ਸ਼ਾਂਤੀ ਕਾਨਫਰੰਸ ਹੋਈ ਜਿਸ ਸਦਕਾ 1993 ਵਿੱਚ ਇਜ਼ਰਾਇਲੀ ਪ੍ਰਧਾਨ ਮੰਤਰੀ ਯਿਤਜ਼ਾਕ ਰਬੀਨ ਨੇ ਫ਼ਲਸਤੀਨੀ ਆਗੂ ਯਾਸਰ ਅਰਾਫ਼ਾਤ ਨਾਲ ਹੱਥ ਮਿਲਾਏ ਅਤੇ ਓਸਲੋ ਸੰਧੀ ਸਹੀਬੰਦ ਕੀਤੀ ਗਈ।

ਹਾਲਾਂਕਿ ਇੰਝ ਫ਼ਲਸਤੀਨੀ ਕੌਮੀ ਅਥਾਰਿਟੀ ਦੀ ਸਥਾਪਨਾ ਹੋ ਗਈ, ਪਰ ਇਹ ਪੂਰੀ ਤਰ੍ਹਾਂ ਖ਼ੁਦਮੁਖ਼ਤਾਰ ਨਹੀਂ ਸੀ। 1995 ਵਿੱਚ ਪ੍ਰਧਾਨ ਮੰਤਰੀ ਰਬੀਨ ਦੀ ਹੱਤਿਆ ਕਰ ਦਿੱਤੀ ਗਈ ਜਿਸ ਨਾਲ ਸ਼ਾਂਤੀ ਪ੍ਰਕਿਰਿਆ ਨੂੰ ਧੱਕਾ ਲੱਗਿਆ। ਗ਼ੈਰਕਾਨੂੰਨੀ ਇਜ਼ਰਾਇਲੀ ਬਸਤੀਆਂ ਅਤੇ ਨਵੀਆਂ ਚੋਣਾਂ ਕਰਾਉਣ ਜਿਹੇ ਲਟਕਦੇ ਮੁੱਦਿਆਂ ਨੂੰ ਸੁਲਝਾਉਣ ਲਈ ਨਵਾਂ ਸਮਝੌਤਾ ਕਰਨ ਵਾਸਤੇ ਪੰਜ ਸਾਲਾਂ ਲਈ ਫ਼ਲਸਤੀਨੀਆਂ ਦਾ ਸਵੈ-ਸ਼ਾਸਨ ਲਾਗੂ ਕੀਤਾ ਗਿਆ। ਅਗਲੇ ਸਾਲ ਹੀ ਬੈਂਜਾਮਿਨ ਨੇਤਨਯਾਹੂ ਪ੍ਰਧਾਨ ਮੰਤਰੀ ਬਣ ਗਏ ਅਤੇ ਨਾਲ ਹੀ ਅਰਾਫ਼ਾਤ ਦੇ ਫ਼ਤਹਿ ਗਰੁੱਪ ਦੇ ਮੁਕਾਬਲੇ 'ਤੇ ਹਮਾਸ ਦਾ ਉਭਾਰ ਹੋਣ ਨਾਲ ਦੋਵੇਂ ਪਾਸਿਓਂ ਪੁਜ਼ੀਸ਼ਨਾਂ ਸਖ਼ਤ ਹੋਣ ਲੱਗ ਪਈਆਂ।

ਨੇਤਨਯਾਹੂ ਤਿੰਨ ਵਾਰ ਪ੍ਰਧਾਨ ਮੰਤਰੀ ਬਣਿਆ: 1996-99, 2009-21 ਅਤੇ ਦਸੰਬਰ 2022 ਤੋਂ ਲੈ ਕੇ ਹੁਣ ਤੱਕ। ਉਹ ਓਸਲੋ ਸੰਧੀ ਨੂੰ ਦੁਰਕਾਰਦਾ ਰਿਹਾ ਹੈ ਅਤੇ ਫ਼ਲਸਤੀਨੀ ਸਟੇਟ ਨੂੰ ਰੱਦ ਕਰਦਾ ਹੈ। 2005 ਵਿੱਚ ਉਸ ਨੇ ਗਾਜ਼ਾ ਪੱਟੀ 'ਚੋਂ ਇਜ਼ਰਾਇਲੀ ਫ਼ੌਜ ਵਾਪਸ ਬੁਲਾਉਣ ਅਤੇ 8000 ਇਜ਼ਰਾਇਲੀ ਵਸਨੀਕਾਂ ਨੂੰ ਤਬਦੀਲ ਕਰਨ ਦੇ ਮੁੱਦੇ 'ਤੇ ਪ੍ਰਧਾਨ ਮੰਤਰੀ ਏਰੀਅਲ ਸ਼ੈਰੋਨ ਦੀ ਸਰਕਾਰ ਤੋਂ ਅਸਤੀਫ਼ਾ ਦਿੱਤਾ ਸੀ। ਦੇਖਣ ਨੂੰ ਗਾਜ਼ਾ 'ਚੋਂ ਇਜ਼ਰਾਇਲੀ ਫ਼ੌਜ ਦੀ ਵਾਪਸੀ ਇੱਕ ਹਾਂਦਰੂ ਕਦਮ ਜਾਪਦੀ ਸੀ, ਪਰ ਇਸ ਤੋਂ ਬਾਅਦ ਗਾਜ਼ਾ ਦੀ ਘੇਰਾਬੰਦੀ ਸ਼ੁਰੂ ਕਰ ਦਿੱਤੀ ਗਈ ਅਤੇ ਇਸ ਤੱਕ ਆਉਣ ਜਾਣ ਦੇ ਰਸਤੇ, ਇੱਥੋਂ ਤੱਕ ਕਿ ਸਮੁੰਦਰੀ ਕੰਢੇ ਉੱਪਰ ਵੀ ਰੋਕਾਂ ਲਾ ਦਿੱਤੀਆਂ ਗਈਆਂ। ਜਦੋਂ ਗਾਜ਼ਾ ਵਿੱਚ ਹੋਈਆਂ ਚੋਣਾਂ ਵਿੱਚ ਹਮਾਸ ਦੀ ਜਿੱਤ ਹੋ ਗਈ ਤਾਂ ਇਜ਼ਰਾਈਲ ਨੇ ਇਸ ਦਾ ਇਸਤੇਮਾਲ ਕਰਦਿਆਂ ਪੱਛਮੀ ਕੰਢੇ 'ਤੇ ਫ਼ਲਸਤੀਨੀ ਅਥਾਰਿਟੀ ਨੂੰ ਠਿੱਠ ਕੀਤਾ। 2006 ਵਿੱਚ ਪ੍ਰਧਾਨ ਮੰਤਰੀ ਸ਼ੈਰੋਨ ਨੂੰ ਦੌਰਾ ਪੈਣ ਅਤੇ ਉਨ੍ਹਾਂ ਦੇ ਜਾਨਸ਼ੀਨ 'ਤੇ ਭ੍ਰਿਸ਼ਟਾਚਾਰ ਦੇ ਦੋਸ਼ ਆਇਦ ਹੋਣ ਕਰ ਕੇ ਨੇਤਨਯਾਹੂ ਨੇ ਆਪਣੀ ਇਹ ਨੀਤੀ ਖੁੱਲ੍ਹ ਕੇ ਅਮਲ ਵਿੱਚ ਲਿਆਂਦੀ।



ਕੇ ਸੀ ਸਿੰਘ

2001 ਵਿੱਚ ਹੋਏ 9/11 ਹਮਲੇ ਤੋਂ ਬਾਅਦ ਅਮਰੀਕਾ 2003 ਵਿੱਚ ਇਰਾਕ 'ਤੇ ਹਮਲੇ ਵਿੱਚ ਉਲਝ ਗਿਆ ਅਤੇ ਫਿਰ 2011 ਤੋਂ ਲੈ ਕੇ ਅਰਬ ਵਿਦਰੋਹ ਅਤੇ ਸੀਰੀਆ ਦੀ ਖ਼ਾਨਾਜੰਗੀ ਤੋਂ ਲੈ ਕੇ 2014 ਵਿੱਚ ਇਸਲਾਮਿਕ ਖ਼ਿਲਾਫ਼ਤ ਦੇ ਐਲਾਨ ਤੱਕ ਇਸ ਸੰਘਰਸ਼ ਵਿੱਚ ਫਸਿਆ ਰਿਹਾ। ਰਾਸ਼ਟਰਪਤੀ ਬਰਾਕ ਓਬਾਮਾ ਨੇ ਇਰਾਨ ਨਾਲ ਰਾਬਤਾ ਬਣਾ ਕੇ ਇਰਾਨ-ਇਜ਼ਰਾਈਲ ਰਿਸ਼ਤਿਆਂ ਦੀ ਖੜੋਤ ਨੂੰ ਤੋੜਨ ਦਾ ਯਤਨ ਕੀਤਾ ਅਤੇ ਆਖ਼ਰਕਾਰ ਇਰਾਨ ਦੇ ਪ੍ਰਮਾਣੂ ਪ੍ਰੋਗਰਾਮ ਦੀ ਸੁਧਾਈ ਬਾਰੇ ਇੱਕ ਸੰਧੀ ਕਰਾਉਣ ਵਿੱਚ ਕਾਮਯਾਬ ਹੋ ਗਏ। ਪਰ ਰਾਸ਼ਟਰਪਤੀ ਡੋਨਲਡ ਟਰੰਪ ਨੇ ਇਸ ਸੰਧੀ ਨੂੰ ਪੁੱਠਾ ਗੇੜ ਦੇ ਦਿੱਤਾ ਅਤੇ ਬਿਨਾਂ ਕਿਸੇ ਸ਼ਰਤ ਤੋਂ ਅਮਰੀਕੀ ਦੂਤਾਵਾਸ ਯੇਰੂਸ਼ਲਮ ਤਬਦੀਲ ਕਰ ਕੇ ਇਜ਼ਰਾਈਲ ਦੀ ਪਿੱਠ ਥਾਪੜਨੀ ਸ਼ੁਰੂ ਕਰ ਦਿੱਤੀ। ਇਸ ਦੌਰਾਨ, ਭ੍ਰਿਸ਼ਟਾਚਾਰ ਦੇ ਸੰਗੀਨ ਦੋਸ਼ਾਂ ਅਤੇ ਨਿਆਂਪਾਲਿਕਾ ਉੱਪਰ ਸ਼ਿਕੰਜਾ ਕੱਸਣ ਦੇ ਦੋਸ਼ਾਂ ਦੇ ਮੱਦੇਨਜ਼ਰ ਨੇਤਨਯਾਹੂ ਨੂੰ ਸੱਤਾ ਗੁਆਉਣੀ ਪੈ ਗਈ। 2022 ਵਿੱਚ ਉਨ੍ਹਾਂ ਅਤਿ ਦੀਆਂ ਕੱਟੜਪੰਥੀ ਅਤੇ ਅਰਬ ਵਿਰੋਧੀ ਰਾਜਨੀਤੀ ਨਾਲ ਗ੍ਰਸੀਆਂ ਪਾਰਟੀਆਂ ਨਾਲ ਸਮਝੌਤਾ ਕਰ ਕੇ ਮੁੜ ਸੱਤਾ ਹਥਿਆ ਲਈ।

ਮਕਬੂਜ਼ਾ ਪੱਛਮੀ ਕੰਢੇ ਦੇ ਖੇਤਰ ਵਿੱਚ ਗ਼ੈਰਕਾਨੂੰਨੀ ਬਸਤੀਆਂ ਦਾ ਫੈਲਾਅ ਕਈ ਗੁਣਾ ਵਧ ਗਿਆ ਅਤੇ ਫ਼ਲਸਤੀਨੀ ਅਥਾਰਿਟੀ ਨੂੰ ਖੋਰਾ ਲੱਗਦਾ ਚਲਿਆ ਗਿਆ। ਗਾਜ਼ਾ ਨੂੰ ਬੱਝਵੇਂ ਰੂਪ ਵਿੱਚ ਗ਼ੁਲਾਮ ਅਤੇ ਬੰਧਕ ਬਣਾ ਦਿੱਤਾ ਗਿਆ। 7 ਅਕਤੂਬਰ 2023 ਨੂੰ ਸੂਹੀਆ ਤੰਤਰ ਦੇ ਨਾਕਾਮ ਹੋਣ ਕਰ ਕੇ ਹਮਾਸ ਨੇ ਸੁਰੱਖਿਆ ਪੱਟੀ ਤੋੜ ਕੇ ਇਜ਼ਰਾਇਲੀ ਸਿਵਲੀਅਨਾਂ ਅਤੇ ਰੱਖਿਆ ਕਰਮੀਆਂ ਦੀ ਕਤਲੋਗਾਰਤ ਕੀਤੀ ਅਤੇ ਸੈਂਕੜੇ ਬੰਧਕ ਬਣਾ ਲਏ। ਜਵਾਬੀ ਕਾਰਵਾਈ ਕਰਦਿਆਂ ਇਜ਼ਰਾਇਲੀ ਫ਼ੌਜ ਨੇ ਹਵਾਈ ਅਤੇ ਤੋਪਖਾਨੇ ਨਾਲ ਅੰਨ੍ਹੇਵਾਹ ਬੰਬਾਰੀ ਕਰ ਕੇ ਹਜ਼ਾਰਾਂ ਦੀ ਤਾਦਾਦ ਵਿੱਚ ਫ਼ਲਸਤੀਨੀ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਅਤੇ ਲੱਖਾਂ ਲੋਕਾਂ ਨੂੰ ਬੇਘਰ ਕਰ ਦਿੱਤਾ। ਇਸ ਦੇ ਬਾਵਜੂਦ ਉਹ ਹਮਾਸ ਅਤੇ ਹੋਰਨਾਂ ਗਰੁੱਪਾਂ ਵੱਲੋਂ ਬੰਧਕ ਬਣਾਏ ਗਏ ਇਜ਼ਰਾਇਲੀਆਂ ਨੂੰ ਛੁਡਵਾਉਣ ਵਿੱਚ ਕਾਮਯਾਬ ਨਹੀਂ ਹੋ ਸਕੇ।

ਦੂਜੇ ਪਾਸੇ, ਨੇਤਨਯਾਹੂ ਦੀ ਲੋਕਪ੍ਰਿਅਤਾ ਵਧਦੀ ਗਈ। 24 ਜੁਲਾਈ 2024 ਨੂੰ ਉਸ ਨੇ ਅਮਰੀਕੀ ਸੰਸਦ ਦੇ ਦੋਵੇਂ ਸਦਨਾਂ ਦੀ ਬੈਠਕ ਨੂੰ ਸੰਬੋਧਨ ਕੀਤਾ ਹਾਲਾਂਕਿ ਇਸ ਮੌਕੇ ਅੱਧਿਓਂ ਵੱਧ ਡੈਮੋਕਰੈਟਿਕ ਮੈਂਬਰ ਤੇ ਉਪ ਰਾਸ਼ਟਰਪਤੀ ਕਮਲਾ ਹੈਰਿਸ ਗ਼ੈਰਹਾਜ਼ਰ ਰਹੇ। ਉਸ ਸਮੇਂ ਦੋ ਤਿਹਾਈ ਇਜ਼ਰਾਇਲੀ ਨੇਤਨਯਾਹੂ ਦੇ ਅਸਤੀਫ਼ੇ ਦੀ ਮੰਗ ਕਰ ਰਹੇ ਸਨ। ਹਮਾਸ ਅਤੇ ਹਿਜ਼ਬੁੱਲ੍ਹਾ ਖ਼ਿਲਾਫ਼ ਇਜ਼ਰਾਇਲੀ ਹਮਲਿਆਂ ਕਰ ਕੇ ਉਸ ਦੀ ਸੱਤਾ ਬਣੀ ਹੋਈ ਹੈ। ਇੱਕ ਹਫ਼ਤੇ ਬਾਅਦ ਇਜ਼ਰਾਈਲ ਹਮਾਸ ਦੇ ਰਾਜਸੀ ਆਗੂ ਇਸਮਾਈਲ ਹਨੀਆ ਨੂੰ ਤਹਿਰਾਨ ਵਿੱਚ ਮਾਰਨ ਵਿੱਚ ਕਾਮਯਾਬ ਰਿਹਾ। ਇਸ ਤੋਂ ਬਾਅਦ ਲਿਬਨਾਨ ਵਿੱਚ ਪੇਜਰ ਧਮਾਕੇ ਹੋਣ ਨਾਲ ਹਜ਼ਾਰਾਂ ਲੋਕ ਅਤੇ ਹਿਜ਼ਬੁੱਲ੍ਹਾ ਕਾਰਕੁਨ ਜ਼ਖ਼ਮੀ ਹੋ ਗਏ। 27 ਸਤੰਬਰ ਨੂੰ ਇਜ਼ਰਾਈਲ ਦੇ ਇੱਕ ਵੱਡੇ ਹਵਾਈ ਹਮਲੇ ਵਿੱਚ ਹਿਜ਼ਬੁੱਲ੍ਹਾ ਦੇ ਸਿਰਮੌਰ ਆਗੂ ਹਸਨ ਨਸਰੁੱਲ੍ਹਾ ਦੀ ਮੌਤ ਹੋ ਗਈ।

ਪਤਾ ਲੱਗਿਆ ਹੈ ਕਿ ਇਜ਼ਰਾਈਲ ਹਿਜ਼ਬੁੱਲ੍ਹਾ ਵਿੱਚ ਫੈਲੀ ਹਫੜਾ ਦਫੜੀ ਅਤੇ ਇਰਾਨ ਵੱਲੋਂ ਕੀਤੇ ਗਏ ਮਿਜ਼ਾਈਲ ਹਮਲੇ ਕਰ ਕੇ ਕੌਮਾਂਤਰੀ ਹਮਦਰਦੀ ਦੇ ਓਹਲੇ

(ਬਾਕੀ ਅਗਲੇ ਸਫੇ 'ਤੇ)

# ਰਤਨ ਟਾਟਾ ਦਾ ਸਰਕਾਰੀ ਸਨਮਾਨਾਂ ਨਾਲ ਸਸਕਾਰ



ਮੁੰਬਈ- ਦੇਸ਼ ਦੇ ਉੱਘੇ ਸਨਅਤਕਾਰ ਰਤਨ ਟਾਟਾ ਦਾ ਮੁੰਬਈ ਦੇ ਵਰਲੀ ਇਲਾਕੇ ’ਚ ਸਰਕਾਰੀ ਸਨਮਾਨਾਂ ਨਾਲ ਅੰਤਿਮ ਸਸਕਾਰ ਕੀਤਾ ਗਿਆ। ਅੰਤਿਮ ਸਸਕਾਰ ਤੋਂ ਪਹਿਲਾਂ ਮ੍ਰਿਤਕ ਦੇਹ ਸ਼ਮਸ਼ਾਨਘਾਟ ’ਚ ਲਿਆਂਦੇ ਜਾਣ ਮਗਰੋਂ ਮੁੰਬਈ ਪੁਲੀਸ ਦੀ ਟੁਕੜੀ ਵੱਲੋਂ ਟਾਟਾ ਨੂੰ ਸਲਾਮੀ ਦਿੱਤੀ ਗਈ। ਰਤਨ ਟਾਟਾ ਦਾ ਬੁੱਧਵਾਰ ਦੇਰ ਰਾਤ ਮੁੰਬਈ ਦੇ ਬ੍ਰੀਚ ਕੈਂਡੀ ਹਸਪਤਾਲ ’ਚ ਦੇਹਾਂਤ ਹੋ ਗਿਆ ਸੀ, ਜਿੱਥੇ ਉਹ ਕਾਫੀ ਸਮੇਂ ਤੋਂ ਦਾਖਲ ਸਨ।

ਇਸ ਤੋਂ ਪਹਿਲਾਂ ਅੱਜ ਸਵੇਰੇ ਰਤਨ ਟਾਟਾ ਦੀ ਮ੍ਰਿਤਕ ਦੇਹ ਉਨ੍ਹਾਂ ਦੇ ਘਰ ਤੋਂ ਸਫ਼ੈਦ ਫੁੱਲਾਂ ਵਿਚ ਸਜੇ ਵਾਹਨ ਰਾਹੀਂ ਦੱਖਣੀ ਮੁੰਬਈ ਸਥਿਤ ਐੱਨਸੀਪੀਏ (ਨੈਸ਼ਨਲ ਸੈਂਟਰ ਫਾਰ ਪਰਫਾਰਮਿੰਗ ਆਰਟਸ) ਵਿਖੇ ਲਿਜਾਈ ਗਈ। ਇਸ ਮੌਕੇ ਵੱਡੀ ਗਿਣਤੀ ਲੋਕਾਂ ਨੇ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ, ਜਿਨ੍ਹਾਂ ਵਿਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ, ਹੋਰ ਕੇਂਦਰੀ ਤੇ ਸੂਬਾਈ ਆਗੂ, ਸਿਆਸਤਦਾਨ, ਬਾਲੀਵੁੱਡ ਦੇ ਸਿਤਾਰੇ, ਸਨਅਤਕਾਰ, ਵਪਾਰੀ-ਕਾਰੋਬਾਰੀ ਅਤੇ ਸਮਾਜਿਕ ਤੇ ਧਾਰਮਿਕ ਸ਼ਖ਼ਸੀਅਤਾਂ ਸ਼ਾਮਲ ਸਨ।

### ਕੌਣ ਹੋਵੇਗਾ ਰਤਨ ਟਾਟਾ ਦਾ ਉੱਤਰਾਧਿਕਾਰੀ

ਰਤਨ ਟਾਟਾ ਦੇ ਜਾਣ ਤੋਂ ਬਾਅਦ ਟਾਟਾ ਗਰੁੱਪ ਦੀ ਜ਼ਿੰਮੇਵਾਰੀ ਕਿਸ ਦੇ ਮੋਢਿਆਂ 'ਤੇ ਹੋਵੇਗੀ, ਇਸ 'ਚ ਕਈ ਨਾਂ ਸ਼ਾਮਲ ਹਨ। ਰਤਨ ਟਾਟਾ ਦੇ ਮਤਰੇਏ ਭਰਾ ਨੋਇਲ ਟਾਟਾ ਸਭ ਤੋਂ ਅੱਗੇ ਹਨ। ਟਾਟਾ ਸਮੂਹ ਦੀ ਜ਼ਿੰਮੇਵਾਰੀ ਸਿਰਫ਼ ਨੋਇਲ ਟਾਟਾ 'ਤੇ ਹੀ ਨਹੀਂ, ਸਗੋਂ ਟਾਟਾ ਦੀ ਨਵੀਂ ਪੀੜ੍ਹੀ ਦੇ ਮੋਢਿਆਂ 'ਤੇ ਹੋਵੇਗੀ। ਟਾਟਾ ਦੀ ਨਵੀਂ ਪੀੜ੍ਹੀ ਵਿੱਚ ਲੀਹ, ਮਾਇਆ ਅਤੇ ਨੇਵਿਲ ਸ਼ਾਮਲ ਹਨ - ਰਤਨ ਟਾਟਾ ਦੇ ਮਤਰੇਏ ਭਰਾ ਨੋਇਲ ਨੇਵਲ ਟਾਟਾ ਦੇ ਬੱਚੇ। ਉਹ ਟਾਟਾ ਸਮੂਹ ਦੇ ਅੰਦਰ ਆਪਣੀ ਪਛਾਣ ਬਣਾਉਣਾ ਜਾਰੀ ਰੱਖਦੇ ਹਨ।

ਲੀਆ ਟਾਟਾ ਗਰੁੱਪ 'ਚ ਸੀਨੀਅਰ ਅਹੁਦੇ 'ਤੇ ਹਨ। ਸਭ ਤੋਂ ਵੱਡੀ, ਲੀਆ ਟਾਟਾ ਨੇ ਮੈਡ੍ਰਿਡ, ਸਪੇਨ ਦੇ ਬਿਜ਼ਨੈੱਸ ਸਕੂਲ ਤੋਂ ਮਾਰਕੀਟਿੰਗ ਵਿੱਚ ਮਾਸਟਰ ਡਿਗਰੀ ਪ੍ਰਾਪਤ ਕੀਤੀ ਹੈ। ਉਹ 2006 ਵਿੱਚ ਤਾਜ ਹੋਟਲਜ਼ ਰਿਜ਼ੋਰਟਜ਼ ਅਤੇ ਪੈਲੇਸ ਵਿੱਚ ਸਹਾਇਕ ਸੇਲਜ਼ ਮੈਨੇਜਰ ਵਜੋਂ ਟਾਟਾ ਸਮੂਹ ਵਿੱਚ ਸ਼ਾਮਲ ਹੋਈ ਅਤੇ ਹੁਣ ਵੱਖ-ਵੱਖ ਭੂਮਿਕਾਵਾਂ ਵਿੱਚ ਅੱਗੇ ਵਧਦੇ ਹੋਏ, ਦਿ ਇੰਡੀਅਨ ਹੋਟਲਜ਼ ਕੰਪਨੀ ਲਿਮਟਿਡ (ਿਢ) ਵਿੱਚ ਉਪ ਪ੍ਰਧਾਨ ਵਜੋਂ ਕੰਮ ਕਰਦੀ ਹੈ।

ਮਾਇਆ ਟਾਟਾ ਅਤੇ ਨੇਵਿਲ ਵੀ ਉਤਰਾਧਿਕਾਰੀ ਦੀ ਦੌੜ ਵਿੱਚ ਹਨ- ਛੋਟੀ ਧੀ ਮਾਇਆ ਟਾਟਾ ਨੇ ਗਰੁੱਪ ਦੀ ਪ੍ਰਮੁੱਖ ਵਿੱਤੀ ਸੇਵਾ ਕੰਪਨੀ ਵਿੱਚ ਇੱਕ ਵਿਸ਼ਲੇਸ਼ਕ ਵਜੋਂ ਟਾਟਾ ਕੈਪੀਟਲ ਵਿੱਚ ਆਪਣਾ ਕਰੀਅਰ ਸ਼ੁਰੂ ਕੀਤਾ ਹੈ। ਉੱਥੇ ਰਹਿੰਦਿਆਂ, ਉਸਦੇ ਭਰਾ ਨੇਵਿਲ ਟਾਟਾ ਨੇ ਟ੍ਰੇਂਟ ਤੋਂ ਆਪਣੀ ਪੇਸ਼ੇਵਰ ਯਾਤਰਾ ਸ਼ੁਰੂ ਕੀਤੀ, ਜਿਸ ਪ੍ਰਚੂਨ ਲੜੀ ਨੂੰ ਉਹਨਾਂ ਦੇ ਪਿਤਾ ਨੇ ਬਣਾਉਣ ਵਿੱਚ ਮਦਦ ਕੀਤੀ ਸੀ। ਨੇਵਿਲ ਦਾ ਵਿਆਹ ਮਾਨਸੀ ਕਿਰਲੋਸਕਰ ਨਾਲ ਹੋਇਆ ਹੈ, ਜੋ ਟੋਇਟਾ ਕਿਰਲੋਸਕਰ ਗਰੁੱਪ ਦੀ ਵਾਰਸ ਹੈ।

# ਫਲੋਰਿਡਾ ਤੱਟ ਨਾਲ ਟਕਰਾਇਆ ਮਿਲਟਨ ਤੂਫ਼ਾਨ, 4 ਮੌਤਾਂ, 32 ਲੱਖ ਤੋਂ ਵੱਧ ਲੋਕ ਹਨੇਰੇ 'ਚ

ਟੈਂਪਾ- ਫਲੋਰਿਡਾ ਵਿਚ ਮਿਲਟਨ ਤੂਫ਼ਾਨ ਕਾਰਨ ਤੇਜ਼ ਹਵਾਵਾਂ ਦੇ ਨਾਲ ਬਾਰਿਸ਼ ਪਈ। ਕੁਝ ਹਿੱਸਿਆਂ ਵਿਚ 18 ਇੰਚ ਤੱਕ ਬਾਰਸ਼ ਪਈ ਹੈ। ਇਸ ਦੌਰਾਨ ਚਾਰ ਵਿਅਕਤੀਆਂ ਦੀ ਮੌਤ ਹੋ ਗਈ ਹੈ। ਤੂਫ਼ਾਨ ਕਰ ਕੇ ਫਲੋਰਿਡਾ ਦੇ ਵੱਡੇ ਹਿੱਸੇ ਵਿਚ ਬਿਜਲੀ ਗੁਲ ਹੋ ਗਈ ਹੈ। 32 ਲੱਖ ਤੋਂ ਵੱਧ ਲੋਕ ਹਨੇਰੇ ਵਿਚ ਰਹਿਣ ਲਈ ਮਜਬੂਰ ਹਨ। 10 ਲੱਖ ਤੋਂ ਵੱਧ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਜਾਣ ਲਈ ਕਿਹਾ ਗਿਆ ਹੈ। ਟੈਂਪਾ ਤੇ ਸੇਂਟ ਪੀਟਰਸਬਰਗ ਵਿਚ 60 ਫ਼ੀਸਦ ਤੋਂ ਵੱਧ ਗੈਸ ਸਟੇਸ਼ਨਾਂ ਵਿਚ ਬੁੱਧਵਾਰ ਰਾਤ ਨੂੰ ਗੈਸ ਖ਼ਤਮ ਹੋ ਗਈ ਸੀ।

ਤੂਫ਼ਾਨ ਕਾਰਨ 135 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਚੱਲੀਆਂ ਤੇਜ਼ ਹਵਾਵਾਂ ਕਾਰਨ ਜਨਤਕ ਜੀਵਨ 'ਤੇ ਬੁਰਾ ਅਸਰ ਪਿਆ ਹੈ। ਹੈਲੇਨ ਤੂਫ਼ਾਨ ਦੇ ਤਬਾਹੀ ਮਚਾਉਣ ਮਗਰੋਂ ਦੋ ਹਫ਼ਤਿਆਂ ਤੋਂ ਵੀ ਘੱਟ ਸਮੇਂ ਮਗਰੋਂ ਆਏ ਇਸ ਤੂਫ਼ਾਨ ਨਾਲ ਜਨਤਾ ਦੀਆਂ ਮੁਸੀਬਤਾਂ ਵੱਧ ਗਈਆਂ ਹਨ। ਫਲੋਰਿਡਾ ਵਿਚ ਤਬਾਹੀ



ਮਚਾਉਣ ਮਗਰੋਂ ਤੂਫ਼ਾਨ ਮਿਲਟਨ ਵੀਰਵਾਰ ਨੂੰ ਅਟਲਾਂਟਿਕ ਮਹਾਸਾਗਰ ਵਿਚ ਪ੍ਰਵੇਸ਼ ਕਰ ਗਿਆ।

ਗਵਰਨਰ ਰੌਨ ਡੈਂਸੇਟਿਸ ਨੇ ਕਿਹਾ ਹੈ ਕਿ ਤੂਫ਼ਾਨ ਕਾਰਨ ਕਾਫ਼ੀ ਨੁਕਸਾਨ ਹੋਇਆ ਹੈ। ਖੇਤਰ ਵਿਚ ਹਾਲੇ ਵੀ ਹੰਗਾਮੀ ਸਥਿਤੀ ਹੈ। ਅਧਿਕਾਰੀਆਂ ਨੇ ਕਿਹਾ ਕਿ ਖ਼ਤਰਾ ਹਾਲੇ ਵੀ ਬਣਿਆ ਹੋਇਆ ਹੈ। ਅਧਿਕਾਰੀਆਂ ਨੇ ਲੋਕਾਂ ਨੂੰ ਘਰਾਂ ਵਿਚ ਰਹਿਣ ਦੀ ਤਾਕੀਦ ਕੀਤੀ ਹੈ। ਸੇਂਟ ਪੀਟਰਸਬਰਗ ਵਿਚ ਪਾਣੀ ਦੀ ਮੁੱਖ ਲਾਈਨ ਟੁੱਟਣ ਕਰ ਕੇ ਸ਼ਹਿਰ ਵਿਚ ਸੇਵਾ ਬੰਦ ਕਰ ਦਿੱਤੀ ਗਈ ਸੀ। ਨਿਵਾਸੀਆਂ ਨੂੰ ਘਰਾਂ ਵਿਚ ਟੂਟੀਆਂ ਜ਼ਰੀਏ ਪਾਣੀ ਮੁਹੱਈਆ ਨਹੀਂ ਹੋ ਰਿਹਾ ਹੈ। ਮੇਅਰ ਕੇਨ ਵੇਲਚ ਨੇ ਲੰਮੇਂ ਸਮੇਂ ਤੱਕ ਬਿਜਲੀ ਕਟੌਤੀ ਤੇ ਸੀਵਰ ਪ੍ਰਣਾਲੀ ਦੇ ਬੰਦ ਹੋਣ ਦਾ ਖ਼ਦਸ਼ਾ ਜ਼ਾਹਰ ਕੀਤਾ ਹੈ।

ਟੈਂਪਾ ਦੇ ਪਲਾਂਟ ਸਿਟੀ ਵਿਚ 13.5 ਇੰਚ (34 ਸੈਂਟੀਮੀਟਰ) ਤੱਕ ਬਾਰਸ਼ ਪਈ ਹੈ। ਇਸ ਨਾਲ ਕਈ ਥਾਵਾਂ 'ਤੇ ਹੜ੍ਹ ਆ ਗਿਆ ਹੈ। ਐਮਰਜੈਂਸੀ ਮੁਲਾਜ਼ਮਾਂ ਨੇ ਪੂਰੀ ਰਾਤ ਯਤਨ ਕੀਤੇ ਤੇ 35 ਜਣੇ ਬਚਾਅ ਲਏ ਹਨ। ਫਲੋਰਿਡਾ ਦੇ ਅਟਲਾਂਟਿਕ ਤੱਟ 'ਤੇ ਫੋਰਟ ਪਿਅਰਸ ਲਾਗੇ ਸਪੈਨਿਸ਼ ਲੇਕਸ ਕੰਟਰੀ ਕਲੱਬ ਨੂੰ ਵਿਸ਼ੇਸ਼ ਤੌਰ 'ਤੇ ਭਾਰੀ ਨੁਕਸਾਨ ਪੁੱਜਾ ਹੈ, ਜਿਨ੍ਹਾਂ ਕਰ ਕੇ ਕਈ ਘਰ ਤਬਾਹ ਹੋ ਗਏ ਹਨ।

# ਮੁੱਖ ਸਕੱਤਰ ਬਦਲਣ ਬਾਅਦ ਪੁਲਿਸ ਪ੍ਰਸ਼ਾਸਨ 'ਚ ਫੇਰਬਦਲ ਕਰ ਸਕਦੀ ਹੈ ਭਗਵੰਤ ਮਾਨ ਦੀ ਸਰਕਾਰ

ਚੰਡੀਗੜ੍ਹ- ਪੰਜਾਬ ਦੇ ਨਵੇਂ ਬਣੇ ਮੁੱਖ ਸਕੱਤਰ ਕੇ.ਏ.ਪੀ ਸਿਨਹਾ ਦੇ ਵੀਰਵਾਰ ਨੂੰ ਅਹੁਦਾ ਸੰਭਾਲਣ ਬਾਅਦ ਸਿਵਲ ਤੇ ਪੁਲਿਸ ਪ੍ਰਸ਼ਾਸਨ ਵਿਚ ਫੇਰਬਦਲ ਹੋਣ ਦੀਆਂ ਚਰਚਾਵਾਂ ਨੇ ਜ਼ੋਰ ਫੜ੍ਹ ਲਿਆ ਹੈ। ਵੀਰਵਾਰ ਨੂੰ ਸਕੱਤਰੇਤ ਦੇ ਗਲਿਆਰਿਆਂ ਵਿਚ ਇਹ ਚਰਚਾ ਜ਼ੋਰਾਂ 'ਤੇ ਰਹੀ ਕਿ ਆਗਾਮੀ ਦਿਨਾਂ ਵਿਚ ਪੰਜਾਬ ਪੁਲਿਸ ਵਿਚ ਵੱਡੇ ਪੱਧਰ 'ਤੇ ਫੇਰਬਦਲ ਹੋਵੇਗਾ ਕਿਉਂਕਿ ਆਮ ਆਦਮੀ ਪਾਰਟੀ ਦੀ ਲੀਡਰਸ਼ਿਪ ਪੁਲਿਸ ਪ੍ਰਸ਼ਾਸਨ ਦੇ ਰਵੱਈਏ ਦੀਆਂ ਮਿਲ ਰਹੀਆਂ ਸ਼ਿਕਾਇਤਾਂ ਅਤੇ ਸੂਬੇ ਵਿਚ ਵਿਗੜ ਰਹੀ ਅਮਨ ਕਾਨੂੰਨ ਦੀ ਸਥਿਤੀ ਤੋਂ ਕਾਫ਼ੀ ਚਿੰਤਤ ਹੈ। ਇਨ੍ਹਾਂ ਅਟਕਲਾਂ ਨੇ ਜ਼ੋਰ ਫੜਿਆ ਹੋਇਆ ਹੈ ਕਿ ਆਗਾਮੀ ਦਿਨਾਂ ਵਿਚ ਪੁਲਿਸ ਤੇ ਸਿਵਿਲ ਪ੍ਰਸ਼ਾਸਨ ਵਿਚ ਫੇਰਬਦਲ ਹੋਣਾ ਤੈਅ ਹੈ। ਪੰਚਾਇਤੀ ਚੋਣਾਂ ਤੋਂ ਬਾਅਦ ਹੇਠਲੇ ਪੱਧਰ 'ਤੇ ਵੀ ਤਬਦੀਲੀ ਦੇਖਣ ਨੂੰ ਮਿਲੇਗੀ।

ਜਾਣਕਾਰੀ ਅਨੁਸਾਰ ਪਾਰਟੀ ਹਾਈਕਮਾਨ ਨੂੰ ਰਿਪੋਰਟਾਂ ਮਿਲੀਆਂ ਹਨ ਕਿ ਜਿਹੜੇ ਵਾਅਦਿਆਂ ਤੇ ਗਰੰਟੀਆਂ ਨਾਲ ਪਾਰਟੀ ਨੇ ਸੱਤਾ ਹਾਸਲ ਕੀਤੀ ਸੀ, ਉਹ ਵਾਅਦੇ ਪੂਰੇ ਨਾ ਹੋਣ ਕਰਕੇ ਸੋਸ਼ਲ ਮੀਡੀਆ 'ਚ ਪਾਰਟੀ ਦੀ ਕਿਰਕਿਰੀ ਹੋ ਰਹੀ ਹੈ, ਉਥੇ ਲੋਕਾਂ ਵਿਚ ਨਿਰਾਸ਼ਾ ਪਾਈ ਜਾ ਰਹੀ ਹੈ। ਇਸ ਕਰਕੇ ਪਾਰਟੀ ਨੇ ਪਹਿਲਾਂ ਚਾਰ ਮੰਤਰੀਆਂ ਦਾ ਪੱਤਾ ਕੱਟਦੇ ਹੋਏ ਪੰਜ ਨਵੇਂ ਮੰਤਰੀਆਂ ਨੂੰ ਮੰਤਰੀ ਮੰਡਲ ਵਿਚ ਸ਼ਾਮਲ ਕੀਤਾ ਉਥੇ ਮੁੱਖ ਮੰਤਰੀ ਦੀ ਮੀਡੀਆ ਟੀਮ ਵਿਚ ਸ਼ਾਮਲ ਤਿੰਨ ਵਿਅਕਤੀਆਂ ਨੂੰ ਹਟਾ ਦਿੱਤਾ ਗਿਆ।

ਇਨ੍ਹਾਂ ਤਬਦੀਲੀਆਂ ਨਾਲ ਆਮ ਆਦਮੀ ਪਾਰਟੀ ਵੱਡਾ ਸੰਦੇਸ਼ ਦੇਣਾ ਚਾਹੁੰਦੀ ਹੈ ਕਿ ਕਿਸੇ ਵੀ ਸਮੇਂ ਕਿਸੇ ਦੀ ਵੀ ਛੁੱਟੀ ਕੀਤੀ ਜਾ ਸਕਦੀ ਹੈ। ਪੰਜਾਬ ਦੇ ਮੁੱਖ ਸਕੱਤਰ ਅਨੁਰਾਗ ਵਰਮਾ ਦੀ ਛੁੱਟੀ ਕਰਕੇ ਅਫ਼ਸਰਸ਼ਾਹੀ ਨੂੰ ਇਹ ਸੰਦੇਸ਼ ਦਿੱਤਾ ਹੈ ਕਿ ਕੰਮ ਨਾ ਕਰਨ ਵਾਲੇ ਕਿਸੇ ਵੀ ਅਧਿਕਾਰੀ ਨੂੰ ਕਦੇ ਵੀ ਬਦਲਿਆ ਸਕਦਾ ਹੈ। ਇਸੇ ਤਰ੍ਹਾਂ ਮੰਤਰੀਆਂ ਦੀ ਛੁੱਟੀ ਕਰਕੇ ਲੀਡਰਸ਼ਿਪ ਵਿਚ ਸੰਦੇਸ਼ ਦਿੱਤਾ ਹੈ ਕਿ ਪਾਰਟੀ ਵਿਚ ਲੀਡਰਸ਼ਿਪ ਵਿਚ ਕਦੇ ਵੀ ਬਦਲਾਅ ਸੰਭਵ ਹੈ।

ਚਰਚਾ ਹੈ ਕਿ ਪਾਰਟੀ ਦੇ ਵਿਧਾਇਕ ਸ਼ਿਕਾਇਤਾਂ ਕਰਦੇ ਆ ਰਹੇ ਹਨ ਕਿ ਸਰਕਾਰ ਵਿਚ ਕੋਈ ਸੁਣਵਾਈ ਨਹੀਂ ਹੋ ਰਹੀ। ਲੋਕ ਸਭਾ ਦੀਆਂ ਚੋਣਾਂ ਦੌਰਾਨ ਵੀ ਇਹ ਸ਼ਿਕਾਇਤਾਂ ਸਾਹਮਣੇ ਆਈਆਂ ਸਨ ਤਾਂ ਮੁੱਖ ਮੰਤਰੀ ਨੇ ਵਿਧਾਇਕਾਂ ਨਾਲ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ ਕੀਤਾ ਪਰ ਕੁਝ ਸਮੇਂ ਬਾਅਦ ਇਹ ਦੌਰ ਬੰਦ ਹੋ ਗਿਆ। ਵਿਧਾਇਕਾਂ ਅਤੇ ਆਪ ਆਗੂਆਂ ਨੇ ਵੱਡਾ ਨਜ਼ਲਾ ਸੂਬੇ ਦੀ ਅਫ਼ਸਰਸ਼ਾਹੀ 'ਤੇ ਗਿਰਾਇਆ ਸੀ ਕਿ ਕੰਮ ਤਾਂ ਦੂਰ ਦੀ ਗੱਲ ਕਈ ਅਫ਼ਸਰ ਤਾਂ ਵਿਧਾਇਕਾਂ ਤੇ ਆਪ ਆਗੂਆਂ ਦੇ ਫੋਨ ਤੱਕ ਨਹੀਂ ਚੁੱਕਦੇ। ਆਪ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਤੇ ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਤੇ ਰਾਜ ਸਭਾ ਮੈਂਬਰ ਸੰਜੇ ਸਿੰਘ ਸਮੇਤ ਕਈ ਆਗੂਆਂ ਦੇ ਜੇਲ ਵਿਚ ਹੋਣ ਕਾਰਨ ਲੀਡਰਸ਼ਿਪ ਵਿਚ ਖਲਾਅ ਪੈਦਾ ਹੋ ਗਿਆ ਸੀ ਤੇ ਵਰਕਰ ਬਹੁਤ ਜ਼ਿਆਦਾ ਨਿਰਾਸ਼ਾ ਦੇ ਆਲਮ ਵਿਚ ਚਲੇ ਗਏ ਸਨ। ਮੁਖ ਸਕੱਤਰ ਤੇ ਕੈਬਨਿਟ ਮੰਤਰੀ ਬਦਲਕੇ ਪਾਰਟੀ ਹਾਈਕਮਾਨ ਨੇ ਵਰਕਰਾਂ ਨੂੰ ਨਿਰਾਸ਼ਾ ਦੇ ਆਲਮ ਵਿਚੋਂ ਕੱਢਣ ਦਾ ਯਤਨ ਕੀਤਾ ਹੈ। ਹੁਣ ਕੇਜਰੀਵਾਲ ਦੇ ਜੇਲ੍ਹ ਵਿਚੋਂ ਬਾਹਰ ਆਉਣ ਬਾਅਦ ਪੰਜਾਬ ਵਿਚ ਹਰ ਪੱਧਰ 'ਤੇ ਤਬਦੀਲੀਆਂ ਕੀਤੀਆਂ ਜਾ ਰਹੀਆਂ ਹਨ। ਮੁੱਖ ਸਕੱਤਰ ਅਨੁਰਾਗ ਵਰਮਾ ਨੂੰ ਹਟਾਏ ਜਾਣ ਤੋਂ ਬਾਅਦ ਹਰ ਅਧਿਕਾਰੀ ਇੱਕ ਦੂਜੇ ਤੋਂ ਇਹੀ ਪੁੱਛ ਰਿਹਾ ਹੈ ਕਿ ਕੀ ਡੀਜੀਪੀ ਨੂੰ ਵੀ ਬਦਲਿਆ ਜਾ ਰਿਹਾ ਹੈ? ਇਸ ਵੇਲੇ ਗੌਰਵ ਯਾਦਵ ਕਾਰਜਕਾਰੀ ਡੀਜੀਪੀ ਹਨ ਤੇ ਉਹਨਾਂ ਨੂੰ ਰੈਗੂਲਰ ਨਹੀਂ ਕੀਤਾ ਗਿਆ ਕਿਉਂਕਿ ਕਈ ਅਧਿਕਾਰੀ ਉਨ੍ਹਾਂ ਤੋਂ ਸੀਨੀਅਰ ਹਨ। ਗ੍ਰਹਿ ਮੰਤਰਾਲੇ ਨੇ ਪੰਜਾਬ ਸਰਕਾਰ ਨੂੰ ਦੋ ਵਾਰ ਪੱਤਰ ਲਿਖ ਕੇ ਪੁੱਛਿਆ ਹੈ ਕਿ ਪੰਜਾਬ ਵਰਗੇ ਸਰਹੱਦੀ ਸੂਬੇ ਵਿਚ ਰੈਗੂਲਰ ਡੀਜੀਪੀ ਦੀ ਨਿਯੁਕਤੀ ਕਿਉਂ ਨਹੀਂ ਕੀਤੀ ਜਾ ਰਹੀ, ਅਜਿਹੇ ਵਿਚ ਜੇਕਰ ਡੀਜੀਪੀ ਨੂੰ ਹਟਾ ਦਿੱਤਾ ਜਾਂਦਾ ਹੈ ਤਾਂ ਉਸ ਦੇ ਕੇਂਦਰ ਵਿੱਚ ਜਾਣ ਦੀ ਸੰਭਾਵਨਾ ਵੱਧ ਜਾਂਦੀ ਹੈ।

# ਇਰਾਨ-ਇਜ਼ਰਾਈਲ ਟਕਰਾਅ ਦੀ ਦਸ਼ਾ ਤੇ ਦਿਸ਼ਾ

(ਸਫਾ 2 ਦੀ ਬਾਕੀ)

ਵਿੱਚ ਇਰਾਨ ਦੇ ਪ੍ਰਮਾਣੂ ਕੇਂਦਰਾਂ ਨੂੰ ਨਸ਼ਟ ਕਰ ਕੇ ਉਸ ਦੇ ਬੁਨਿਆਦੀ ਢਾਂਚੇ ਨੂੰ ਭਾਰੀ ਸੱਟ ਮਾਰਨੀ ਚਾਹੁੰਦਾ ਹੈ। ਉਸ ਦਾ ਇਹ ਵੀ ਇਰਾਦਾ ਹੈ ਕਿ ਇਸਲਾਮਿਕ ਸਰਕਾਰ ਖਿਲਾਫ਼ ਜਨਤਕ ਵਿਦਰੋਹ ਖੜ੍ਹਾ ਕੀਤਾ ਜਾਵੇ। ਇਜ਼ਰਾਇਲੀ ਦਸਤੇ ਪਹਿਲਾਂ ਹੀ ਦੱਖਣੀ ਲਿਬਨਾਨ ਵਿੱਚ ਹਿਜ਼ਬੁੱਲ੍ਹਾ ਗੁਰੀਲਿਆਂ ਨੂੰ ਲਿਤਾਨੀ ਦਰਿਆ ਦੇ ਉੱਤਰ ਵੱਲ ਧੱਕ ਰਹੇ ਹਨ।


ਹਮਾਸ ਤੇ ਹਿਜ਼ਬੁੱਲ੍ਹਾ ਦੇ ਚੋਟੀ ਦੇ ਆਗੂਆਂ ਦੀ ਹੱਤਿਆ ਨੇ ਨੇਤਨਯਾਹੂ ਦੀ ਲੋਕਪ੍ਰਿਅਤਾ 'ਚ ਵਾਧਾ ਕੀਤਾ ਹੋਵੇਗਾ ਅਤੇ ਇਜ਼ਰਾਇਲੀ ਖ਼ੁਫ਼ੀਆ ਤੰਤਰ ਦੀ ਸਾਖ ਨੂੰ ਵੀ ਮੁੜ ਇੱਕ ਮੁਕਾਮ ਦਿੱਤਾ ਹੋਵੇਗਾ। ਹਾਲਾਂਕਿ, ਇਸ ਨੇ ਖੇਤਰ ਨੂੰ ਸੰਕਟ ਵਿੱਚ ਪਾ ਦਿੱਤਾ ਹੈ ਜੋ ਕਿ ਤੇਜ਼ੀ ਨਾਲ ਵਿਆਪਕ ਟਕਰਾਅ ਦਾ ਰੂਪ ਲੈ ਸਕਦਾ ਹੈ।

ਜੇ ਹਮਲਾ ਹੋਇਆ ਤਾਂ ਇਰਾਨੀ ਲੋਕ ਸਰਕਾਰ ਦੇ ਹੱਕ ਵਿੱਚ ਡਟਣਗੇ ਤੇ ਇਸ ਨੂੰ ਚੁਣੌਤੀ ਨਹੀਂ ਦੇਣਗੇ। ਕੁਰਬਾਨੀ ਦੇਣਾ ਸ਼ੀਆ ਭਾਈਚਾਰੇ ਦਾ ਇਤਿਹਾਸ ਹੈ ਜੋ ਪੈਗ਼ੰਬਰ ਮੁਹੰਮਦ ਦੇ ਦੋਹਤਿਆਂ ਦੇ ਸਮਿਆਂ ਨਾਲ ਜਾ ਜੁੜਦਾ ਹੈ। ਕਰੀਬ 8.8 ਕਰੋੜ ਦੀ ਆਬਾਦੀ ਵਾਲੇ ਮੁਲਕ ਵਿੱਚ ਇਸ ਤਰ੍ਹਾਂ ਦੇ ਸੁਭਾਅ ਨਾਲ ਖਹਿਣਾ ਖ਼ਤਰਨਾਕ ਗੱਲ ਹੈ ਜੋ ਆਪਣੇ ਸ਼ਾਨਦਾਰ ਅਤੀਤ ਪ੍ਰਤੀ ਗਹਿਰੀ ਸ਼ਰਧਾ ਰੱਖਦਾ ਹੈ। ਸ਼ੀਆ ਮੁਸਲਮਾਨਾਂ ਦਾ ਦਾਇਰਾ ਅੱਜ ਇਰਾਨ ਤੋਂ ਲੈ ਕੇ ਭੂ-ਮੱਧ ਸਾਗਰ ਤੱਕ ਹੈ, ਨਿਰਾ ਐਕਮੇਨਿਦ ਸਾਮਰਾਜ ਵਰਗਾ। ਇਰਾਨ ਨੇ ਪ੍ਰਤੱਖ ਤੌਰ 'ਤੇ ਚਿਤਾਵਨੀ ਦਿੱਤੀ ਹੈ ਕਿ ਇਸ ਦੇ ਤੇਲ ਢਾਂਚਿਆਂ 'ਤੇ ਹਮਲੇ ਦਾ ਜਵਾਬ ਖਾੜੀ 'ਚ ਅਮਰੀਕਾ ਦੇ ਸਾਥੀਆਂ ਦੇ ਇਸੇ ਤਰ੍ਹਾਂ ਦੇ ਟਿਕਾਣਿਆਂ ਉੱਤੇ ਹਮਲਾ ਕਰ ਕੇ ਦਿੱਤਾ ਜਾਵੇਗਾ। ਕਿਸੇ ਵੀ ਪੱਖ ਤੋਂ, ਇਰਾਨ ਕੋਲ ਹੋਰਮੂਜ਼ ਜਲਮਾਰਗ ਰਾਹੀਂ ਹੋਣ ਵਾਲੀ ਜਹਾਜ਼ੀ ਆਵਾਜਾਈ ਬੰਦ ਕਰਨ ਦੀ ਫ਼ੌਜੀ ਸਮਰੱਥਾ ਤਾਂ ਮੌਜੂਦ ਹੈ ਹੀ। ਤੇਲ ਸਪਲਾਈ 'ਚ ਪੈਣ ਵਾਲਾ ਵਿਘਨ ਆਲਮੀ ਅਰਥਚਾਰੇ ਲਈ ਘਾਤਕ ਹੋਵੇਗਾ।

ਤਿੰਨ ਸੰਭਾਵੀ ਬਿਰਤਾਂਤ ਹਨ। ਪਹਿਲਾ, ਕੁਝ ਇਰਾਨੀ ਸੈਨਿਕ ਟਿਕਾਣਿਆਂ 'ਤੇ ਅਨੁਮਾਨਿਤ ਇਜ਼ਰਾਇਲੀ ਹਵਾਈ ਹਮਲਾ। ਦੂਜਾ, ਇਰਾਨੀਆਂ ਦੀ ਪਰਮਾਣੂ ਸਮਰੱਥਾ ਦਾ ਨੁਕਸਾਨ ਕਰਨ ਲਈ ਹਮਲਾ। ਤੀਜਾ, ਇਰਾਨੀ ਤੇਲ, ਪਰਮਾਣੂ ਤੇ ਬੰਦਰਗਾਹ ਢਾਂਚੇ ਦਾ ਨੁਕਸਾਨ ਕਰਨ ਲਈ ਇੱਕ ਸੰਪੂਰਨ ਹੱਲਾ। ਅਮਰੀਕਾ ਬੇਸ਼ੱਕ ਇਜ਼ਰਾਇਲ ਨੂੰ ਪਹਿਲੀ ਤਰ੍ਹਾਂ ਦੇ ਹਮਲੇ ਤੱਕ ਸੀਮਤ ਕਰਨ ਲਈ ਕੰਮ ਕਰ ਰਿਹਾ ਹੋਵੇਗਾ। ਭਾਵੇਂ ਯੂਏਈ ਤੇ ਸਾਊਦੀ ਅਰਬ ਇਰਾਨ ਦਾ ਨੁਕਸਾਨ ਦੇਖ ਕੇ ਖੁਸ਼ ਹੋਣਗੇ, ਪਰ ਉਹ ਇਹ ਬਿਲਕੁਲ ਨਹੀਂ ਚਾਹੁਣਗੇ ਕਿ ਇਰਾਨ ਇਜ਼ਰਾਈਲ ਤੇ ਉਸ ਦੇ ਸਾਥੀਆਂ ਵਿਰੁੱਧ ਮੁਕੰਮਲ ਹੱਲਾ ਬੋਲਣ ਲਈ ਭੜਕ ਜਾਵੇ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੇ ਇਜ਼ਰਾਇਲੀ ਹਮਰੁਤਬਾ ਨੇਤਨਯਾਹੂ ਨਾਲ ਫੋਨ 'ਤੇ ਗੱਲਬਾਤ ਕਰ ਕੇ ਅਤਿਵਾਦ ਨੂੰ ਭੰਡਿਆ ਹੈ, ਪਰ ਨਾਲ ਹੀ ਸ਼ਾਂਤੀ ਦਾ ਸੁਝਾਅ ਵੀ ਦਿੱਤਾ ਹੈ। ਅਮਰੀਕਾ ਤੇ ਇਜ਼ਰਾਈਲ ਜਿਨ੍ਹਾਂ ਨੂੰ 'ਅਤਿਵਾਦੀ' ਦੱਸ ਰਿਹਾ ਹੈ, ਉਹ ਹਮਾਸ ਤੇ ਹਿਜ਼ਬੁੱਲ੍ਹਾ ਦੇ ਕਤਲ ਕੀਤੇ ਗਏ ਆਗੂ ਹਨ। ਜਾਪਦਾ ਹੈ ਕਿ ਭਾਰਤ ਇਰਾਨ ਦੇ ਖ਼ਿਲਾਫ਼ ਭੁਗਤ ਰਿਹਾ ਹੈ। ਅਤੀਤ ਵਿੱਚ ਪੱਛਮੀ ਏਸ਼ੀਆ 'ਚ ਹੋਈਆਂ ਲੜਾਈਆਂ 'ਚ ਨਿਰਪੱਖ ਰਹਿਣ ਦਾ ਭਾਰਤੀ ਵਿਦੇਸ਼ ਨੀਤੀ ਨੂੰ ਲਾਹਾ ਮਿਲਿਆ ਹੈ, ਇਰਾਨ-ਇਰਾਕ ਜੰਗ ਇਸ ਦੀ ਮਿਸਾਲ ਹੈ। ਭਾਵੇਂ ਕੁਝ ਵੀ ਹੋਵੇ, ਇਰਾਨ ਪੱਖੀ ਝੁਕਾਅ ਦੇ ਮਾਮਲੇ ਵਿੱਚ ਚੀਨ ਦਾ ਰੁਖ਼ ਸਥਿਰ ਰਿਹਾ ਹੈ। ਭਾਵੇਂ ਤੇਲ ਭੰਡਾਰਾਂ ਵਾਲੇ ਅਰਬ ਮੁਲਕਾਂ ਦੀਆਂ ਸਰਕਾਰਾਂ ਇਜ਼ਰਾਈਲ ਦੇ ਨਾਲ ਵੀ ਹੋਣ, ਪਰ ਇਨ੍ਹਾਂ ਦੇ ਲੋਕ ਸ਼ਾਇਦ ਨਹੀਂ ਹੋਣਗੇ। ਇਸ ਤਰ੍ਹਾਂ, ਮੱਧ ਏਸ਼ੀਆ ਦੇ ਇਸ ਖੇਤਰ ਤੇ ਬਾਕੀ ਦੁਨੀਆ ਨੂੰ ਇੱਕ ਪੇਚੀਦਾ ਜਮੂਦ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਤੇ ਇਸ ਦੇ ਨਾਲ ਹੀ ਇੱਕ ਕਮਜ਼ੋਰ ਅਮਰੀਕੀ ਰਾਸ਼ਟਰਪਤੀ ਹੈ ਅਤੇ ਉੱਥੇ ਦੀਆਂ ਰਾਸ਼ਟਰਪਤੀ ਚੋਣ ਵਿੱਚ ਵੀ ਚਾਰ ਕੁ ਹਫ਼ਤਿਆਂ ਦਾ ਸਮਾਂ ਬਾਕੀ ਰਹਿ ਗਿਆ ਹੈ।

# ਕੈਨੇਡਾ ‘ਚ ਡਿਪੋਰਟ ਦੇ ਡਰੋਂ ਪੰਜਾਬੀ ਵਿਦਿਆਰਥੀ ਸੜਕਾਂ ’ਤੇ

ਬਠਿੰਡਾ- ਪਰਵਾਸੀ ਕਾਮਿਆਂ ਦੀ ਹੱਦ ਤੈਅ ਕਰਨ ਦੇ ਫ਼ੈਸਲੇ ਖ਼ਿਲਾਫ਼ ਸੈਂਕੜੇ ਪੰਜਾਬੀ ਵਿਦਿਆਰਥੀ ਕੈਨੇਡਾ 'ਚ ਸੜਕਾਂ 'ਤੇ ਉਤਰ ਆਏ ਹਨ। ਵਿਦਿਆਰਥੀਆਂ ਨੂੰ ਡਰ ਹੈ ਕਿ ਇਸ ਫ਼ੈਸਲੇ ਕਾਰਨ ਉਨ੍ਹਾਂ ਨੂੰ ਮੁਲਕ ਵਾਪਸ (ਡਿਪੋਰਟ) ਭੇਜਿਆ ਜਾ ਸਕਦਾ ਹੈ। ਨਵੀਂ ਨੀਤੀ ਤਹਿਤ ਪੋਸਟ ਗਰੈਜੂਏਟ ਵਰਕ ਪਰਮਿਟ ਅਤੇ ਹੋਰ ਰੁਜ਼ਗਾਰ ਸਬੰਧੀ ਢੰਗ-ਤਰੀਕਿਆਂ ਲਈ ਯੋਗ ਕੌਮਾਂਤਰੀ ਵਿਦਿਆਰਥੀਆਂ ਦੀ ਗਿਣਤੀ ਸੀਮਤ ਕੀਤੀ ਜਾਵੇਗੀ। ਇਸ ਨੀਤੀ ਕਾਰਨ ਪੰਜਾਬੀ ਵਿਦਿਆਰਥੀਆਂ 'ਚ ਰੋਹ ਪੈਦਾ ਹੋ ਗਿਆ ਹੈ ਕਿਉਂਕਿ ਉਨ੍ਹਾਂ ਨੂੰ ਕੈਨੇਡਾ 'ਚ ਭਵਿੱਖ ਹਨੇਰੇ 'ਚ ਜਾਪ ਰਿਹਾ ਹੈ। ਟੋਰਾਂਟੋ ਤੋਂ ਸ਼ੁਰੂ ਹੋਇਆ ਵਿਰੋਧ ਪ੍ਰਦਰਸ਼ਨ ਬਰੈਂਪਟਨ, ਵੈਨਕੂਵਰ, ਵਿਨੀਪੈਗ ਅਤੇ ਮੌਂਟਰੀਅਲ ਜਿਹੇ ਸ਼ਹਿਰਾਂ 'ਚ ਫੈਲ ਗਿਆ ਹੈ। ਵਿਦਿਆਰਥੀ ਅਗਸਤ ਦੇ ਅਖੀਰ ਤੋਂ ਬਰੈਂਪਟਨ 'ਚ ਕੁਈਨ ਸਟਰੀਟ 'ਤੇ ਪੱਕੇ ਤੌਰ 'ਤੇ ਪ੍ਰਦਰਸ਼ਨ ਕਰ ਰਹੇ ਹਨ ਜਿਸ ਨੂੰ ਚੰਗਾ ਹੁੰਗਾਰਾ ਮਿਲ ਰਿਹਾ ਹੈ ਕਿਉਂਕਿ ਪੰਜਾਬੀ ਗਾਇਕਾਂ ਰੁਪਿੰਦਰ ਹਾਂਡਾ, ਗੁਰੂ ਰੰਧਾਵਾ ਅਤੇ ਹੋਰਾਂ ਨੇ ਆਪਣੀ ਹਮਾਇਤ ਦਿੰਦਿਆਂ ਉਥੋਂ ਦਾ ਦੌਰਾ ਕੀਤਾ ਹੈ। ਇਥੋਂ ਤੱਕ ਕਿ ਫਿਲਿਪੀਨੋ ਪਰਵਾਸੀ ਕਾਮਿਆਂ ਦੀ ਇਕ ਜਥੇਬੰਦੀ ਓਂਟਾਰੀਓ ਫੈਡਰੇਸ਼ਨ ਆਫ ਵਰਕਰਸ ਐਂਡ ਮਾਈਗਰੈਂਟਸ ਤਹਿਤ 54 ਟਰੇਡ ਯੂਨੀਅਨਾਂ ਨੇ ਵੀ ਵਿਦਿਆਰਥੀਆਂ ਦੇ ਪ੍ਰਦਰਸ਼ਨ ਨੂੰ ਆਪਣੀ ਹਮਾਇਤ ਦਿੱਤੀ ਹੈ। ਬਰੈਂਪਟਨ 'ਚ ਪ੍ਰਦਰਸ਼ਨ ਦੀ ਅਗਵਾਈ ਕਰਨ ਵਾਲੇ ਨੌਜਵਾਨ ਸਪੋਰਟ ਨੈੱਟਵਰਕ ਦੇ ਮੁਖੀ ਬਿਕਰਮ ਨੇ ਕਿਹਾ, ''ਅਸੀਂ ਭਵਿੱਖ ਦੇ ਨਿਰਮਾਣ ਦੇ ਸੁਪਨੇ ਲੈ ਕੇ ਇਥੇ ਆਏ ਹਾਂ। ਅਸੀਂ ਨਿਯਮਾਂ ਦਾ ਪਾਲਣ ਕੀਤਾ, ਆਪਣੀ ਫੀਸ ਦਾ ਭੁਗਤਾਨ ਕੀਤਾ ਅਤੇ ਹੁਣ ਸਾਡੇ ਲਈ ਦਰਵਾਜ਼ੇ ਬੰਦ ਕੀਤੇ ਜਾ ਰਹੇ ਹਨ।'' ਮਾਨਸਾ ਜ਼ਿਲ੍ਹੇ ਦੇ ਮਹਿਕਦੀਪ ਸਿੰਘ ਨੇ ਕਿਹਾ ਕਿ ਉਸ ਨੇ ਪੀਆਰ ਲਈ ਢੁੱਕਵੇਂ ਸੀਆਰਐੱਸ ਅੰਕ ਹਾਸਲ ਕੀਤੇ ਪਰ ਸਰਕਾਰ ਨੇ ਉਨ੍ਹਾਂ ਦਾ ਫਾਇਦਾ ਚੁੱਕਿਆ ਹੈ। ਟੋਰਾਂਟੋ 'ਚ ਕੌਮਾਂਤਰੀ ਸਿੱਖ ਸਟੂਡੈਂਟਸ ਐਸੋਸੀਏਸ਼ਨ ਦੇ ਮੁਖੀ ਜਸਪ੍ਰੀਤ ਸਿੰਘ ਨੇ ਕਿਹਾ ਕਿ ਉਨ੍ਹਾਂ ਕੈਨੇਡਾ ਦੇ ਇਮੀਗਰੇਸ਼ਨ ਮੰਤਰੀ




ਮਾਰਕ ਮਿਲਰ ਨਾਲ ਗੱਲਬਾਤ ਕੀਤੀ ਹੈ ਜਿਨ੍ਹਾਂ ਦੱਸਿਆ ਕਿ ਹੁਣ ਪੀਜੀਡਬਲਿਊਪੀ ਲਈ ਕੋਈ ਐਕਸਟੈਂਸ਼ਨ ਨਹੀਂ ਮਿਲੇਗੀ। ਪ੍ਰਦਰਸ਼ਨ 'ਚ ਸ਼ਾਮਲ ਨਰਸਿੰਗ ਦੀ ਵਿਦਿਆਰਥਣ ਜਸਪ੍ਰੀਤ ਕੌਰ ਨੇ ਕਿਹਾ ਕਿ ਉਹ ਕੈਨੇਡਾ ਸਿਰਫ਼ ਪੜ੍ਹਾਈ ਕਰਨ ਲਈ ਨਹੀਂ ਸਗੋਂ ਇਥੇ ਜ਼ਿੰਦਗੀ ਬਣਾਉਣ ਲਈ ਆਏ ਹਨ। ਵਿਦਿਆਰਥੀ ਆਗੂਆਂ ਨੇ ਦਾਅਵਾ ਕੀਤਾ ਕਿ ਪੀਜੀਡਬਲਿਊਪੀ ਲਈ ਐਕਸਟੈਂਸ਼ਨ ਨਾ ਮਿਲਣ ਕਾਰਨ ਕਰੀਬ 1.3 ਲੱਖ ਕੌਮਾਂਤਰੀ ਵਿਦਿਆਰਥੀ ਪ੍ਰਭਾਵਿਤ ਹੋਣਗੇ। ਉਨ੍ਹਾਂ ਬਰੈਂਪਟਨ ਨੌਰਥ ਦੀ ਸੰਸਦ ਮੈਂਬਰ ਰੂਬੀ ਸਹੋਤਾ ਨੂੰ ਹਮਾਇਤ ਦੇਣ ਲਈ ਧੰਨਵਾਦ ਕੀਤਾ। ਉੱਧਰ ਕੈਨੇਡਾ ਸਰਕਾਰ ਨੇ ਆਰਥਿਕ ਦਬਾਅ ਦਾ ਹਵਾਲਾ ਦਿੰਦਿਆਂ ਨੀਤੀ ਦਾ ਬਚਾਅ ਕੀਤਾ ਹੈ। ਇਮੀਗਰੇਸ਼ਨ ਵਿਭਾਗ ਦੇ ਬੁਲਾਰੇ ਨੇ ਕਿਹਾ ਕਿ ਇਹ ਹੱਦ ਯਕੀਨੀ ਬਣਾਉਣੀ ਜ਼ਰੂਰੀ ਹੈ ਤਾਂ ਜੋ ਕੈਨੇਡਾ ਦੀ ਪਰਵਾਸ ਪ੍ਰਣਾਲੀ ਟਿਕਾਊ ਬਣੀ ਰਹੇ।

# ਸੰਪਾਦਕੀ

## ਕਸ਼ਮੀਰ ਅਤੇ ਹਰਿਆਣਾ ਦੇ ਚੋਣ ਨਤੀਜੇ

ਕੁਝ ਦਿਨ ਪਹਿਲਾਂ ਜੰਮੂ-ਕਸ਼ਮੀਰ ਅਤੇ ਹਰਿਆਣਾ ਸੂਬਿਆਂ ਵਿਚ ਵਿਧਾਨ ਸਭਾ ਚੋਣਾਂ ਹੋਈਆਂ। ਜੰਮੂ-ਕਸ਼ਮੀਰ ਵਿਚ ਤਾਂ ਨੈਸ਼ਨਲ ਕਾਨਫਰੰਸ ਅਤੇ ਕਾਂਗਰਸ ਦਾ ਗੱਠਜੋੜ ਜਿੱਤ ਗਿਆ ਅਤੇ ਭਾਜਪਾ ਦੂਜੇ ਨੰਬਰ ਦੀ ਪਾਰਟੀ ਬਣੀ ਪਰ ਹਰਿਆਣਾ ਦੇ ਨਤੀਜਿਆਂ ਨੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ ਹੈ। ਹਰਿਆਣਾ ਵਿਚ ਕਾਂਗਰਸ ਦੀ ਹਨੇਰੀ ਚੱਲ ਰਹੀ ਸੀ। ਸਾਬਕਾ ਮੁੱਖ ਮੰਤਰੀ ਭੁਪਿੰਦਰ ਹੁੱਡਾ ਦੀ ਅਗਵਾਈ ਵਿਚ ਹਰਿਆਣਾ ਦੀ ਜਾਟ ਬਿਰਾਦਰੀ ਪੂਰੇ ਉਤਸ਼ਾਹ ਵਿਚ ਸੀ ਕਿ ਇਸ ਵਾਰ ਕਾਂਗਰਸ ਹੀ ਸੱਤਾ ਵਿਚ ਆਵੇਗੀ। ਪਰ ਜਦੋਂ ਨਤੀਜੇ ਆਏ ਤਾਂ ਭਾਜਪਾ ਤੀਜੀ ਵਾਰ ਸਰਕਾਰ ਬਣਾ ਗਈ। ਹਾਲਾਂਕਿ ਬਹੁਤ ਸਾਰੇ ਲੋਕ ਇਸ ਨੂੰ ਈ.ਵੀ. ਐਮ. ਘਪਲਾ ਜਾਂ ਕਈ ਕੁਝ ਕਹਿ ਰਹੇ ਹਨ ਪਰ ਜ਼ਮੀਨ ’ਤੇ ਜੋ ਅਖੀਰਲੇ 10 ਦਿਨਾਂ ਵਿਚ ਹੋਇਆ, ਉਸ ਤੇ ਵੀ ਝਾਤ ਮਾਰਨੀ ਜ਼ਰੂਰੀ ਸੀ। ਇਸ ਵਿਚ ਕੋਈ ਸ਼ੱਕ ਨਹੀਂ ਕਿ 10 ਸਾਲਾ ਭਾਜਪਾ ਦੇ ਸ਼ਾਸਨ ਨੂੰ ਹਰਿਆਣਾ ਦੇ ਲੋਕ ਬਦਲਣਾ ਚਾਹੁੰਦੇ ਸਨ ਪਰ ਰਾਜਨੀਤੀ ਵਿਚ ਜ਼ਿਆਦਾਤਰ ਵੋਟਰਾਂ ਦਾ ਮਨ ਕਿਹੜੇ ਉਮੀਦਵਾਰ ਨੂੰ ਵੋਟ ਦੇਣੀ ਹੈ, ਇਹ ਆਖਰੀ ਦਿਨਾਂ ਵਿਚ ਹੀ ਤਹਿ ਹੁੰਦਾ ਹੈ।ਕੁਝ ਅਜਿਹਾ ਹੀ ਹੋਇਆ, ਜਦੋਂ ਕਾਂਗਰਸ ਨੇ ਸਾਰੀ ਡੋਰ ਭੁਪਿੰਦਰ ਹੁੱਡਾ ਦੇ ਸਿਰ ਤੇ ਸੁੱਟ ਦਿੱਤੀ। ਜਿੰਦਲ ਪਰਿਵਾਰ, ਕੁਮਾਰੀ ਸ਼ੈਲਜਾ, ਬੰਸੀ ਲਾਲ ਪਰਿਵਾਰ ਜੋ ਹੁਣ ਭਾਜਪਾ ਵਿਚ ਹੈ, ਦੀ ਅਣਦੇਖੀ ਕੀਤੀ ਗਈ। ਨਤੀਜਾ ਕੀ ਹੋਇਆ, ਵਪਾਰੀ ਵਰਗ, ਦਲਿਤ ਵਰਗ ਅਤੇ ਬੰਸੀ ਲਾਲ ਪਰਿਵਾਰ ਦਾ ਸਮਰਥਕ ਜਾਟ ਭਾਈਚਾਰੇ ਦਾ ਇਕ ਵੱਡਾ ਹਿੱਸਾ ਕਾਂਗਰਸ ਤੋਂ ਨਰਾਜ਼ ਹੋ ਗਿਆ। ਇਸ ਦੀ ਭਰਪਾਈ ਕਰਨ ਲਈ ਕਾਂਗਰਸ ਨੇ ਕੁਝ ਨਹੀਂ ਕੀਤਾ, ਬਲਕਿ ਸੋਸ਼ਲ ਮੀਡੀਆ ਤੇ ਅਜਿਹੇ ਕਮੈਂਟ ਆਉਣ ਲੱਗੇ, ਜੋ ਦਲਿਤ ਵਿਰੋਧੀ ਸਨ। ਹੁੱਡਾ ਨੇ ਫਿਰ ਇੱਥੇ ਵੱਡੀ ਗਲਤੀ ਕੀਤੀ, ਅਜਿਹੇ ਕਮੈਂਟਾਂ ਦੀ ਆਲੋਚਨਾ ਨਹੀਂ ਕੀਤਾ। ਉਪਰੋਂ ਕੁਮਾਰੀ ਸ਼ੈਲਜਾ ਨੂੰ ਮੁੱਖ ਮੰਤਰੀ ਨਾਲ ਬਣਾਏ ਜਾਣ ਦੀ ਪੀੜ ਦਲਿਤ ਵਰਗ ਦੇ ਮਨ ਵਿਚ ਸੀ ਅਤੇ ਬਲਦੀ ਵਿਚ ਤੇਲ ਪਾਉਣ ਦਾ ਕੰਮ ਸੋਸ਼ਲ ਮੀਡੀਆ ਨੇ ਕੀਤਾ। ਭਾਜਪਾ ਨੇ ਇਸ ਦਾ ਖੂਬ ਪ੍ਰਸਾਰ ਕੀਤਾ। ਨਤੀਜੇ ਵਜੋਂ ਦਲਿਤ ਭਾਈਚਾਰੇ ਨੇ ਮਹਾਂ-ਪੰਚਾਇਤ ਸੱਦੀ, ਜਿਸ ਤੋਂ ਬਾਅਦ ਇਹ ਲੱਗਭੱਗ ਤਹਿ ਹੋ ਗਿਆ ਕਿ ਦਲਿਤ ਕਾਂਗਰਸ ਤੋਂ ਦੂਰੀ ਬਣਾ ਰਿਹਾ ਹੈ। ਇਹ ਦੂਰੀ ਵਧਦੀ-ਵਧਦੀ ਚੋਣਾਂ ਵਾਲੇ ਦਿਨ ਤੱਕ ਬਹੁਤ ਵੱਡੀ ਹੋ ਗਈ। ਦੂਜਾ, ਭਾਜਪਾ ਦਾ ਆਪਣਾ ਵੋਟ ਬੈਂਕ ਤਾਂ ਕਾਇਮ ਰਿਹਾ ਪਰ ਕਾਂਗਰਸ ਦੇ ਵੋਟ ਬੈਂਕ ਜਾਟ ਭਾਈਚਾਰੇ ਵਿਚ ਬੰਸੀ ਲਾਲ ਪਰਿਵਾਰ ਕਾਰਨ ਖੋਰਾ ਲੱਗਿਆ।ਇਹੀ ਕਾਰਨ ਹੈ ਕਿ ਬੰਸੀ ਲਾਲ ਪਰਿਵਾਰ ਦੇ ਇਲਾਕੇ ਵਿਚ ਭਾਜਪਾ ਨੂੰ ਕਈ ਸੀਟਾਂ ਮਿਲ ਗਈਆਂ। ਭਾਜਪਾ ਨੇ ਰਾਹੁਲ ਗਾਂਧੀ ਨੂੰ ਇਕ ਵਾਰ ਫਿਰ ’ਪੱਪੂ’ ਸਿੱਧ ਕਰਨ ਲਈ ਪੂਰਾ ਜ਼ੋਰ ਲਗਾਇਆ ਅਤੇ ਰਾਹੁਲ ਨੂੰ ਜਲੇਬੀਆਂ ਨਾਲ ਜੋੜ ਦਿੱਤਾ। ਇਸ ਤੋਂ ਬਾਅਦ ਵੱਡੀ ਸਮੱਸਿਆ ਹੁੱਡਾ ਸਮਰਥਕਾਂ ਨੇ ਇਹ ਕਹਿ ਕੇ ਪੈਦਾ ਕੀਤੀ ਕਿ ਸਾਡੇ ਬੱਚੇ ਹੀ ਹੁਣ ਸਰਕਾਰੀ ਨੌਕਰੀਆਂ ਤੇ ਲੱਗਣਗੇ ਅਤੇ ਉਹ ਵੀ ਪੈਸੇ ਦੇ ਕੇ। ਕਾਂਗਰਸ ਦੀ ਸਭ ਤੋਂ ਵੱਡੀ ਬੇਸਮਝੀ ਇਹ ਰਹੀ ਕਿ ਇਹਨਾਂ ਬਿਆਨਾਂ ਨੂੰ ਨਕਾਰਿਆ ਨਹੀਂ, ਜਿਸ ਕਾਰਨ ਪੜ੍ਹੇ-ਲਿਖੇ ਵਰਗ ਦੇ ਉਹ ਲੋਕ, ਜਿਹਨਾਂ ਦੇ ਬੱਚੇ ਨੌਕਰੀ ਲੱਭ ਰਹੇ ਹਨ, ਪ੍ਰੇਸ਼ਾਨ ਹੋਏ ਕਿ ਜੇਕਰ ਸਿਫਾਰਸ਼ਾਂ ਨਾਲ ਨੌਕਰੀਆਂ ਮਿਲਣੀਆਂ ਹਨ ਤਾਂ ਉਹਨਾਂ ਦੇ ਬੱਚਿਆਂ ਦੀ ਕੀ ਬਣੇਗਾ। ਹੋਰ ਵੀ ਕਈ ਅਜਿਹੇ ਕਾਰਨ ਹਨ ਜੋ ਚੋਣਾਂ ਦੇ ਅਖੀਰਲੇ ਦਿਨਾਂ ਵਿਚ ਨਿਕਲ ਕੇ ਸਾਹਮਣੇ ਆਏ। ਨਤੀਜਾ ਇਹ ਹੋਇਆ ਕਿ ਉਹ ਵਰਗ ਜੋ ਸਰਕਾਰਾਂ ਬਦਲਣ ਵਿਚ ਅਹਿਮ ਭੂਮਿਕਾ ਨਿਭਾਉਂਦਾ ਹੈ, ਭਾਵ ਚਲਦਾ-ਫਿਰਦਾ ਵੋਟਰ, ਉਹ ਭਾਜਪਾ ਵੱਲ ਪਰਤ ਗਿਆ ਅਤੇ ਕਾਂਗਰਸ ਹਾਰ ਗਈ।

**-ਬਲਬੀਰ ਸਿੰਘ ਐਮ ਏ**

Balbir Singh M.A.
Editor in Chief & Publisher
e-mail: bsma54@gmail.com
Tel : 510-938-7771

36415 RUSCHIN DR. NEWARK, CA 94560

Buta Ram joshi Staff Reporter, Fresno 559-803-0055

Sanjeev Garg Kali, Reporter Malwa Area, 96713-53789

RAJ BUDWAL
MEDIA PARTNER / REPRESENTATIVE
8350202@gmail.com 408-835-0202

Web designed www.pardestimes.com
by Aman Bansil 510-589-2245

The Pardes Times and people asociated with it are Not responsible for any claims made by the advertisers and don’t endorse any product or services advertised in the Pardes Times. Please consult your attorney before, buying/hiring contracting through the ads published in the news paper. The Pardes Times is in business of selling spaces and claims made by advertisers are not tested/confirmed by an independent source.

# ਭੋਜਨ ਪ੍ਰਣਾਲੀ ਅਤੇ ਉਦਯੋਗ ਦੀ ਘੁਸਪੈਠ

**ਪਵਨ ਕੁਮਾਰ ਕੌਸ਼ਲ**

ਸਾਮਰਾਜਵਾਦੀ ਸ਼ਕਤੀਆਂ ਵਿਸ਼ਵ ਵਪਾਰ ਸੰਸਥਾ, ਕੌਮਾਂਤਰੀ ਮੁਦਰਾ ਕੋਸ਼ ਅਤੇ ਵਿਸ਼ਵ ਆਰਥਿਕ ਮੰਚ ਦੇ ਸਹਿਯੋਗ ਨਾਲ ਆਪਣੀਆਂ ਦਿਓ ਕੱਦ ਬਹੁ-ਕੌਮੀ ਕਾਰਪੋਰੇਸ਼ਨਾਂ ਰਾਹੀਂ ਵਿਸ਼ਵ ਭਰ ਵਿੱਚ ਖਾਸ ਕਰ ਕੇ ਵਿਕਾਸਸ਼ੀਲ ਦੇਸ਼ਾਂ ਦੇ ਕੁਦਰਤੀ ਸੋਮਿਆਂ (ਤੇਲ, ਗੈਸ, ਖਣਿਜ ਪਦਾਰਥ, ਪਾਣੀ, ਜ਼ਮੀਨ) ਨੂੰ ਆਪਣੇ ਕੰਟਰੋਲ ਵਿੱਚ ਕਰਨ ਲਈ ਤੇਜ਼ੀ ਨਾਲ ਅੱਗੇ ਵਧ ਰਹੀਆਂ ਹਨ। ਇਸ ਦਾ ਸੱਭ ਤੋਂ ਵੱਧ ਜ਼ੋਰ ਕਿਸਾਨੀ ਨੂੰ ਜੱਦੀ-ਪੁਸ਼ਤੀ ਖੇਤੀਬਾੜੀ ਦੇ ਧੰਦੇ ਚੋਂ ਬਾਹਰ ਕਰ ਕੇ ਇਸ ਧੰਦੇ ਨੂੰ ਆਪਣੇ ਅਧੀਨ ਕਰਨ ਵਿੱਚ ਲਗਾ ਹੋਇਆ ਹੈ। ਭਾਰਤ ਵਿੱਚ ਸਾਮਰਾਜਵਾਦ ਹਰੇ ਇਨਕਲਾਬ ਰਾਹੀਂ ਇਸ ਕਾਰਜ ਦੀ ਨੀਂਹ ਰੱਖ ਚੁੱਕਾ ਹੈ।

ਇਨ੍ਹਾਂ ਸਾਰੀਆਂ ਸੰਸਥਾਵਾਂ ਉਪਰ ਵਿਸ਼ਵ ਆਰਥਿਕ ਮੰਚ (ਡਬਲਿਊਈਐੱਫ) ਦੀ ਪਕੜ ਹੈ। ਵਿਸ਼ਵ ਆਰਥਿਕ ਮੰਚ ਟਰਾਂਸ-ਨੈਸ਼ਨਲ ਇੰਸਟੀਚਿਊਟ ਹੈ ਜਿਸ ਦਾ ਮੁੱਖ ਉਦੇਸ਼ ‘ਉਭਰ ਰਹੇ ਗਲੋਬਲ ਕੁਲੀਨ ਵਰਗ, ਬੈਂਕਰਾਂ, ਉਦਯੋਗਪਤੀਆਂ, ਟੈਕਨੋਕਰੇਟਸ ਅਤੇ ਸਿਆਸਤਦਾਨਾਂ ਲਈ ਸਮਾਜੀਕਰਨ ਸੰਸਥਾ ਵਜੋਂ ਕੰਮ ਕਰਨਾ’ ਹੈ। 1990 ਦੇ ਦਹਾਕੇ ਵਿੱਚ ਕੌਮਾਂਤਰੀ ਮੁਦਰਾ ਕੋਸ਼ (ਆਈਐੱਮਐੱਫ) ਅਤੇ ਵਿਸ਼ਵ ਬੈਂਕ ਚਾਹੁੰਦੇ ਸਨ ਕਿ ਭਾਰਤ ਕਰੋੜਾਂ ਲੋਕਾਂ ਨੂੰ ਖੇਤੀਬਾੜੀ ਤੋਂ ਬਾਹਰ ਕੱਢੇ। ਖੁਰਾਕ ਤੇ ਵਪਾਰ ਨੀਤੀ ਵਿਸ਼ਲੇਸ਼ਕ ਦਵਿੰਦਰ ਸ਼ਰਮਾ ਅਨੁਸਾਰ- ਭਾਰਤ ਖੇਤੀਬਾੜੀ ਨੂੰ ਕਾਰਪੋਰੇਟ ਕੰਟਰੋਲ ਅਧੀਨ ਲਿਆਉਣ ਲਈ ਤਤਪਰ ਹੈ... ਭੂਮੀ ਐਕੁਆਇਰ ਕਰਨ, ਜਲ ਸਰੋਤ, ਬੀਜ, ਖਾਦ, ਕੀਟਨਾਸ਼ਕਾਂ ਅਤੇ ਫੂਡ ਪ੍ਰਾਸੈਸਿੰਗ ’ਤੇ ਮੌਜੂਦਾ ਕਾਨੂੰਨਾਂ ਵਿੱਚ ਸੋਧ ਕਰ ਕੇ ਸਰਕਾਰ ਕੰਟਰੈਕਟ ਫਾਰਮਿੰਗ ਸ਼ੁਰੂ ਕਰਨ ਅਤੇ ਸੰਗਠਿਤ ਪ੍ਰਚੂਨ ਨੂੰ ਉਤਸ਼ਾਹਤ ਕਰਨ ਲਈ ਕਾਹਲੀ ਵਿੱਚ ਹੈ। ਇਹ ਬਿਲਕੁਲ ਵਿਸ਼ਵ ਬੈਂਕ ਅਤੇ ਕੌਮਾਂਤਰੀ ਮੁਦਰਾ ਕੋਸ਼ ਦੇ ਨਾਲ-ਨਾਲ ਕੌਮਾਂਤਰੀ ਵਿੱਤੀ ਸੰਸਥਾਵਾਂ ਦੀ ਸਲਾਹ ਅਨੁਸਾਰ ਹੋ ਰਿਹਾ ਹੈ। ਅਸੀਂ ਵਰਤਮਾਨ ਵਿੱਚ ਸਮੁੱਚੀ ਗਲੋਬਲ ਐਗਰੀ-ਫੂਡ ਚੇਨ (ਵਿਸ਼ਵ ਭੋਜਨ ਲੜੀ) ਦੇ ਕਾਰਪੋਰੇਟ ਏਕੀਕਰਨ ਦੀ ਗਤੀ ਦੇਖ ਰਹੇ ਹਾਂ...



ਅਮਰੀਕਾ ਦੀ ਗੇਟਸ ਫਾਊਂਡੇਸ਼ਨ ਸਿਹਤ ਦੇ ਖੇਤਰ ਵਿੱਚ ਵੀ ਸਰਗਰਮ ਹੈ ਜੋ ਉਦਯੋਗਿਕ ਖੇਤੀ ਨੂੰ ਉਤਸ਼ਾਹਿਤ ਕਰਨ ਅਤੇ ਸਿਹਤ ਨੂੰ ਨੁਕਸਾਨ ਪਹੁੰਚਾਉਣ ਵਾਲੇ ਖੇਤੀ ਰਸਾਇਣਾਂ ’ਤੇ ਨਿਰਭਰਤਾ ਕਾਰਨ ਸੁਰਖੀਆਂ ਵਿੱਚ ਹੈ। ਇਹ ਫਾਊਂਡੇਸ਼ਨ ਵਿਸ਼ਵ ਸਿਹਤ ਸੰਗਠਨ ਅਤੇ ਯੂਨੀਸੇਫ ਦੀ ਫੰਡ ਮੁਹਈਆ ਕਰਨ ਵਾਲੀ ਮੁੱਖ ਸੰਸਥਾ ਹੈ।

ਸੰਯੁਕਤ ਰਾਸ਼ਟਰ ਦੇ ਜ਼ਹਿਰੀਲੇ ਪਦਾਰਥਾਂ ਦੇ ਮਾਹਿਰ ਬਾਸਕਟ ਟੂਨਕੈਕ ਨੇ ਨਵੰਬਰ 2017 ਦੇ ਇੱਕ ਲੇਖ ਵਿੱਚ ਕਿਹਾ ਸੀ- ਸਾਡੇ ਬੱਚੇ ਨਦੀਨ ਨਾਸ਼ਕਾਂ, ਕੀਟ ਨਾਸ਼ਕਾਂ ਅਤੇ ਉੱਲੀ ਨਾਸ਼ਕਾਂ ਦੇ ਜ਼ਹਿਰੀਲੇ ਕਾਕਟੇਲ ਦੇ ਸੰਪਰਕ ਵਿੱਚ ਵੱਡੇ ਹੋ ਰਹੇ ਹਨ। ਇਹ ਉਹਨਾਂ ਦੇ ਭੋਜਨ ਤੇ ਪਾਣੀ ਵਿੱਚ ਹੈ ਅਤੇ ਇਹ ਉਹਨਾਂ ਦੇ ਪਾਰਕਾਂ ਤੇ ਖੇਡ ਦੇ ਮੈਦਾਨਾਂ ਵਿੱਚ ਵੀ ਡੁੱਲ੍ਹਿਆ ਹੋਇਆ ਹੈ।

ਦੁਨੀਆ ਦੇ ਸਭ ਤੋਂ ਵੱਧ ਵਰਤੇ ਜਾਣ ਵਾਲੇ ਨਦੀਨ ਨਾਸ਼ਕ ਗਲਾਈਫੋਸੇਟ ਆਧਾਰਿਤ ਫਾਰਮੂਲੇ ਅੰਤੜੀਆਂ ਦੇ ਮਾਈਕ੍ਰੋਬਾਇਓਮ ਨੂੰ ਪ੍ਰਭਾਵਿਤ ਕਰਦੇ ਹਨ ਅਤੇ ਮੋਟਾਪੇ ਦੀ ਮਹਾਮਾਰੀ ਦੁਆਰਾ ਉਕਸਾਏ ਗਲੋਬਲ ਮੈਟਾਬੋਲਿਕ ਸਿਹਤ ਸੰਕਟ ਲਈ ਜ਼ਿੰਮੇਵਾਰ ਹਨ। ਇਹ ਮਨੁੱਖਾਂ ਅਤੇ ਜਾਨਵਰਾਂ ਵਿੱਚ ਐਪੀਜੇਨੇਟਿਕ ਤਬਦੀਲੀਆਂ ਦਾ ਕਾਰਨ ਵੀ ਬਣਦਾ ਹੈ। ਬਿਮਾਰੀਆਂ ਇੱਕ ਪੀੜ੍ਹੀ ਨੂੰ ਛੱਡ ਕੇ ਫਿਰ ਪ੍ਰਗਟ ਹੁੰਦੀਆਂ ਹਨ।

ਜੂਨ 2016 ਦੇ ਇੱਕ ਲੇਖ ਵਿੱਚ ਵੰਦਨਾ ਸ਼ਿਵਾ ਨੇ ਨੋਟ ਕੀਤਾ ਕਿ ਕੇਂਦਰ ਖੋਜ ਅਤੇ ਬੀਜਾਂ ਨੂੰ ਕਾਰਪੋਰੇਸ਼ਨਾਂ ਨੂੰ ਟ੍ਰਾਂਸਫਰ ਕਰਨ ਵਿੱਚ ਤੇਜ਼ੀ ਲਿਆ ਰਿਹਾ ਹੈ। ਆਪਣੀ ਰਿਪੋਰਟ ‘ਬੀਜ ਮੁੜ ਪ੍ਰਾਪਤ ਕਰੋ’ ਵਿੱਚ ਵੰਦਨਾ ਸ਼ਿਵਾ ਕਹਿੰਦੀ ਹੈ: 1980 ਦੇ ਦਹਾਕੇ ਵਿੱਚ ਰਸਾਇਣਕ ਕਾਰਪੋਰੇਸ਼ਨਾਂ ਨੇ ਜੈਨੇਟਿਕ ਇੰਜਨੀਅਰਿੰਗ ਅਤੇ ਬੀਜਾਂ ਦੀ ਪੇਟੈਂਟਿੰਗ ਨੂੰ ਸੁਪਰ ਮੁਨਾਫ਼ੇ ਦੇ ਨਵੇਂ ਸਰੋਤ ਵਜੋਂ ਦੇਖਣਾ ਸ਼ੁਰੂ ਕੀਤਾ ਅਤੇ ਰਵਾਇਤੀ ਪ੍ਰਜਨਣ ਜਾਂ ਜੈਨੇਟਿਕ ਇੰਜਨੀਅਰਿੰਗ ਦੁਆਰਾ ਬੀਜਾਂ ਨਾਲ ਛੇੜ-ਛਾੜ ਕੀਤੀ ਅਤੇ ਪੇਟੈਂਟ ਲਏ।

ਇਥੇ ਇਹ ਜਾਨਣ ਦੀ ਲੋੜ ਵੀ ਹੈ ਕਿ ਹਰੀ ਕ੍ਰਾਂਤੀ ਤੋਂ ਪਹਿਲਾਂ ਬਹੁਤ ਸਾਰੀਆਂ ਪੁਰਾਣੀਆਂ ਫਸਲਾਂ ਵਿੱਚ ਪ੍ਰਤੀ ਕੈਲੋਰੀ ਪੌਸ਼ਟਿਕ ਤੱਤਾਂ ਦੀ ਉੱਚੀ ਮਾਤਰਾ ਹੁੰਦੀ ਸੀ। ਬਾਜਰੇ ਵਿੱਚ ਲੋਹੇ (ਆਇਰਨ) ਦੀ ਮਾਤਰਾ ਚੌਲਾਂ ਨਾਲੋਂ ਚਾਰ ਗੁਣਾ ਹੁੰਦੀ ਹੈ। ਜਵੀ ਕਣਕ ਨਾਲੋਂ ਚਾਰ ਗੁਣਾ ਜ਼ਿਆਦਾ ਜ਼ਿੰਕ ਲੈ ਕੇ ਜਾਂਦੀ ਹੈ। ਨਤੀਜੇ ਵਜੋਂ 1961 ਤੇ 2011 ਦੇ ਵਿਚਕਾਰ ਵਿਸ਼ਵ ਦੇ ਸਿੱਧੇ ਤੌਰ ’ਤੇ ਖਪਤ ਕੀਤੇ ਜਾਣ ਵਾਲੇ ਅਨਾਜ ਦੀ ਪ੍ਰੋਟੀਨ, ਜ਼ਿੰਕ ਅਤੇ ਲੋਹਾ ਸਮੱਗਰੀ ਕ੍ਰਮਵਾਰ 4, 5 ਅਤੇ 19% ਘਟ ਗਈ।

ਭਾਰਤੀ ਖੇਤੀ ਖੋਜ ਪਰਿਸ਼ਦ ਨੇ ਵੀ ਰਿਪੋਰਟ ਦਿੱਤੀ ਹੈ ਕਿ ਮਿੱਟੀ ਅੰਦਰ ਪੌਸ਼ਟਿਕ ਤੱਤਾਂ ਅਤੇ ਉਪਜਾਊ ਸ਼ਕਤੀ ਦੀ ਕਮੀ ਹੋ ਗਈ ਹੈ। ਖਾਦਾਂ, ਕੀਟਨਾਸ਼ਕਾਂ ਤੇ ਕੀਟਨਾਸ਼ਕਾਂ ਦੀ ਬਹੁਤ ਜ਼ਿਆਦਾ ਵਰਤੋਂ ਕਾਰਨ ਦੇਸ਼ ਹਰ ਸਾਲ 5334 ਮਿਲੀਅਨ ਟਨ ਮਿੱਟੀ ਦਾ ਨੁਕਸਾਨ ਕਰ ਰਿਹਾ ਹੈ।

ਪਹਿਲਾਂ ਕਿਸਾਨ ਬੀਜਾਂ ਦੀ ਬਚਤ ਅਤੇ ਵਟਾਂਦਰਾ ਕਰਦੇ ਸਨ; ਹੁਣ ਉਹ ਸ਼ਾਹੂਕਾਰਾਂ, ਬੈਂਕਾਂ ਅਤੇ ਬੀਜ ਨਿਰਮਾਤਾਵਾਂ ਤੇ ਸਪਲਾਇਰਾਂ ’ਤੇ ਨਿਰਭਰ ਹਨ। ਇਸ ਤੋਂ ਇਲਾਵਾ ਬੌਣੀਆਂ ਫਸਲਾਂ ਨਾਲ ਤੂੜੀ ਦੀ ਮਿਕਦਾਰ ਘਟ ਗਈ ਅਤੇ ਮਿੱਟੀ ਦੀ ਉਪਜਾਊ ਸ਼ਕਤੀ ਨੂੰ ਰੀਸਾਈਕਲ ਕਰਨ ਲਈ ਬਹੁਤ ਘੱਟ ਜੈਵਿਕ ਪਦਾਰਥ ਸਥਾਨਕ ਤੌਰ ‘ਤੇ ਉਪਲਬਧ ਹੁੰਦੀ ਹੈ ਜਿਸ ਨਾਲ ਬਾਹਰੀ ਨਿਵੇਸ਼ ਦੀ ਲੋੜ ਪੈਦਾ ਹੋ ਗਈ। ਇਉਂ ਕਿਸਾਨਾਂ ਨੇ ਵਧੇਰੇ ਰਸਾਇਣ ਵਰਤਣ ਦਾ ਸਹਾਰਾ ਲਿਆ।

ਭਾਰਤ ਵਿੱਚ ਲੋਕਾਂ ਲਈ ਭੋਜਨ ਕਾਫੀ ਹੈ, ਫਿਰ ਵੀ ਭੁੱਖਮਰੀ ਅਤੇ ਕੁਪੋਸ਼ਣ ਪਿੱਛਾ ਨਹੀਂ ਛੱਡ ਰਹੇ। ਹਾਲਾਤ ਇਹ ਹਨ ਕਿ ਭੋਜਨ ਦੀ ਅਢੁੱਕਵੀਂ ਵੰਡ ਹੈ, ਅਸਮਾਨਤਾ ਤੇ ਗਰੀਬੀ ਬੇਅੰਤ ਹੈ। ਦੇਸ਼ ਇੱਕ ਪਾਸੇ ਤਾਂ ਅਨਾਜ ਬਰਾਮਦ ਕਰਦਾ ਹੈ, ਦੂਜੇ ਪਾਸੇ ਲੱਖਾਂ ਲੋਕ ਭੁੱਖੇ ਰਹਿੰਦੇ ਹਨ। ਵਿਸ਼ਵ ਬੈਂਕ ਦੇ ਖੇਤੀ ਕਾਰੋਬਾਰ ਨੂੰ ਸਮਰੱਥ ਬਣਾਉਣ ਦੇ ਨਿਰਦੇਸ਼ਾਂ ਤੋਂ ਲੈ ਕੇ ਵਿਸ਼ਵ ਵਪਾਰ ਸੰਗਠਨ ਦੇ ਖੇਤੀਬਾੜੀ ਸਮਝੌਤੇ ਅਤੇ ਵਪਾਰ ਨਾਲ ਸਬੰਧਿਤ ਬੌਧਿਕ ਸੰਪਤੀ ਸਮਝੌਤਿਆਂ ਤੱਕ ਕੌਮਾਂਤਰੀ ਸੰਸਥਾਵਾਂ ਨੇ ਉਨ੍ਹਾਂ ਕਾਰਪੋਰੇਸ਼ਨਾਂ ਦੇ ਹਿੱਤ ਹੀ ਪਾਲੇ ਹਨ। ਇਹੋ ਬੀਜ, ਜ਼ਮੀਨ, ਪਾਣੀ, ਜੈਵਿਕ ਵੰਨ-ਸਵੰਨਤਾ ਅਤੇ ਹੋਰ ਕੁਦਰਤੀ ਚੀਜ਼ਾਂ ਦਾ ਏਕਾਧਿਕਾਰ ਕਰਨਾ ਚਾਹੁੰਦੇ ਹਨ ਤੇ ਉਨ੍ਹਾਂ ਸੰਪਤੀਆਂ ਦਾ ਵੀ ਜੋ ਸਾਡੇ ਸਾਰਿਆਂ ਦੀਆਂ ਹਨ। ਇਹ ਕਾਰਪੋਰੇਸ਼ਨਾਂ, ਖੇਤੀਬਾੜੀ ਦੇ ਪ੍ਰੋਮੋਟਰ ਕਿਸਾਨਾਂ ਦੀ ਗਰੀਬੀ ਜਾਂ ਭੁੱਖਮਰੀ ਦਾ ਹੱਲ ਪੇਸ਼ ਨਹੀਂ ਕਰ ਰਹੇ।

ਵੱਡੀਆਂ ਕਾਰਪੋਰੇਸ਼ਨਾਂ ਨੇ ਆਪਣੇ ਬੀਜਾਂ ਅਤੇ ਸਿੰਥੈਟਿਕ ਰਸਾਇਣਕ ਖਪਤ ਨਾਲ ਬੀਜਾਂ ਦੇ ਆਦਾਨ-ਪ੍ਰਦਾਨ ਦੀਆਂ ਰਵਾਇਤੀ ਪ੍ਰਣਾਲੀਆਂ ਖ਼ਤਮ ਕਰ ਦਿੱਤੀਆਂ ਹਨ। ਖੁਰਾਕੀ ਫਸਲਾਂ ਵਿੱਚ ਵੰਨ-ਸਵੰਨਤਾ ਬਹੁਤ ਘਟ ਗਈ ਹੈ। ਬੀਜ ਵੰਨ-ਸਵੰਨਤਾ ਦਾ ਖਾਤਮਾ ਕਾਰਪੋਰੇਟ ਬੀਜਾਂ ਨੂੰ ਤਰਜੀਹ ਦੇਣ ਨਾਲੋਂ ਹੋਰ ਅੱਗੇ ਵਧ ਗਿਆ ਹੈ। ਵਿਸ਼ਵ ਬੈਂਕ ਖੇਤੀ ਦੇ ਕਾਰੋਬਾਰ ਨੂੰ ਸਮਰੱਥ ਬਣਾਉਣ ਦੀ ਰਣਨੀਤੀ ਰਾਹੀਂ ਖੇਤੀਬਾੜੀ ਦਾ ਕਾਰਪੋਰੇਟ-ਅਗਵਾਈ ਵਾਲਾ ਉਦਯੋਗਿਕ ਮਾਡਲ ਅੱਗੇ ਵਧਾ ਰਿਹਾ ਹੈ। ਕਾਰਪੋਰੇਸ਼ਨਾਂ ਨੂੰ ਨੀਤੀਆਂ ਬਣਾਉਣ ਦੀ ਖੁੱਲ੍ਹ ਦਿੱਤੀ ਗਈ ਹੈ। ਭਾਰਤੀ ਖੇਤੀ ਦਾ ਛੋਟੇ ਖੇਤਾਂ ਦੀ ਥਾਂ ਵੱਡੇ ਪੈਮਾਨੇ ’ਤੇ ਮਸ਼ੀਨੀਕਰਨ ਅਤੇ ਵਪਾਰੀਕਰਨ ਕੀਤਾ ਜਾਣਾ ਹੈ। ਇਸੇ ਕਰ ਕੇ ਸਰਕਾਰ ਨੇ ਤਿੰਨ ਖੇਤੀ ਕਾਨੂੰਨ ਲਿਆਂਦੇ ਸਨ। ਇਨ੍ਹਾਂ ਦਾ ਉਦੇਸ਼ ਭਾਰਤ ਦੇ ਖੇਤੀ ਤੇ ਭੋਜਨ ਖੇਤਰ ’ਤੇ ਕਾਰਪੋਰੇਟਾਂ ਨੂੰ ਥੋਪਣਾ ਸੀ ਪਰ ਕਿਸਾਨਾਂ ਨੇ ਇੱਕ ਜੁੱਟ ਹੋ ਕੇ ਲੰਮੇ ਸੰਘਰਸ਼ ਰਾਹੀਂ ਸਰਕਾਰ ਨੂੰ ਇਹ ਕਾਨੂੰਨ ਵਾਪਸ ਲੈਣ ਲਈ ਮਜਬੂਰ ਕਰ ਦਿੱਤਾ। ਭਾਰਤ ਅਜੇ ਵੀ ਖੇਤੀ ਆਧਾਰਿਤ ਮੁਲਕ ਹੈ।

ਪ੍ਰਸਿੱਧ ਪੱਤਰਕਾਰ ਪੀ ਸਾਈਨਾਥ ਦਾ ਕਹਿਣਾ ਹੈ ਕਿ ਜੋ ਵਾਪਰ ਰਿਹਾ ਹੈ, ਉਹ ਕਾਰਪੋਰੇਸ਼ਨਾਂ ਦੁਆਰਾ ਖੇਤੀਬਾੜੀ ਨੂੰ ਅਗਵਾ ਕਰਨਾ ਹੈ। ਇਹ ਪੇਂਡੂ ਖੇਤਰਾਂ ਦਾ ਵਪਾਰੀਕਰਨ ਹੈ ਅਤੇ ਸਾਡੇ ਇਤਿਹਾਸ ਵਿੱਚ ਸਭ ਤੋਂ ਵੱਡਾ ਉਜਾੜਾ ਹੈ। ਭਾਰਤੀ ਕਿਸਾਨ ਲਈ ਇਕੱਲਿਆਂ ਇਸ ਦਾ ਮੁਕਾਬਲਾ ਕਰਨਾ ਹਾਲ ਦੀ ਘੜੀ ਮੁਸ਼ਕਿਲ ਜਾਪਦਾ ਹੈ। ਇਸ ਕਾਰਜ ਲਈ ਵਿਸ਼ਵ ਵਿਆਪੀ ਪੱਧਰ ’ਤੇ ਕਿਸਾਨੀ ਨੂੰ ਜਾਗਰੂਕ ਕਰਨ ਦਾ ਜ਼ਿੰਮਾ ਲੈਣਾ ਪਵੇਗਾ। ਵਿਸ਼ਵ ਬੈਂਕ ਅਤੇ ਵਿਸ਼ਵ ਵਪਾਰ ਸੰਸਥਾ ਭਾਰਤ ਵਿੱਚ ਦੇਸੀ ਖੇਤੀ ਸੈਕਟਰ ਨੂੰ ਕਮਜ਼ੋਰ ਕਰਨ ਲਈ ਲਗਾਤਾਰ ਕੰਮ ਕਰ ਰਹੇ ਹਨ। ਇਹ ਯਾਦ ਰੱਖਣਾ ਪਵੇਗਾ ਕਿ ਸਾਡੀ ਭੋਜਨ ਪ੍ਰਣਾਲੀ ਮੁੱਠੀ ਭਰ ਕਾਰਪੋਰੇਸ਼ਨਾਂ ਦੇ ਕੰਟਰੋਲ ਵਿੱਚ ਸੁਰੱਖਿਅਤ ਨਹੀਂ ਬਲਕਿ ਕਿਸਾਨਾਂ ਦੇ ਹੱਥਾਂ ਵਿੱਚ ਸੁਰੱਖਿਅਤ ਹੈ।

## ‘ਪਰਦੇਸ ਟਾਇਮਜ਼’ ਦੇ ਆਨਰੇਰੀ ਸਲਾਹਕਾਰ ਤੇ ਸਹਿਯੋਗੀ

| | | |
|---|---|---|
| (1) ਕਰਮਵੀਰ ਸਿੰਘ ਬੈਂਸ, ਯੂਬਾ ਸਿਟੀ | (7) ਪਰਮਪਾਲ ਸਿੰਘ | (13) ਸੁਰਿੰਦਰ ਸਿੰਘ ਧਨੋਆ |
| (2) ਅਵਤਾਰ ਸਿੰਘ ਸਹੋਤਾ | (8) ਸ. ਮਹਿੰਗਾ ਸਿੰਘ ਸਰਪੰਚ | (14) ਕਸ਼ਮੀਰ ਸਿੰਘ ਧੁੱਗਾ |
| (3) ਗੁਰਨਾਮ ਸਿੰਘ ਪੰਮਾ | (9) ਕੁਲਦੀਪ ਸਿੰਘ ਅਟਵਾਲ | (15) ਬਲਦੇਵ ਸਿੰਘ ਮਾਨ |
| (4) ਜਸਵੀਰ ਸਿੰਘ ਕੁਲਾਰ | (10) ਸੁਰਜੀਤ ਸਿੰਘ ਅਟਵਾਲ | (16) ਰਾਜ ਬਡਵਾਲ |
| (5) ਗੁਰਚਰਨ ਸਿੰਘ ਮਾਨ | (11) ਸੰਤੋਖ ਸਿੰਘ ਜੱਜ | (17) ਪ੍ਰੋ. ਜਸਪਾਲ ਸਿੰਘ ਸੈਣੀ |
| (6) ਡਾ. ਚਰਨਜੀਤ ਸਿੰਘ ਉਪਲ | (12) ਡਾ. ਹਰਮੇਸ਼ ਕੁਮਾਰ | (18) ਮਨਦੀਪ ਸਿੰਘ ਥਿਆੜਾ |

# ਫਰਾਂਸੀਸੀ ਮੰਜੀਆਂ

ਰਣਜੀਤ ਲਹਿਰਾ

ਫਰਾਂਸੀਸੀ ਮੰਜੀਆਂ 'ਤੇ ਸੌਣ ਨੂੰ ਲੈ ਕੇ ਪਏ ਰੱਫੜ ਵਾਲੀ ਘਟਨਾ ਜਿੰਨੀ ਅਲੋਕਾਰੀ ਹੈ, ਓਨੀ ਹੀ ਦਿਲਚਸਪ ਤੇ ਸੱਚੀ ਹੈ। ਹੋਰ ਵੀ ਰੋਮਾਂਚਿਕ ਗੱਲ, ਫਰਾਂਸ ਦੀ ਧਰਤੀ 'ਤੇ ਇਹ ਰੱਫੜ ਪਿਆ ਵੀ ਭਾਰਤੀ ਕਿਸਾਨਾਂ ਦੇ ਦਲ ਵਿੱਚ ਸੀ। ਦੇਖਦੇ-ਦੇਖਦੇ ਇਹ ਰੱਫੜ ਇੰਨੇ ਤਿੱਖੇ ਤਕਰਾਰ ਤੇ ਰੌਲੇ-ਰੱਪੇ ਵਿੱਚ ਬਦਲ ਗਿਆ ਕਿ ਕਿਸੇ ਨੂੰ ਕੰਨ ਪਾਈ ਨਾ ਸੁਣੇ! ਮੰਜੀਆਂ ਥੋੜ੍ਹੀਆਂ ਤੇ ਕਿਸਾਨ ਬਹੁਤੇ ਸਨ; ਜਿਨ੍ਹਾਂ ਨੇ ਮੱਲ ਲਈਆਂ, ਉਹ ਛੱਡਣ ਨਾ ਤੇ ਜਿਹੜੇ ਰਹਿ ਗਏ, ਉਹ ਟਿਕਣ ਨਾ। ਉਹ ਇੱਕ-ਦੂਜੇ ਨੂੰ ਇਉਂ ਝਈਆਂ ਲੈ-ਲੈ ਪੈ ਰਹੇ ਸਨ ਜਿਵੇਂ ਵਾਹਗਾ ਬਾਰਡਰ 'ਤੇ ਰੀਟ੍ਰੀਟ ਸੈਰੇਮਨੀ ਸਮੇਂ ਭਾਰਤੀ ਤੇ ਪਾਕਿਸਤਾਨੀ ਫੌਜੀ ਇੱਕ-ਦੂਜੇ ਨੂੰ ਪੈਂਦੇ ਹਨ। ਜਿਹੜੇ ਸਿਆਣੇ ਸੱਜਣ ਟਿਕ-ਟਿਕਾਅ ਦੀ ਗੱਲ ਕਰਨ, ਉਨ੍ਹਾਂ ਦੀ ਕੋਈ ਸੁਣੇ ਨਾ। ਇਸ ਅਣਕਿਆਸੇ ਵਿਹਾਰ ਨੂੰ ਦੇਖ ਕੇ ਯੂਰੋਪੀਅਨ ਮੇਜ਼ਬਾਨ ਦੰਗ ਰਹਿ ਗਏ। ਉਨ੍ਹਾਂ ਨੇ ਵੀ ਭਾਰਤੀ ਕਿਸਾਨਾਂ ਨੂੰ ਟਿਕਾਉਣ ਤੇ ਚੁੱਪ ਕਰਾਉਣ ਦੀ ਵਾਹ ਲਾਈ ਪਰ ਨਾ ਉਨ੍ਹਾਂ ਦੀ ਭਾਸ਼ਾ ਕਿਸੇ ਦੇ ਪਿੜ-ਪੱਲੇ ਪੈ ਰਹੀ ਸੀ ਅਤੇ ਨਾ ਹੀ ਯੂਰੋਪੀਅਨ ਮੇਜ਼ਬਾਨਾਂ ਨੂੰ ਭਾਰਤੀ ਕਿਸਾਨਾਂ ਦੀ ਕਹੀ ਕੋਈ ਗੱਲ ਸਮਝ ਆ ਰਹੀ ਸੀ। ਇਹ ਰੰਗ ਤਮਾਸ਼ਾ ਦੇਖ ਕੇ ਮੇਜ਼ਬਾਨਾਂ ਕੋਲ ਮੱਥਾ ਫੜ ਕੇ ਬੈਠਣ ਤੋਂ ਬਿਨਾਂ ਕੋਈ ਰਾਹ ਨਹੀਂ ਸੀ।



ਇਹ ਘਟਨਾ ਪੱਚੀ ਸਾਲ ਪਹਿਲਾਂ 26 ਮਈ 1999 ਵਾਲੀ ਰਾਤ ਨੂੰ ਫਰਾਂਸ ਦੇ ਛੋਟੇ ਜਿਹੇ ਸ਼ਹਿਰ ਮਾਵੇਜ਼ ਵਿੱਚ ਵਾਪਰੀ। ਉਸ ਦਿਨ ਉੱਥੇ 'ਪੀਪਲਜ਼ ਗਲੋਬਲ ਐਕਸ਼ਨ ਅਗੇਂਸਟ ਡਬਲਿਊਟੀਓ ਐਂਡ ਫਰੀ ਟਰੇਡ' ਦੇ ਚਲਾਏ 'ਅੰਤਰ-ਮਹਾਂਦੀਪੀ ਕਾਰਵਾਂ-1999' ਵਿੱਚ ਸ਼ਾਮਿਲ ਕਿਸਾਨਾਂ ਦੇ ਦਲ ਦਾ ਉਤਾਰਾ ਸੀ। ਇਹ ਕਾਰਵਾਂ 19 ਜੂਨ 1999 ਨੂੰ ਜਰਮਨੀ ਦੇ ਸ਼ਹਿਰ ਕੌਲਨ ਵਿੱਚ ਸਾਮਰਾਜਵਾਦੀ ਦੇਸ਼ਾਂ ਦੇ ਗਰੁੱਪ ਜੀ-8 ਦੀ ਸਿਖਰ ਵਾਰਤਾ ਤੋਂ ਪਹਿਲਾਂ ਇਸ ਸਿਖਰ ਵਾਰਤਾ ਦੇ ਵਿਰੋਧ ਦਾ ਹੋਕਾ 25 ਯੂਰੋਪੀਅਨ ਦੇਸ਼ਾਂ ਵਿੱਚ ਘੁੰਮ-ਘੁੰਮ ਕੇ ਦੇ ਰਿਹਾ ਸੀ।

ਇਸ ਕਾਰਵਾਂ ਵਿੱਚ ਭਾਰਤ, ਪਾਕਿਸਤਾਨ, ਬੰਗਲਾਦੇਸ਼, ਦੱਖਣੀ ਅਫਰੀਕਾ, ਬ੍ਰਾਜ਼ੀਲ, ਚਿਲੀ, ਅਰਜਨਟੀਨਾ, ਕੋਸਟਾ ਰੀਕਾ, ਮੈਕਸਿਕੋ, ਕੈਨੇਡਾ ਤੇ ਹੋਰ ਯੂਰੋਪੀਅਨ ਦੇਸ਼ਾਂ ਦੇ ਕਿਸਾਨ ਤੇ ਸੰਘਰਸ਼ਸ਼ੀਲ ਲੋਕ ਸ਼ਾਮਿਲ ਸਨ। ਭਾਰਤ ਦੇ ਕਰਨਾਟਕ, ਯੂਪੀ, ਰਾਜਸਥਾਨ, ਮੱਧ ਪ੍ਰਦੇਸ, ਮਹਾਰਾਸ਼ਟਰ, ਤਾਮਿਲਨਾਡੂ, ਹਰਿਆਣਾ, ਪੰਜਾਬ ਦੇ ਕਿਸਾਨ ਸ਼ਾਮਿਲ ਸਨ। ਸਭ ਤੋਂ ਵੱਧ ਮੈਂਬਰ ਕਰਨਾਟਕ ਦੇ ਆਗੂ ਐੱਮਡੀ ਨੰਜੁੰਡਾਸਵਾਮੀ ਦੀ ਰਾਜਯ ਰਾਯਤਾ ਸੰਘਮ ਦੇ ਸਨ। ਪੰਜਾਬ ਵਿੱਚੋਂ ਅਜਮੇਰ ਸਿੰਘ ਲੱਖੋਵਾਲ ਅਤੇ ਮਨਜੀਤ ਸਿੰਘ ਕਾਦੀਆਂ ਦੀਆਂ ਯੂਨੀਅਨਾਂ ਦੇ 18 ਕਿਸਾਨਾਂ ਤੋਂ ਇਲਾਵਾ ਤਿੰਨ ਮੈਂਬਰ ਭਾਰਤੀ ਕਿਸਾਨ ਯੂਨੀਅਨ (ਏਕਤਾ) ਦੇ ਵੀ ਸ਼ਾਮਿਲ ਸਨ। ਮਹਿੰਦਰ ਟਿਕੈਤ ਤੇ ਰਾਕੇਸ਼ ਟਿਕੈਤ ਖੁਦ ਵੀ ਕਾਰਵਾਂ ਵਿੱਚ ਸ਼ਾਮਿਲ ਸਨ।

ਇਹ ਕਾਰਵਾਂ ਪੂਰਬੀ ਜਰਮਨੀ ਦੇ ਪਿੰਡ ਸਾਲਜਵੇਡਲ ਵਿੱਚ ਜੁੜਿਆ ਤੇ ਉੱਥੋਂ 11 ਬੱਸਾਂ ਵਿੱਚ ਸਵਾਰ ਹੋ ਕੇ ਮਹੀਨੇ ਭਰ ਲਈ ਯੂਰੋਪ ਦੇ 25 ਦੇਸ਼ਾਂ ਵਿੱਚ ਰੈਲੀਆਂ, ਮੀਟਿੰਗਾਂ, ਸੈਮੀਨਾਰ ਵਗੈਰਾ ਰਾਹੀਂ ਵਿਰੋਧ ਪ੍ਰਗਟਾਉਣ ਲਈ ਵੱਖ-ਵੱਖ ਥਾਵਾਂ ਨੂੰ ਚੱਲ ਪਿਆ। ਇਸ ਸਾਰੇ ਕਾਰਵਾਂ ਦੀ ਯੋਜਨਾ, ਖਰਚ ਤੇ ਇੰਤਜ਼ਾਮ ਯੂਰੋਪੀਅਨ ਮੇਜ਼ਬਾਨ ਜਥੇਬੰਦੀਆਂ ਜੀ-ਜਾਨ ਨਾਲ ਕਰ ਰਹੀਆਂ ਸਨ। ਹਰ ਬੱਸ ਨਾਲ ਦੋ-ਦੋ ਕੋਆਰਡੀਨੇਟਰ ਸਨ ਜਿਨ੍ਹਾਂ ਦੇ ਹੱਥਾਂ ਵਿੱਚ ਸਾਰੇ ਦਿਨਾਂ ਦੇ ਪ੍ਰੋਗਰਾਮਾਂ ਤੇ ਰੂਟਾਂ ਦੀਆਂ ਲਿਸਟਾਂ ਸਨ। ਉਹ ਆਪਣੇ ਮਹਿਮਾਨਾਂ ਦੀ ਨਿੱਕੀ-ਨਿੱਕੀ ਤਕਲੀਫ਼ ਨੂੰ ਵੀ ਆਪਣੀ ਤਕਲੀਫ਼ ਸਮਝਦੇ ਸਨ।

ਉਸ ਦਿਨ ਮਾਵੇਜ਼ ਵਿੱਚ ਚਾਰ ਬੱਸਾਂ ਨੇ ਇੱਕਠੇ ਹੋਣਾ ਸੀ। ਮੇਜ਼ਬਾਨਾਂ ਨੇ ਜਿਮਨੇਜ਼ੀਅਮ ਵਿੱਚ ਸਾਰਿਆਂ ਦੇ ਰਹਿਣ ਤੇ ਖਾਣ-ਪੀਣ ਦਾ ਬੜਾ ਸੋਹਣਾ ਪ੍ਰਬੰਧ ਕੀਤਾ ਹੋਇਆ ਸੀ। ਉਨ੍ਹਾਂ ਫਰਸ਼ 'ਤੇ ਲਾਏ ਗੱਦਿਆਂ ਤੋਂ ਇਲਾਵਾ ਕੁਝ ਮੰਜੀਆਂ ਵੀ ਲਾ ਦਿੱਤੀਆਂ। ਸ਼ਾਇਦ ਬਜ਼ੁਰਗਾਂ ਤੇ ਕੁਝ ਢਿੱਲੇ-ਮੱਠੇ ਸਾਥੀਆਂ ਲਈ ਜਾਂ ਸ਼ਾਇਦ ਉਨ੍ਹਾਂ ਕੋਲੋਂ ਇੰਤਜ਼ਾਮ ਹੀ ਇੰਨੀਆਂ ਕੁ ਮੰਜੀਆਂ ਦਾ ਹੋ ਸਕਿਆ ਹੋਵੇ! ਪਰ ਜਿਉਂ ਹੀ ਜਿਮਨੇਜ਼ੀਅਮ ਦਾ ਦਰਵਾਜ਼ਾ ਖੁੱਲ੍ਹਿਆ, ਕਿਸਾਨ ਮੰਜੀਆਂ ਨੂੰ ਇਉਂ ਟੁੱਟ ਕੇ ਪੈ ਗਏ ਜਿਵੇਂ ਸਾਡੇ ਇੱਥੇ ਬੱਸ ਅੱਡਿਆਂ ਵਿੱਚ ਸਵਾਰੀਆਂ ਬੱਸ ਦੀਆਂ ਸੀਟਾਂ ਨੂੰ ਟੁੱਟ ਕੇ ਪੈਂਦੀਆਂ ਹਨ। ਉਨ੍ਹਾਂ ਮੰਜੀਆਂ 'ਤੇ ਸੌਣ ਨੂੰ ਲੈ ਕੇ ਹੰਗਾਮਾ ਹੋ ਗਿਆ। ਜਿਨ੍ਹਾਂ ਦੱਬ ਲਈਆਂ, ਉਹ ਉੱਠਣ ਨਾ ਤੇ ਜਿਹੜੇ ਰਹਿ ਗਏ, ਉਹ ਰੌਲਾ ਪਾਉਣ।

ਸਾਡੀ ਰਹਿਤਲ ਦੇ ਹਿਸਾਬ ਨਾਲ ਇਹ ਕੋਈ ਵੱਡੀ ਗੱਲ ਨਹੀਂ ਸੀ। ਸਾਡੇ ਤਾਂ ਟਿਕਟ ਖਿੜਕੀ ਹੋਵੇ, ਬੱਸ 'ਚ ਸੀਟ ਮੱਲਣੀ ਹੋਵੇ ਤੇ ਭਾਵੇਂ ਭੰਡਾਰੇ 'ਚ ਲੰਗਰ ਛਕਣਾ ਹੋਵੇ, ਹਰ ਥਾਂ 'ਜਿਹੜਾ ਲੈ ਗਿਆ ਸੋ ਲੈ ਗਿਆ' ਵਾਲਾ ਨਿਯਮ ਹੀ ਚੱਲਦਾ ਹੈ ਪਰ ਯੂਰੋਪੀਅਨ ਤਹਿਜ਼ੀਬ ਦੇ ਹਿਸਾਬ ਨਾਲ ਇਹ ਭੱਦਾ ਵਿਹਾਰ ਸੀ। ਉਨ੍ਹਾਂ ਦੇਸ਼ਾਂ ਵਿੱਚ ਤਾਂ ਕੋਈ ਲਾਈਨ ਤੋੜਨ ਜਾਂ ਕਿਸੇ ਵੱਲ ਉਂਗਲ ਕਰ ਕੇ ਉੱਚੀ ਆਵਾਜ਼ ਵਿੱਚ ਗੱਲ ਕਰਨ ਦੀ ਸੋਚ ਵੀ ਨਹੀਂ ਸਕਦਾ। ਇਸ ਤੋਂ ਪਹਿਲਾਂ ਮੇਜ਼ਬਾਨਾਂ ਵੱਲੋਂ ਚਾਰੇ ਬੱਸਾਂ ਦੇ ਯਾਤਰੀਆਂ ਲਈ ਡੌਂਗਿਆਂ ਵਿੱਚ ਰੱਖੇ ਡਰਾਈ ਫਰੂਟ ਪਹਿਲੀ ਬੱਸ ਦੇ ਯਾਤਰੀਆਂ ਵੱਲੋਂ ਹੀ ਛਕ ਜਾਣ ਦੀ ਘਟਨਾ ਉਹ ਅੱਖੀਂ ਦੇਖ ਕੇ ਚੁੱਪ ਰਹਿਣ ਦਾ ਕੌੜਾ ਘੁੱਟ ਭਰ ਚੁੱਕੇ ਸਨ। ਮੇਜ਼ਬਾਨਾਂ ਲਈ ਇਹ ਦੁਖਦ ਘਟਨਾ ਸੀ।

ਉਂਝ ਅੰਤਰ-ਮਹਾਂਦੀਪੀ ਕਾਰਵਾਂ-1999 ਦੁਨੀਆ ਭਰ ਦੇ ਲੋਕਾਂ ਨੂੰ ਸਾਮਰਾਜਵਾਦੀ ਲੁਟੇਰਿਆਂ ਖਿਲਾਫ਼ ਬੜਾ ਵੱਡਾ ਸੁਨੇਹਾ ਦੇਣ ਵਿੱਚ ਸਫਲ ਰਿਹਾ ਸੀ ਜਦੋਂ 20ਵੀਂ ਸਦੀ ਦੇ ਇਨ੍ਹਾਂ ਅੰਤਲੇ ਸਾਲਾਂ ਵਿੱਚ ਸਾਮਰਾਜੀ ਦੇਸ਼ਾਂ ਦੀਆਂ ਧੜਵੈਲ ਬਹੁ-ਕੌਮੀ ਕੰਪਨੀਆਂ ਅਤੇ ਸਰਕਾਰਾਂ ਆਪਣੀਆਂ ਸੰਸਾਰੀਕਰਨ, ਉਦਾਰੀਕਰਨ ਤੇ ਨਿੱਜੀਕਰਨ ਦੀਆਂ ਆਰਥਿਕ ਨੀਤੀਆਂ ਰਾਹੀਂ ਤੀਜੀ ਦੁਨੀਆ ਦੇ ਪਛੜੇ ਤੇ ਕਮਜ਼ੋਰ ਦੇਸ਼ਾਂ ਨੂੰ ਸਾਮਰਾਜੀ ਸਰਮਾਏ ਦੇ ਗਲਬੇ ਹੇਠ ਲਿਆਉਣ ਲਈ ਚੜ੍ਹੀਆਂ ਆ ਰਹੀਆਂ ਸਨ। ਕਾਰਵਾਂ ਨੇ ਦੁਨੀਆ ਭਰ ਦੇ ਲੋਕਾਂ ਨੂੰ ਖੁੱਲ੍ਹੀ ਮੰਡੀ ਦੇ ਛਲਾਵੇ ਅਤੇ ਸਾਮਰਾਜਵਾਦੀ ਆਰਥਿਕ ਨੀਤੀਆਂ ਤੇ ਨੀਤੀ-ਘਾੜਾ ਸੰਸਥਾਵਾਂ ਦੀ ਅਸਲੀਅਤ ਬਾਰੇ ਜਾਗਰੂਕ ਕਰਨ ਲਈ ਅਹਿਮ ਭੂਮਿਕਾ ਨਿਭਾਈ। ਇਹ ਕਾਰਵਾਂ ਦੁਨੀਆ ਭਰ ਦੀਆਂ ਸਾਮਰਾਜਵਾਦ ਵਿਰੋਧੀ ਤੇ ਲੋਕ ਪੱਖੀ ਜਥੇਬੰਦੀਆਂ ਰਲ-ਮਿਲ ਕੇ ਚਲਾ ਰਹੀਆਂ ਸਨ। ਮਹੀਨਾ ਭਰ ਚੱਲੇ ਕਾਰਵਾਂ ਦੌਰਾਨ ਵਾਪਰੀਆਂ ਅਜਿਹੀਆਂ ਕੌੜੀਆਂ-ਕੁਸੈਲੀਆਂ ਘਟਨਾਵਾਂ ਸਮੇਤ ਇਸ ਕਾਰਵਾਂ ਦੇ ਉਦੇਸ਼ਾਂ ਤੇ ਟੀਚਿਆਂ ਦਾ ਵਰਨਣ ਕਾਰਵਾਂ ਵਿੱਚ ਸ਼ਾਮਿਲ ਜਗਦੀਸ਼ ਪਾਪੜਾ ਨੇ ਪੱਚੀ ਸਾਲ ਪਹਿਲਾਂ ਲਿਖੇ ਸਫ਼ਰਨਾਮੇ 'ਸੁਪਨਿਆਂ ਦੀ ਸੈਰ' ਵਿੱਚ ਵੀ ਕੀਤਾ ਸੀ। ਹੁਣ ਇਸ ਸਫਰਨਾਮੇ ਦੀ ਦੂਜੀ ਛਾਪ ਨੇ ਉਨ੍ਹਾਂ ਘਟਨਾਵਾਂ ਨੂੰ ਨਵੇਂ ਸਿਰਿਉਂ ਚੇਤੇ ਕਰਵਾ ਦਿੱਤਾ।




Matrimonial

## ਵਿਆਹ/ਸ਼ਾਦੀ

'ਪਰਦੇਸ ਟਾਇਮਜ਼' ਇਕ ਯੋਗ ਵਰ ਲੱਭਣ ਵਿਚ ਤੁਹਾਡੀ ਬਹੁਤ ਸਹਾਇਤਾ ਕਰ ਸਕਦਾ ਹੈ। ਆਪਣਾ ਇਸ਼ਤਿਹਾਰ ਬੁੱਕ ਕਰਨ ਲਈ

ਸੰਪਰਕ ਕਰੋ: 510-938-7771 shaadi@pardestimes.com

### ਲੜਕੀ ਦੀ ਲੋੜ

ਰਾਮਗੜ੍ਹੀਆ ਲੜਕਾ, ਉਮਰ 40 ਸਾਲ, ਕੱਦ 5 ਫੁੱਟ 10 ਇੰਚ, ਅਮੈਰੀਕਨ ਸਿਟੀਜ਼ਨ, ਇੰਡੀਆ ਤੋਂ Electronics and Communication Engineering ਦੀ ਡਿਗਰੀ, ਇੰਟਰਨੈਸ਼ਨਲ ਕੰਪਨੀ ਵਿੱਚ Senior administrator, ਤਲਾਕਸ਼ੁਦਾ (ਬਿਨਾ ਬੱਚੇ ਤੋਂ) ਲਈ USA ya ਕੈਨੇਡਾ ਤੋਂ ਪੜ੍ਹੀ-ਲਿਖੀ, ਪਰਿਵਾਰਕ ਲੜਕੀ ਦੀ ਲੋੜ ਹੈ। ਸਟੂਡੈਂਟ/ਵਿਜ਼ਟਰ/ਵਰਕ ਪਰਮਿਟ ਵਾਲੀ ਲੜਕੀ 'ਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਬੱਚੇ ਵਾਲੇ ਸੰਪਰਕ ਨਾ ਕਰਨ। ਜਾਣਕਾਰੀ ਲਈ 1-510-240-2847 ਜਾਂ +1-510-200-1772 'ਤੇ ਫੋਨ ਕਰੋ

### ਲੜਕੀ ਦੀ ਲੋੜ

ਸਿੱਖ, ਸਿਟੀਜ਼ਨ ਰਾਮਗੜ੍ਹੀਆ ਲੜਕਾ 31 ਸਾਲ ਕੱਦ 5,8'', ਸੋਹਣਾ ਸੁਨੱਖਾ ਬੀ. ਐਸ. ਹੈਲਥਸਾਇੰਸ, ਐਮਰਜੈਂਸੀ ਰੂਮ ਟੈਕਨੀਸ਼ੀਅਨ, ਕੈਲੇਫੋਰਨੀਆ ਦੇ ਬੇ-ਏਰੀਆ 'ਚ ਰਹਿੰਦੇ, ਲਈ ਖੂਬਸੂਰਤ ਤੇ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਲੜਕੀ ਰਾਮਗੜ੍ਹੀਆ 'ਚੋਂ ਹੋਵੇ ਤਾਂ ਠੀਕ ਹੈ। ਹੋਰ ਜਾਣਕਾਰੀ ਲਈ ਹਰਮਿੰਦਰ ਸਿੰਘ ਲੱਲ ਨਾਲ 510-468-5436 ਤੇ ਸੰਪਰਕ ਕਰੋ।


# ਇਕ ਪੰਥ ਇਕ ਸੋਚ ਦਾ ਸੁਨੇਹਾ ਦਿੰਦੇ ਹੋਏ ਸੈਂਟਰਲ ਵੈਲੀ ਕੈਲੇਫੋਰਨੀਆਂ ਦੇ ਗੁਰੂਘਰਾਂ ਨੇ ਇਕੱਠੇ ਕੀਤਾ ਕੀਰਤਨ ਦਰਬਾਰ

## "ਇੱਕ ਪੰਥ ਇਕ ਸੋਚ ਦਾ ਸਫਲ ਉਪਰਾਲਾ"



ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ): ਕੈਲੇਫੋਰਨੀਆਂ ਦੀ ਸੈਂਟਰਲ ਵੈਲੀ ਦੇ ਸ਼ਹਿਰ ਫਰਿਜ਼ਨੋ ਅਤੇ ਇਲਾਕੇ ਦੀਆਂ ਸੰਗਤਾਂ ਵਲੋਂ ਸਮੁੱਚੇ ਸਿੱਖਾਂ ਦੀ ਏਕਤਾ ਦੇ ਮਿਸ਼ਨ "ਇਕ ਪੰਥ ਇਕ ਸੋਚ" ਨੂੰ ਮੁੱਖ ਰੱਖਦੇ ਹੋਏ ਗੁਰਦੁਆਰਾ ਗੁਰ ਨਾਨਕ ਪ੍ਰਕਾਸ਼ ਫਰਿਜ਼ਨੋ ਵਿਖੇ ਸਮੂੰਹ ਗੁਰੂਘਰਾਂ ਅਤੇ ਸੰਗਤਾਂ ਦੇ ਸਹਿਯੋਗ ਨਾਲ ਕੀਰਤਨ ਦਰਬਾਰ ਕਰਵਾਇਆ ਗਿਆ।



ਇਸ ਸਮੇਂ ਆਤਮਰਸ ਕੀਰਤਨ ਦਰਬਾਰ ਵਿਚ ਵੱਖ-ਵੱਖ ਵਿਚਾਰਧਾਰਾ ਜਾਂ ਮਰਿਯਾਦਾ ਵਿੱਚ ਵੰਡੇ ਕਹੇ ਜਾਣ ਵਾਲੇ ਗੁਰੂ ਘਰਾਂ ਦੇ ਰਾਗੀ ਢਾਡੀ ਵੀਰਾਂ ਅਤੇ ਸੰਗਤਾਂ ਨੇ ਇਕ ਥਾਂ ਇਕੱਤਰ ਹੋ ਕੇ ਆਪ ਸਿੱਖ ਏਕਤਾ ਤੇ ਪਹਿਰਾ ਦੇਂਦੇ ਹੋਏ ਸੰਸਾਰ ਭਰ ਦੇ ਸਿੱਖਾਂ ਨੂੰ ਵੀ ਏਕਤਾ ਦੀ ਅਪੀਲ ਵੀ ਕੀਤੀ। ਜਿਸ ਵਿੱਚ ਗੁਰਦੁਆਰਾ ਨਾਨਕਸਰ, ਦਰਬਾਰ ਸ਼੍ਰੀ ਗੁਰੂ ਗ੍ਰੰਥ ਸਾਹਿਬ, ਗੁਰਦੁਆਰਾ ਗੁਰੂ ਰਵਿਦਾਸ ਸਭਾ ਫਰਿਜ਼ਨੋ, ਸੈਲਮਾ ਦੇ ਗੁਰਦੁਆਰਾ ਕਲਗੀਧਰ, ਗੁਰਦੁਆਰਾ ਸਿੱਖ ਸੈਂਟਰ ਆਫ ਪੈਸ਼ੀਫਿਕ ਕੌਸ਼ਟ ਹਾਈਲੈਂਡ ਐਵਨਿਊ, ਗੁਰਦੁਆਰਾ ਕਰੰਦਰਜ਼, ਮੰਡੇਰਾ, ਗੁਰਦੁਆਰਾ ਅਨੰਦਗੜ ਸਾਹਿਬ ਕਰਮਨ, ਗੁਰੂਨਾਨਕ ਸਿੱਖ ਟੈਂਪਲ ਸਨਵਾਕੀਨ, ਗੁਰੂਘਰ ਟੂਲੈਰੀ ਅਤੇ ਹੋਰ ਸਥਾਨਿਕ ਗੁਰੂਘਰਾਂ ਨੇ ਜੱਥੇ ਭੇਜ ਕੇ ਜਿੱਥੇ ਆਪਣੇ ਏਕੇ ਦਾ ਸਬੂਤ ਦਿੱਤਾ। ਉੱਥੇ ਸੰਗਤਾਂ ਨੇ ਵੀ ਭਰਪੂਰ ਹਾਜ਼ਰੀ ਭਰਦੇ ਹੋਏ ਗੁਰਬਾਣੀ ਕੀਰਤਨ ਅਤੇ ਗੁਰੂ ਜਸ਼ ਸਰਵਣ ਕੀਤਾ। ਇਸ ਸਮੇਂ ਇਲਾਕੇ ਦੇ ਸਥਾਨਿਕ ਪੰਜਾਬੀ ਮੀਡੀਆਂ ਨੇ ਵੀ ਹਾਜ਼ਰੀ ਭਰੀ। ਇਸ ਸਮੇਂ ਸਭ ਦੀ ਇਕੋਂ ਵਿਚਾਰਧਾਰਾ ਸੀ ਕਿ ਅੱਜ ਪੂਰੇ ਸੰਸਾਰ ਦੇ ਸਿੱਖਾਂ ਨੂੰ ਸਰਬੱਤ ਦੇ ਭਲੇ ਲਈ ਇਕ ਹੋਣ ਦੀ ਸਖਤ ਲੋੜ ਹੈ।ਸਥਾਨਕ ਨਿਊਜ਼ ਚੈਨਲ "ਸਰਬੱਤ ਦਾ ਭਲਾ' ਅਤੇ "ਸਿੰਘ ਪ੍ਰੋਡਕਸਨ ਯੂ.ਐਸ.ਏ.' ਨੇ ਇਸ ਅਦੁੱਤੀ ਗੁਰਬਾਣੀ ਕੀਰਤਨ ਦਾ ਦੂਰ-ਦੁਰਾਡੇ ਦੀਆਂ ਸੰਗਤਾਂ ਲਈ ਲਾਈਵ ਪ੍ਰਸਾਰਣ ਕੀਤਾ।

ਸਿੱਖ ਏਕੇ ਦੇ ਮਾਮਲੇ ਚ ਆਮ ਸੰਗਤਾਂ ਦਾ ਇਹ ਕਹਿਣਾ ਹੈ ਕਿ ਇਲਾਕੇ ਚ ਤੀਜੀ ਵਾਰ ਸਭ ਵੱਖ ਵੱਖ ਵਿਚਾਰਧਾਰਾ ਨਾਲ ਸਬੰਧਿਤ ਗੁਰੂ ਘਰਾਂ ਦੇ ਜਥਿਆਂ, ਪ੍ਰਬੰਧਕਾਂ, ਪਤਵੰਤੇ ਸੱਜਣਾਂ, ਮੀਡੀਆ ਵਲੋਂ ਇਕੋ ਜਗਾ ਬੈਠ ਕੇ ਪੂਰੇ ਸਿੱਖਾਂ ਦੇ ਏਕੇ ਲਈ ਅਰਦਾਸ ਬੇਨਤੀ ਕਰਨੀ ਆਪਣੇ ਆਪ ਚ ਇੱਕ ਇਤਿਹਾਸਿਕ ਘਟਨਾ ਹੈ।

ਇੱਥੇ ਇਹ ਗੱਲ ਵਰਨਣਯੋਗ ਹੈ ਕਿ ਭਾਈ ਹਰਜਿੰਦਰ ਸਿੰਘ ਜੀ ਸ਼੍ਰੀਨਗਰ ਵਾਲਿਆਂ ਵਲੋਂ "ਇਕ ਪੰਥ ਇਕ ਸੋਚ" ਬਾਰੇ ਪਿਛਲੇ ਦਿਨੀਂ ਭਰੇ ਦਰਬਾਰ ਵਿਚ ਸੰਗਤਾਂ ਨੂੰ ਅਪੀਲ ਕੀਤੀ ਗਈ ਸੀ। ਇਸੇ ਸਦਕਾ ਸੰਗਤਾਂ ਵੱਲੋਂ ਏਕੇ ਲਈ ਚੁੱਕੇ ਜਾ ਰਹੇ ਕਦਮਾਂ ਨੂੰ ਭਾਰੀ ਉਤਸ਼ਾਹ ਮਿਲਿਆ। ਇਸ ਏਕੇ ਦੇ ਮਿਸ਼ਨ ਸੰਬੰਧੀ ਅਗਰ ਸਾਡੇ ਆਗੂ ਵੀ ਧਿਆਨ ਦੇਣ ਤਾਂ ਆਣ ਵਾਲੇ ਸਮੇਂ ਚ ਇੱਕ ਨਵਾਂ ਇਤਿਹਾਸ ਰਚਿਆ ਜਾ ਸਕਦਾ ਹੈ।

ਇਲਾਕੇ ਦੀਆਂ ਸੰਗਤਾਂ ਦੀ ਬੇਨਤੀ ਮਨਜ਼ੂਰ ਕਰਦੇ ਹੋਏ ਹੁਣ ਸਿੱਖ ਏਕਤਾ ਦੀ ਇਹ ਜ਼ਿੰਮੇਵਾਰੀ ਪੰਥ ਦੇ ਵੱਡੇ ਪਰਚਾਰਕਾਂ,ਆਗੂਆਂ ਅਤੇ ਵਿਸ਼ੇਸ ਕਰਕੇ ਪੰਥ ਦੇ ਜਥੇਦਾਰਾਂ ਨੂੰ ਬਿਨਾਂ ਦੇਰ ਲਗਾਏ ਚੁੱਕਣੀ ਚਾਹੀਦੀ ਹੈ। ਇਸ ਪ੍ਰੋਗਰਾਮ ਦਾ ਅੰਤ ਸਰਬੱਤ ਦੇ ਭਲੇ ਦੀ ਅਰਦਾਸ ਨਾਲ ਹੋਇਆ। ਪ੍ਰੋਗਰਾਮ ਦੇ ਮੁੱਖ ਪ੍ਰਬੰਧਕਾਂ ਵਿੱਚੋਂ ਭਾਈ ਪਰਮਪਾਲ ਸਿੰਘ ਨੇ ਬੋਲਦੇ ਹੋਏ ਇਸ ਸਹਿਯੋਗ ਲਈ ਸੰਗਤਾਂ ਦਾ ਧੰਨਵਾਦ ਕੀਤਾ। ਗੁਰੂ ਦਾ ਲੰਗਰ ਅਤੁੱਟ ਵਰਤਿਆ।

# ਵਿਪਸਾਅ ਵੱਲੋਂ 17 ਨਵੰਬਰ 2024 ਨੂੰ ਕਰਵਾਈ ਜਾ ਰਹੀ ਅੰਤਰ ਰਾਸ਼ਟਰੀ ਕਾਨਫ਼ਰੰਸ ਦੀਆਂ ਤਿਆਰੀਆਂ ਸੰਬੰਧੀ ਮੀਟਿੰਗ

ਹੇਵਰਡ- ਬੀਤੇ ਦਿਨੀਂ ਵਿਪਸਾਅ ਦੇ ਪ੍ਰਧਾਨ ਕੁਲਵਿੰਦਰ ਵੱਲੋਂ ਫੇਵਰਟ ਇੰਡੀਆ ਰੈਸਟੋਰੈਂਟ ਹੇਵਰਡ ਵਿਖੇ ਚੌਵੀਵੀਂ (24) ਕਾਨਫ਼ਰੰਸ ਦੀਆਂ ਤਿਆਰੀਆਂ ਸੰਬੰਧੀ ਕਾਰਜਕਾਰਨੀ ਦੀ ਮੀਟਿੰਗ ਬੁਲਾਈ ਗਈ। ਇਹ ਕਾਨਫ਼ਰੰਸ 17 ਨਵੰਬਰ 20024 ਨੂੰ 5774 ਮਹਿਰਾਨ ਰੈਸਟੋਰੈਂਟ ਨਿਵਾਰਕ/ਫਰੀਮੌਂਟ ਵਿਖੇ ਕਰਵਾਈ ਜਾ ਰਹੀ ਹੈ ਜੋ ਕਿ ਪਦਮ ਸ੍ਰੀ ਸੁਰਜੀਤ ਪਾਤਰ ਨੂੰ ਸਮਰਪਿਤ ਹੋਵੇਗੀ। ਅਮਰੀਕਾ, ਭਾਰਤ ਅਤੇ ਹੋਰ ਦੇਸਾਂ ਤੋਂ ਲੇਖਕ ਅਤੇ ਅਲੋਚਕ ਹਿੱਸਾ ਲੈ ਰਹੇ ਹਨ। ਮੀਟਿੰਗ ਵਿੱਚ ਕਾਨਫ਼ਰੰਸ ਨੂੰ ਸਫ਼ਲਤਾ ਪੂਰਵਕ ਨੇਪਰੇ ਚਾੜ੍ਹਨ ਲਈ ਅਹਿਮ ਫ਼ੈਸਲੇ ਲਏ ਗਏ। ਮਹਿਮਾਨਾਂ ਅਤੇ ਸਪਾਂਸਰਾਂ ਦੀ ਸੂਚੀ ਤਿਆਰ ਕੀਤੀ ਗਈ।

**ਰਿਪੋਰਟ: ਲਾਜ ਨੀਲਮ ਸੈਣੀ**

**(ਸਾਹਿਤ ਸਕੱਤਰ) 510-502-0551**

# ਪੰਚਾਇਤੀ ਚੋਣਾਂ ਦੇ ਰੰਗ 'ਚ ਰੰਗਿਆ ਪਿਆ ਹੈ ਪੰਜਾਬ, ਲੱਗ ਰਿਹਾ ਅੱਡੀ-ਚੋਟੀ ਦਾ ਜ਼ੋਰ

**ਜਤਿੰਦਰ ਪੰਮੀ**

ਇਸ ਵਿਚ ਕੋਈ ਸ਼ੱਕ ਨਹੀਂ ਕਿ ਭਾਰਤ ਦਾ ਲੋਕਤੰਤਰ ਪੰਚਾਇਤਾਂ ਦੀ ਮਜ਼ਬੂਤੀ ਅਤੇ ਨਿਰਪੱਖ ਚੋਣਾਂ 'ਤੇ ਟਿਕਿਆ ਹੋਇਆ ਹੈ। ਸਾਡੇ ਦੇਸ਼ ਵਿਚ ਪੰਚਾਇਤੀ ਰਾਜ ਸ਼ਾਸਨ ਪ੍ਰਣਾਲੀ ਦੇ ਰੂਪ ਵਿਚ ਕੰਮ ਕਰਦਾ ਹੈ। ਚੋਣ ਕਮਿਸ਼ਨ ਪੰਜਾਬ (Eleciton Comimsison Punjab) ਵੱਲੋਂ ਲੋਕਤੰਤਰ ਦੀ ਮੁੱਢਲੀ ਅਤੇ ਸਭ ਤੋਂ ਹੇਠਲੀ ਇਕਾਈ ਮੰਨੀਆਂ ਜਾਂਦੀਆਂ ਪੰਚਾਇਤਾਂ ਦੀਆਂ ਚੋਣ (Panchayat Elecitons) ਲਈ 15 ਅਕਤੂਬਰ ਨੂੰ ਚੋਣਾਂ ਕਰਵਾਉਣ ਦਾ ਐਲਾਨ ਕੀਤਾ ਗਿਆ ਹੈ ਅਤੇ ਸੂਬੇ ਦੇ ਸਾਰੇ ਪਿੰਡਾਂ ਵਿਚ ਇਕੋ ਦਿਨ ਵੋਟਾਂ ਪੈਣਗੀਆਂ। ਪਿੰਡਾਂ ਦੇ ਸਮੂਹਿਕ ਵਿਕਾਸ ਦਾ ਧੁਰਾ ਗ੍ਰਾਮ ਪੰਚਾਇਤਾਂ ਦੀਆਂ ਚੋਣਾਂ ਦਾ ਬਿਗਲ ਵੱਜਦਿਆਂ ਸਾਰ ਪਿੰਡਾਂ ਵਿਚ ਸਿਆਸੀ ਸਰਗਰਮੀਆਂ ਸਿਖ਼ਰਾਂ 'ਤੇ ਪੁੱਜ ਗਈਆਂ ਹਨ ਅਤੇ ਸਰਪੰਚਾਂ ਤੇ ਪੰਚਾਂ ਨੂੰ ਜਿਤਾਉਣ ਲਈ ਅੱਡੀ ਚੋਟੀ ਦੇ ਜ਼ੋਰ ਲੱਗ ਰਹੇ ਹਨ। ਪੰਚਾਇਤੀ ਚੋਣਾਂ ਦਾ ਅਮਲ ਪੂਰੀ ਤਰ੍ਹਾਂ ਭੱਖ ਚੁੱਕਾ ਹੈ। ਇਸ ਕਸ਼ਮਕਸ਼ ਦੌਰਾਨ ਸਭ ਤੋਂ ਮਹੱਤਵਪੂਰਨ ਧੜਿਆਂ ਤੋਂ ਨਿਰਲੇਪ ਰਹਿ ਕੇ ਪਿੰਡਾਂ ਦੇ ਵਿਕਾਸ ਨੂੰ ਪਹਿਲ ਦੇ ਕੇ ਪੰਚਾਇਤਾਂ ਚੁਣਨਾ ਬੇਹੱਦ ਜ਼ਰੂਰੀ ਹੈ ਕਿਉਂਕਿ ਗ੍ਰਾਮ ਪੰਚਾਇਤਾਂ ਭਾਰਤੀ ਲੋਕਰਾਜ (Inidan democracy) ਅਤੇ ਸਥਾਨਕ ਪ੍ਰਸ਼ਾਸਨ ਦੀਆਂ ਮੁੱਢਲੀਆਂ ਇਕਾਈਆਂ ਹਨ।

ਸੂਬੇ ਅੰਦਰ 13,237 ਪੰਚਾਇਤਾਂ ਦੇ ਗਠਨ ਲਈ 1,33,97,932 ਵੋਟਰ, ਜਿਨ੍ਹਾਂ 'ਚ 70,51,722 ਮਰਦ ਵੋਟਰ ਤੇ 63,46,008 ਮਹਿਲਾ ਵੋਟਰ ਸ਼ਾਮਿਲ ਹਨ, ਜੋ ਆਪਣੇ ਅਧਿਕਾਰ ਦੀ ਵਰਤੋਂ ਕਰਕੇ 13, 237 ਸਰਪੰਚਾਂ ਤੇ 83,437 ਪੰਚਾਂ ਦੀ ਚੋਣ ਕਰਨਗੇ। ਇਸ ਵਾਰ ਪੰਚਾਇਤੀ ਚੋਣਾਂ 'ਚ ਔਰਤਾਂ ਨੂੰ 50 ਫ਼ੀਸਦੀ ਰਾਖਵਾਂਕਰਨ ਦਿੱਤਾ ਗਿਆ। ਅਰਥਾਤ ਇਸ ਵਾਰ ਸੂਬੇ 'ਚ 6618 ਮਹਿਲਾ ਸਰਪੰਚਾਂ ਦੀ ਚੋਣ ਹੋਵੇਗੀ ਅਤੇ ਪੰਚਾਇਤੀ ਰਾਜ 'ਚ ਔਰਤਾਂ ਦੀ ਹਿੱਸੇਦਾਰੀ(ਫਅਰਟਿਚਿਪਅਟਿਨੋ ੀ ਮਏਨਿ ਨ ਫਅਨਚਹਐਅਟ) ਮਰਦਾਂ ਦੇ ਬਰਾਬਰ ਹੋ ਜਾਵੇਗੀ। ਇਸ ਦਾ ਉਦੇਸ਼ ਹੇਠਲੇ ਪੱਧਰ 'ਤੇ ਲੋਕਤੰਤਰ ਦੀ ਮੁੱਢਲੀ ਇਕਾਈ 'ਚ ਔਰਤਾਂ ਦੀ ਸ਼ਮੂਲੀਅਤ ਵਧਾ ਕੇ ਲੋਕਾਂ 'ਚ ਮਹਿਲਾ ਸਸ਼ਕਤੀਕਰਨ ਦਾ ਸੁਨੇਹਾ ਪਹੁੰਚਾਉਣਾ ਹੈ। ਹਾਲਾਂਕਿ ਮੌਜੂਦਾ ਸਮੇਂ ਲੋਕਤੰਤਰ ਦੀ ਮੁੱਢਲੀ ਇਕਾਈ ਪੰਚਾਇਤਾਂ 'ਤੇ ਸਿਆਸਤ ਸਭ ਤੋਂ ਵੱਧ ਹਾਵੀ ਹੋ ਚੁੱਕੀ ਹੈ। ਇਸ ਨਾਲ ਜਿੱਥੇ ਪੇਂਡੂ ਭਾਈਚਾਰਕ ਸਾਂਝ ਨੂੰ ਠੇਸ ਪੁੱਜੀ ਹੈ, ਉਥੇ ਹੀ ਪਿੰਡਾਂ 'ਚ ਆਪਸੀ ਲੜਾਈ-ਝਗੜੇ ਵੀ ਵਧੇ ਹਨ। ਜੇਕਰ ਪਿਛਲੇ 3 ਦਹਾਕਿਆਂ ਦੀਆਂ ਪੰਚਾਇਤੀ ਚੋਣਾਂ 'ਤੇ ਨਜ਼ਰ ਮਾਰੀ ਜਾਵੇ ਤਾਂ ਪਤਾ ਲੱਗਦਾ ਹੈ ਕਿ ਪੰਜਾਬ ਦੀ ਸਿਆਸਤ ਪਿੰਡਾਂ ਤੋਂ ਹੀ ਚੱਲਦੀ ਹੈ। ਇਸ ਦਾ ਕਾਰਨ ਇਹ ਵੀ ਹੈ ਕਿ ਪੰਚਾਇਤੀ ਚੋਣਾਂ ਨੂੰ ਕਿਸੇ ਵੀ ਸਿਆਸੀ ਧਿਰ ਦਾ ਸੂਬੇ 'ਤੇ ਸੱਤਾ 'ਚ ਆਉਣ ਲਈ ਭਵਿੱਖ ਤੈਅ ਕਰਦੀਆਂ ਹਨ। ਇਸ ਦੇ ਨਾਲ ਹੀ ਪੰਚਾਇਤੀ ਚੋਣਾਂ ਲੜਨ ਵਾਲੇ ਸਿਆਸੀ ਆਗੂਆਂ ਦਾ ਵੀ ਭਵਿੱਖ ਇਨ੍ਹਾਂ ਨਾਲ ਜੁੜਿਆ ਹੁੰਦਾ ਹੈ। ਸੂਬੇ 'ਚ ਬਹੁਤ ਸਾਰੀਆਂ ਅਜਿਹੀਆਂ ਮਸਾਲਾਂ ਮਿਲ ਜਾਂਦੀਆਂ ਹਨ ਕਿ ਸਰਪੰਚ ਦੀ ਚੋਣ ਲੜ ਕੇ ਸੱਤਾ ਦੀ ਬਿਸਾਤ ਦੇ ਮੋਹਰੇ ਬਣਨ ਵਾਲੇ ਲੋਕ ਸੂਬੇ ਦੀ ਸੱਤਾ 'ਤੇ ਕਾਬਜ਼ ਹੋਏ ਹਨ ਅਤੇ ਦੇਸ਼ ਦੀ ਸਿਆਸਤ 'ਚ ਵੀ ਵੱਡਾ ਨਾਮਣਾ ਖੱਟਿਆ।

### ਕਦੋਂ ਹੋਂਦ 'ਚ ਆਈਆਂ ਸਨ ਪੰਚਾਇਤਾਂ

ਸਿੱਖ ਰਾਜ ਦੇ ਬਾਨੀ ਮਹਾਰਾਜਾ ਰਣਜੀਤ ਸਿੰਘ ਦੇ ਸ਼ਾਸਨਕਾਲ ਤੋਂ ਬਾਅਦ ਅੰਗਰੇਜ਼ ਹਕੂਮਤ ਨੇ 1846 'ਚ ਪੰਜਾਬ 'ਤੇ ਪੂਰੀ ਤਰ੍ਹਾਂ ਕਬਜ਼ਾ ਕਰ ਲਿਆ ਸੀ। ਬਰਤਾਨਵੀ ਹਕੂਮਤ ਨੇ ਪੇਂਡੂ ਪੱਧਰ 'ਤੇ ਆਪਣੀ ਸੱਤਾ ਦਾ ਗਲਬਾ ਕਾਇਮ ਕਰਨ ਤੇ ਆਪਣੀਆ ਨੀਤੀਆ ਲਾਗੂ ਕਰਨ ਲਈ ਭਾਰਤੀ ਪੇਂਡੂ ਐਕਟ 1883 ਲਿਆਂਦਾ ਸੀ। 1947 'ਚ ਭਾਰਤ ਨੂੰ ਬਰਤਾਵਨੀ ਹਕੂਮਤ ਤੋਂ ਆਜ਼ਾਦੀ ਮਿਲਣ ਉਪਰੰਤ ਆਜ਼ਾਦ ਭਾਰਤ ਦੀ ਸਰਕਾਰ ਨੇ ਪਹਿਲਾ ਦੇਸੀ ਪੰਚਾਇਤੀ ਕਾਨੂੰਨ 1959 'ਚ ਪਾਸ ਕੀਤਾ ਸੀ। ਪੰਚਾਇਤੀ ਕਾਨੂੰਨ ਨੂੰ ਸਮੇਂ ਦੇ ਹਾਣ ਦਾ ਬਣਾਉਣ ਲਈ 1993 'ਚ ਸੰਵਿਧਾਨ ਦੀ 73ਵੀਂ ਸੋਧ ਰਾਹੀਂ ਭਾਰਤੀ ਪੰਚਾਇਤੀ ਕਾਨੂੰਨ 'ਚ ਵੱਡੇ ਪੱਧਰ 'ਤੇ ਤਬਦੀਲੀਆਂ ਕੀਤੀਆਂ ਗਈਆਂ ਸਨ। ਪੰਜਾਬ ਸੂਬੇ ਨੇ ਵੀ 73ਵੀਂ ਸੋਧ ਦੀਆਂ ਮੱਦਾਂ ਅਨੁਸਾਰ ਆਪਣਾ ਪੰਜਾਬ ਰਾਜ ਪੰਚਾਇਤੀ ਐਕਟ 1994 ਪਾਸ ਕੀਤਾ। ਪੰਜਾਬ 'ਚ ਪੰਚਾਇਤ ਸਿਸਟਮ ਤਿੰਨ ਪੱਧਰੀ ਹੈ, ਜਿਸ 'ਚ ਪੰਚਾਇਤ, ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਸ਼ਾਮਿਲ ਹਨ। ਪੰਚਾਇਤ ਮੈਂਬਰ ਤੇ ਸਰਪੰਚ ਸਿਆਸੀ ਲੋਕ ਹੁੰਦੇ ਹਨ ਤੇ ਪ੍ਰਸ਼ਾਸਨ ਦਾ ਨੁਮਾਇੰਦਾ ਪੰਚਾਇਤ ਸਕੱਤਰ ਹੁੰਦਾ ਹੈ। ਬਲਾਕ ਪੱਧਰ 'ਤੇ ਬਲਾਕ ਸੰਮਤੀ ਦਾ ਚੇਅਰਮੈਨ ਸਿਆਸੀ ਹੁੰਦਾ ਹੈ ਅਤੇ ਬੀਡੀਪੀਓ ਪ੍ਰਸ਼ਾਸਨਿਕ ਅਧਿਕਾਰੀ ਹੁੰਦਾ ਹੈ।



### ਸਰਪੰਚੀ ਦੀ ਬੋਲੀ-ਖ਼ਤਰਨਾਕ ਰੁਝਾਨ

ਪਹਿਲਾਂ ਜਦੋਂਕਿ ਪੰਚਾਇਤਾਂ ਦੀ ਸਰਬਸੰਮਤੀ ਹੁੰਦੀ ਸੀ ਅਤੇ ਅਜਿਹੀਆਂ ਪੰਚਾਇਤਾਂ ਦਾ ਸਨਮਾਨ ਹੁੰਦਾ ਸੀ ਪਰ ਐਤਕੀਂ ਪੰਚਾਇਤਾਂ ਦੀ ਲੱਖਾਂ-ਕਰੋੜਾਂ ਰੁਪਏ ਦੀ ਬੋਲੀ ਲੱਗਣ ਦਾ ਜੋ ਰੁਝਾਨ ਸ਼ੁਰੂ ਹੋਇਆ ਹੈ, ਉਹ ਲੋਕਤੰਤਰ ਲਈ ਗੰਭੀਰ ਖ਼ਤਰਾ ਮੰਨਿਆ ਜਾ ਸਕਦਾ ਹੈ। ਇਸ ਨਾਲ ਭ੍ਰਿਸ਼ਟਾਚਾਰ ਦਾ ਪਸਾਰਾ ਹੋਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਹੋਰ ਤਾਂ ਹੋਰ ਮੌਜੂਦਾ ਚੋਣਾਂ ਦੌਰਾਨ ਤਾਂ ਪੰਚਾਇਤਾਂ ਦੀਆਂ ਬੋਲੀਆਂ ਤੇ ਸਰਪੰਚੀ ਤੇ ਪੰਚੀ ਖ਼ਾਤਿਰ ਗੋਲੀਆਂ ਚਲਾਉਣ ਤੋਂ ਵੀ ਲੋਕ ਪਰਹੇਜ਼ ਨਹੀਂ ਕਰ ਰਹੇ। ਲੋਕ ਬੋਲੀ ਲਾ ਕੇ ਪੰਚਾਇਤ 'ਤੇ ਕਾਬਜ਼ ਹੋਣ ਦਾ ਹੱਥਕੰਡਾ ਵਰਤ ਰਹੇ ਹਨ। ਜਦੋਂ ਤੋਂ ਸੂਬੇ ਅੰਦਰ ਪੰਚਾਇਤੀ ਚੋਣਾਂ ਲਈ ਪ੍ਰਕਿਰਿਆ ਆਰੰਭ ਹੋਈ ਹੈ, ਉਦੋਂ ਤੋਂ ਹੀ ਵੱਖ-ਵੱਖ ਜ਼ਿਲ੍ਹਿਆਂ 'ਚੋਂ ਅਜਿਹੀਆਂ ਖ਼ਬਰਾਂ ਸਾਹਮਣੇ ਆ ਰਹੀਆਂ ਹਨ, ਜਿਨ੍ਹਾਂ 'ਚ ਸਰਪੰਚੀ ਤੇ ਪੰਚੀ ਖ਼ਾਤਿਰ ਲੱਖਾਂ-ਕਰੋੜਾਂ ਰੁਪਏ ਦੀ ਬੋਲੀ ਲਾਈ ਜਾ ਰਹੀ ਹੈ। ਭਾਵੇਂ ਕਿ ਕਿਹਾ ਇਹ ਜਾਂਦਾ ਹੈ ਕਿ ਬੋਲੀ ਰਾਹੀਂ ਆਈ ਰਕਮ ਪਿੰਡ ਦੇ ਵਿਕਾਸ ਕਾਰਜਾਂ 'ਤੇ ਖ਼ਰਚੀ ਜਾਵੇਗੀ। ਪਰ ਅਸਲੀਅਤ ਇਹ ਹੈ ਕਿ ਚੁਣੇ ਜਾਣ ਵਾਲੇ ਸਰਪੰਚ ਇਸ ਰਕਮ ਨੂੰ ਖ਼ਰਚਣ ਸਮੇਂ ਆਪਣੀ ਇੱਛਾ ਨੂੰ ਪਹਿਲ ਦੇਣਗੇ ਨਾ ਕਿ ਪਿੰਡ ਦੀ ਜ਼ਰੂਰਤ ਨੂੰ। ਇਹ ਰੁਝਾਨ ਬਹੁਤ ਹੀ ਖ਼ਤਰਨਾਕ ਹੈ, ਜੋ ਕਿ ਲੋਕਤੰਤਰ ਲਈ ਵੱਡਾ ਖ਼ਤਰਾ ਬਣ ਜਾਵੇਗਾ।

### ਮਹਾਤਮਾ ਗਾਂਧੀ ਤੇ ਡਾ. ਅੰਬੇਡਕਰ ਦਾ ਸੁਪਨਾ

ਭਾਰਤੀ ਸੰਵਿਧਾਨ ਦੇ ਨਿਰਮਾਤਾ ਤੇ ਦਲਿਤਾਂ ਦੇ ਮਸੀਹਾ ਵਜੋਂ ਜਾਣੇ ਜਾਂਦੇ ਬਾਬਾ ਸਾਹਿਬ ਡਾ. ਬੀਆਰ ਅੰਬੇਡਕਰ ਤੇ ਰਾਸ਼ਟਰਪਿਤਾ ਮਹਾਤਮਾ ਗਾਂਧੀ ਨੇ ਆਮ ਲੋਕਾਂ ਦੀ ਦੇਸ਼ ਦੇ ਵਿਕਾਸ 'ਚ ਵਧੇਰੇ ਸ਼ਮੂਲੀਅਤ ਯਕੀਨੀ ਬਣਾਉਣ ਲਈ ਪਿੰਡਾਂ 'ਚ ਵੱਸਦੇ ਲੋਕਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਦਾ ਸੁਪਨਾ ਦੇਖਿਆ ਸੀ। ਡਾ। ਅੰਬੇਡਕਰ ਨੇ ਹਾਸ਼ੀਆਗਤ ਲੋਕਾਂ ਦੇ ਹਾਲਤ ਨੂੰ ਦੇਖਦੇ ਹੋਏ ਉਨ੍ਹਾਂ ਦੀ ਆਪਣੀ ਹਿੱਸੇਦਾਰੀ ਸਥਾਨਕ ਸ਼ਾਸਨ 'ਚ ਕਰਨ ਵਾਲੀ ਇਕਾਈ ਬਣਾਉਣ ਦੀ ਵਕਾਲਤ ਕੀਤੀ ਸੀ। ਇਸ ਨਾਲ ਸਦੀਆਂ ਤੋਂ ਪੱਛੜੇ ਤੇ ਅਨਪੜ੍ਹਤਾ ਦੇ ਜੰਜਾਲ 'ਚ ਫਸੇ ਲੋਕਾਂ ਨੂੰ ਉਨ੍ਹਾਂ ਦੇ ਬਣਦੇ ਹੱਕ ਦਿਵਾਉਣ ਲਈ ਪੰਚਾਇਤੀ ਰਾਜ ਦੀ ਨੀਂਹ ਰੱਖੀ ਸੀ। ਇਸ ਨੂੰ ਅਮਲੀ ਰੂਪ 73ਵੀਂ ਸੋਧ ਰਾਹੀਂ ਦਿੱਤਾ ਗਿਆ ਸੀ, ਜਿਸ ਤੋਂ ਬਾਅਦ ਪੰਚਾਇਤਾਂ ਦੀ ਚੋਣ 'ਚ ਆਮ ਲੋਕਾਂ ਤੇ ਵਿਸ਼ੇਸ਼ ਕਰਕੇ ਔਰਤਾਂ ਦੀ ਸ਼ਮੂਲੀਅਤ ਯਕੀਨੀ ਕੀਤੀ ਗਈ ਸੀ। ਇਸੇ ਤਰ੍ਹਾਂ ਰਾਸ਼ਟਰਪਿਤਾ ਮਹਾਤਮਾ ਗਾਂਧੀ ਪੰਚਾਇਤੀ ਰਾਜ ਨੂੰ ਮਜ਼ਬੂਤ ਕਰਨ ਦੇ ਪਹਿਲੇ ਸੁਪਨਸਾਜ਼ਾਂ 'ਚੋਂ ਇਕ ਸਨ। ਉਨ੍ਹਾਂ ਦਾ ਮੰਨਣਾ ਸੀ ਕਿ ਹੇਠਲੇ ਪੱਧਰ 'ਤੇ ਲੋਕਾਂ ਨੂੰ ਵੱਧ ਤੋਂ ਵੱਧ ਸ਼ਕਤੀਆਂ ਮਿਲਣੀਆਂ ਚਾਹੀਦੀਆਂ ਹਨ। ਇਸ ਲਈ ਲੋਕਤੰਤਰ ਦੀ ਸਭ ਤੋਂ ਛੋਟੀ ਇਕਾਈ ਪੰਚਾਇਤ ਨੂੰ ਮਜ਼ਬੂਤ ਤੇ ਵਿਕਾਸਮੁਖੀ ਬਣਾਇਆ ਗਿਆ ਸੀ ਜੋ ਕਿ ਪਿੰਡ ਦੇ ਵਿਕਾਸ 'ਚ ਅਹਿਮ ਯੋਗਦਾਨ ਪਾਉਂਦੀ ਹੈ।

### ਨਤੀਜੇ ਬਾਅਦ 'ਚ ਆਉਣ ਤਾਂ ਚੰਗਾ !

ਆਮ ਤੌਰ 'ਤੇ ਪੰਚਾਇਤੀ ਚੋਣਾਂ ਦਾ ਨਤੀਜਾ ਉਸੇ ਦਿਨ ਭਾਵ ਜਿਸ ਦਿਨ ਵੋਟਾਂ ਪੈਂਦੀਆਂ ਹਨ, ਉਸੇ ਦਿਨ ਸ਼ਾਮ ਨੂੰ ਆ ਜਾਂਦਾ ਹੈ ਪਰ ਨਤੀਜਾ ਬਾਅਦ ਵਿਚ ਆਉਣਾ ਚਾਹੀਦਾ ਹੈ ਕਿਉਂਕਿ ਵੋਟਾਂ ਵਾਲੇ ਦਿਨ ਮਾਹੌਲ ਗਰਮਾਇਆ ਹੁੰਦਾ ਹੈ ਤੇ ਲੋਕ ਨਤੀਜਿਆਂ ਦੀ ਉਡੀਕ ਵਿਚ ਤਰਲੋਮੱਛੀ ਹੋਏ ਹੁੰਦੇ ਹਨ। ਅਜਿਹੇ ਮਾਹੌਲ ਵਿਚ ਝਗੜਾ ਹੋਣ ਦਾ ਡਰ ਵੀ ਬਣਿਆ ਰਹਿੰਦਾ ਹੈ। ਹੋਰਨਾਂ ਚੋਣਾਂ ਵਾਂਗ ਨਤੀਜੇ ਬਾਅਦ ਵਿਚ ਆਉਣ ਨਾਲ ਪਿੰਡਾਂ ਦਾ ਮਾਹੌਲ ਖ਼ੁਸ਼ਗਵਾਰ ਰਹਿ ਸਕਦਾ ਹੈ।

### ਪੰਚਾਇਤ ਦਾ ਉੱਚਤਮ ਦਰਜਾ

ਪੰਜਾਬ ਨੇ ਮੁੱਢ ਕਦੀਮ ਤੋਂ ਹੀ ਪੰਚ ਪ੍ਰਧਾਨੀ ਨੂੰ ਪਹਿਲ ਦਿੱਤੀ ਹੈ। ਗੁਰੂ ਸਾਹਿਬਾਨ ਨੇ ਪੰਜ ਪ੍ਰਧਾਨੀ ਨੂੰ ਉੱਤਮ ਥਾਂ ਦਿੱਤੀ ਹੈ। ਪੰਚਾਇਤੀ ਰਾਜ ਤੋਂ ਪਹਿਲਾਂ ਵੀ ਫ਼ੈਸਲੇ ਪਿੰਡ ਦੇ ਮੋਹਤਬਰਾਂ ਤੇ ਸੂਝਵਾਨ ਲੋਕਾਂ ਵੱਲੋਂ ਕੀਤੇ ਜਾਂਦੇ ਸਨ। ਇਨ੍ਹਾਂ ਰਵਾਇਤਾਂ ਨੂੰ ਹੀ ਪੰਚਾਇਤੀ ਰਾਜ ਦਾ ਆਧਾਰ ਬਣਾਇਆ ਤੇ ਪੰਚਾਇਤ ਨੂੰ ਉੱਚਤਮ ਦਰਜਾ ਦਿੱਤਾ ਗਿਆ। ਭਾਰਤੀ ਪ੍ਰਕਾਸ਼ਕੀ ਪ੍ਰਬੰਧ ਪ੍ਰਣਾਲੀ 'ਚ ਪੰਚਾਇਤਾਂ ਦਾ ਅਹਿਮ ਸਥਾਨ ਹੈ ਤੇ ਇਨ੍ਹਾਂ ਦੇ ਫ਼ੈਸਲੇ ਨੂੰ ਅਦਾਲਤੀ ਪ੍ਰਣਾਲੀ 'ਚ ਵੀ ਮਹੱਤਤਾ ਦਿੱਤੀ ਜਾਂਦੀ ਹੈ। ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ-

ਪੰਚ ਪਰਵਾਣ ਪੰਚ ਪਰਧਾਨ॥
ਪੰਚੇ ਪਾਵਹਿ ਦਰਗਾਹਿ ਮਾਨੁ॥
ਪੰਚੇ ਸੋਹਹਿ ਦਰਿ ਰਾਜਾਨੁ॥
ਪੰਚਾ ਦਾ ਗੁਰੁ ਏਕੁ ਧਿਆਨੁ॥

ਪ੍ਰੋ। ਪੂਰਨ ਸਿੰਘ ਨੇ ਵੀ ਖੁੱਲ੍ਹੇ ਡੁੱਲ੍ਹੇ ਸੁਭਾਅ ਵਾਲੇ ਪੰਜਾਬ ਦੀ ਕਲਪਨਾ ਕੀਤੀ ਹੈ। ਜਿੱਥੇ ਹਰ ਮਸਲੇ ਦਾ ਹੱਲ ਭਾਈਚਾਰਕ ਤੌਰ 'ਤੇ ਕੀਤਾ ਜਾਂਦਾ ਹੈ। 'ਪਿੰਡਾਂ ਵਿਚ ਰੱਬ ਵਸਦਾ' ਦਾ ਉਨ੍ਹਾਂ ਦਾ ਸੰਕਲਪ ਵੀ ਸਿਆਸਤ ਦੀ ਥਾਂ ਭਾਈਚਾਰਕ ਸਮਾਜ ਉਸਾਰੀ 'ਚੋਂ ਉਪਜਿਆ ਹੈ। ਮਹਾਤਮਾ ਗਾਂਧੀ ਜੀ ਨੇ ਵੀ ਪੰਚਾਇਤੀ ਰਾਜ ਨੂੰ ਲੋਕਾਂ ਦੀ ਰਾਏ ਨਾਲ ਹਿੰਸਾ ਰਹਿਤ ਫ਼ੈਸਲੇ ਕਰਨ ਵਾਲੀ ਇਕਾਈ ਮੰਨਿਆ ਹੈ। ਇਸ ਤਰ੍ਹਾਂ ਪੰਚਾਇਤਾਂ ਦੀ ਪਿੰਡਾਂ ਦੇ ਵਿਕਾਸ ਅਤੇ ਨਿਆਂ ਪ੍ਰਕਿਰਿਆ 'ਚ ਅਹਿਮ ਭੂਮਿਕਾ ਹੈ।

### ਆਮ ਆਦਮੀ ਦੇ ਵੱਸ ਦੀ ਗੱਲ ਨਹੀਂ ਰਹੀ ਸਰਪੰਚੀ ਦੀ ਚੋਣ

ਵੈਸੇ ਤਾਂ ਜਦੋਂ ਤੋਂ ਪੰਚਾਇਤੀ ਚੋਣਾਂ ਹੋ ਰਹੀਆਂ ਹਨ, ਉਦੋਂ ਤੋਂ ਪੰਚੀ ਤੇ ਸਰਪੰਚੀ ਨੂੰ ਲੈ ਕੇ ਪਿੰਡ ਦੇ ਚੌਧਰ ਵਾਲੇ ਪਰਿਵਾਰਾਂ ਨੇ ਪੈਸੇ ਤੇ ਤਾਕਤ ਦੇ ਜ਼ੋਰ ਨਾਲ ਪੰਚਾਇਤਾਂ 'ਤੇ ਗਲਬਾ ਕਾਇਮ ਰੱਖਿਆ ਹੋਇਆ ਹੈ। ਸਰਮਾਏਦਾਰ ਤੇ ਪਹੁੰਚ ਵਾਲੇ ਪਰਿਵਾਰ ਹੀ ਪਿੰਡ ਦੇ ਆਮ ਤੇ ਅਨਪੜ੍ਹ ਲੋਕਾਂ ਨੂੰ ਪੈਸੇ ਤੇ ਸ਼ਰਾਬ ਦਾ ਲਾਲਚ ਦੇ ਕੇ ਚੋਣਾਂ ਜਿੱਤਦੇ ਰਹੇ ਸਨ ਪਰ ਪਿੰਡਾਂ ਦੇ ਆਮ ਘਰਾਂ 'ਚੋਂ ਪੜ੍ਹ-ਲਿਖ ਕੇ ਨਿਕਲੇ ਲੋਕਾਂ ਨੂੰ ਜਦੋਂ ਆਪਣੇ ਵੋਟ ਦੇ ਅਧਿਕਾਰ ਦੀ ਅਹਿਮੀਅਤ ਪਤਾ ਲੱਗੀ ਤਾਂ ਉਹ ਵੀ ਚੋਣਾਂ 'ਚ ਹਿੱਸਾ ਲੈਣ ਲੱਗੇ। ਹਾਲਾਂਕਿ ਇਨ੍ਹਾਂ ਚੋਣਾਂ ਦੌਰਾਨ ਆਪਸੀ ਲੜਾਈ-ਝਗੜੇ ਵੀ ਵਧੇ ਹਨ ਤੇ ਕਈ ਵਾਰ ਤਾਂ ਕਤਲ ਵੀ ਹੋ ਜਾਂਦੇ ਹਨ। ਸਮੇਂ ਦੀ ਲੋੜ ਮੁਤਾਬਕ ਪੰਚਾਇਤੀ ਐਕਟ 'ਚ ਸੋਧ ਹੋਣ ਨਾਲ ਪੰਚਾਇਤੀ ਚੋਣਾਂ 'ਚ ਲੋਕਤੰਤਰ ਬਹਾਲ ਹੋਣ ਕਾਰਨ ਅਤੇ ਆਮ ਲੋਕਾਂ ਤੇ ਔਰਤਾਂ ਦੀ ਸ਼ਮੂਲੀਅਤ ਵਧਣ ਕਰਕੇ ਜਗੀਰੂ ਸੋਚ ਵਾਲੇ ਲੋਕਾਂ ਦਾ ਸਰਪੰਚੀ ਤੇ ਪੰਚੀ ਤੋਂ ਗਲਬਾ ਘਟਣ ਲੱਗ ਪਿਆ। ਫਿਰ ਵੀ ਸਰਪੰਚੀ ਤੇ ਪੰਚੀ ਨੂੰ ਮੁੱਛ ਦਾ ਸਵਾਲ ਸਮਝਣ ਵਾਲੇ ਲੋਕ ਨਵੇਂ ਢੰਗ ਤਰੀਕੇ ਵਰਤਦੇ ਆ ਰਹੇ ਹਨ।

### ਪਰਵਾਸੀ ਪੰਜਾਬੀਆ ਦਾ ਵੀ ਹੁੰਦੈ ਦਖ਼ਲ

ਪੰਚਾਇਤੀ ਚੋਣਾਂ 'ਚ ਵਿਦੇਸ਼ ਬੈਠੇ ਪਰਵਾਸੀ ਪੰਜਾਬੀਆ ਦਾ ਕਾਫ਼ੀ ਦਖ਼ਲ ਹੁੰਦਾ ਹੈ। ਪਰਵਾਸੀ ਪੰਜਾਬੀ ਆਪਣੇ ਪਰਿਵਾਰਕ ਮੈਂਬਰਾਂ, ਰਿਸ਼ਤੇਦਾਰਾਂ ਤੇ ਦੋਸਤਾਂ-ਮਿੱਤਰਾਂ ਨੂੰ ਸਰਪੰਚ ਜਾਂ ਪੰਚ ਬਣਵਾਉਣ ਲਈ ਹਰ ਹਰਬਾ ਵਰਤਣ ਵਾਸਤੇ ਤਿਆਰ ਰਹਿੰਦੇ ਹਨ। ਇਹੀ ਕਾਰਨ ਹੈ ਕਿ ਜਿਸ ਨੂੰ ਸਭ ਤੋਂ ਛੋਟੀ ਚੋਣ ਸਮਝਿਆ ਜਾ ਰਿਹਾ ਹੈ, ਉਸ 'ਚ ਕਰੋੜਾਂ ਦੀ ਬੋਲੀ ਵੀ ਲੱਗ ਰਹੀ ਹੈ। ਕਈ ਪਰਵਾਸੀ ਪੰਜਾਬੀ ਵਿਦੇਸ਼ ਬੈਠੇ ਵੀ ਪਿੰਡ ਦੀ ਸਿਆਸਤ 'ਤੇ ਗਲਬਾ ਕਾਇਮ ਰੱਖਣਾ ਚਾਹੁੰਦੇ ਹਨ, ਜਿਸ ਕਾਰਨ ਉਹ ਚਾਹੁੰਦੇ ਹਨ ਕਿ ਪੰਚਾਇਤ ਉਨ੍ਹਾਂ ਦੇ ਘਰੋਂ ਹੀ ਚੱਲੇ। ਵਿਦੇਸ਼ਾਂ 'ਚ ਬੈਠੇ ਪਰਵਾਸੀ ਪੰਜਾਬੀਆ ਵੱਲੋਂ ਆਪਣੇ ਰਿਸ਼ਤੇਦਾਰਾਂ ਤੇ ਪਰਿਵਾਰਾਂ ਨੂੰ ਸਪੱਸ਼ਟ ਕਿਹਾ ਜਾਂਦਾ ਹੈ ਕਿ ਪੈਸਾ ਜਿੰਨਾ ਮਰਜ਼ੀ ਲੱਗ ਜਾਏ ਪਰ ਸਰਪੰਚ ਆਪਣਾ ਹੀ ਬਣਨਾ ਚਾਹੀਦੈ। ਐਨਆਰਆਈਜ਼ ਵੱਲੋਂ ਵਿਦੇਸ਼ ਤੋਂ ਹੀ ਆਪਣੇ ਖ਼ਾਸ ਉਮੀਦਵਾਰ ਲਈ ਹਮਾਇਤ ਜੁਟਾਉਣ ਲਈ ਪਿੰਡ ਵਾਸੀਆ ਨਾਲ ਸੰਪਰਕ ਕੀਤਾ ਜਾ ਰਿਹਾ ਹੈ। ਐਨਆਰਆਈ ਇੱਥੋਂ ਤੱਕ ਭਰੋਸਾ ਦੇ ਰਹੇ ਹਨ ਕਿ ਪਿੰਡ ਦੇ ਵਿਕਾਸ ਲਈ ਸਰਕਾਰੀ ਗ੍ਰਾਂਟ ਨਹੀਂ ਉਡੀਕੀ ਜਾਵੇਗੀ ਬਲਕਿ ਡਾਲਰ ਲਾ ਕੇ ਪਿੰਡ ਚਮਕਾ ਦਿਆਂਗੇ।

### ਪਾਰਦਰਸ਼ੀ ਚੋਣ ਅਮਲ

ਜਿਵੇਂ ਕਿ ਪਹਿਲਾਂ ਜ਼ਿਕਰ ਕੀਤਾ ਗਿਆ ਹੈ ਕਿ ਰਾਜ ਦੀਆਂ ਪੰਚਾਇਤਾਂ ਜੋ ਪਿੰਡਾਂ ਦੇ ਵਿਕਾਸ ਦਾ ਧੁਰਾ ਹਨ, ਇਨ੍ਹਾਂ ਦੀ ਚੋਣ ਦਾ ਅਮਲ ਪੂਰੀ ਤਰ੍ਹਾਂ ਪਾਰਦਰਸ਼ੀ ਹੋਣਾ ਚਾਹੀਦਾ ਹੈ ਤਾਂ ਹੀ ਅਜਿਹੀਆਂ ਨਿਰਪੱਖ ਪੰਚਾਇਤਾਂ ਦੇ ਨੁਮਾਇੰਦੇ ਸਰਪੰਚ ਅਤੇ ਪੰਚ ਚੋਣ ਜਿੱਤ ਕੇ ਪਿੰਡਾਂ ਦਾ ਹਰ ਪੱਖ ਤੋਂ ਵਿਕਾਸ ਕਰਵਾ ਸਕਣਗੇ। ਵਿਕਸਤ ਪਿੰਡਾਂ ਦੇ ਲੋਕ ਹੀ ਦੇਸ਼ ਦੀ ਤਰੱਕੀ ਵਿਚ ਆਪਣਾ ਚੰਗਾ ਯੋਗਦਾਨ ਪਾ ਸਕਦੇ ਹਨ।

## ਬੇ-ਏਰੀਆ ਸਿੱਖ ਅਲਾਇੰਸ ਦੀ ਮੀਟਿੰਗ 'ਚ ਧਾਮੀ ਦੀ ਬੇਵਕਤੀ ਮੌਤ 'ਤੇ ਦੁੱਖ ਪ੍ਰਗਟ ਕੀਤਾ

ਬੀਤੀ 29 ਸਤੰਬਰ ਨੂੰ ਇੱਥੇ ਮਾਊਂਟੇਨ ਮਾਈਕ ਪੀਜ਼ਾ ਹੇਵਰਡ ਵਿਖੇ ਬੇ-ਏਰੀਆ ਸਿੱਖ ਅਲ-ਾਇੰਸ ਦੀ ਮੀਟਿੰਗ ਹੋਈ। ਮੀਟਿੰਗ ਵਿਚ ਪ੍ਰਧਾਨ ਸਰਦਾਰ ਅਵਤਾਰ ਸਿੰਘ ਧਾਮੀ ਦੀ ਬੇਵਕਤੀ ਮੌਤ ਉੱਪਰ ਦੁੱਖ ਪਰਗਟ ਕੀਤਾ ਗਿਆ ਅਤੇ ਉਨ੍ਹਾਂ ਦੀਆਂ ਪਾਰਟੀ ਪ੍ਰਤੀ ਸੇਵਾਵਾਂ ਨੂੰ ਯਾਦ ਕੀਤਾ ਗਿਆ। ਸਾਰੇ ਮੈਂਬਰਾਂ ਵਲੋਂ ਦੋ ਮਿੰਟ ਦਾ ਮੌਨ ਧਾਰ ਕੇ ਉਹਨਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਸੰਸਥਾ ਦੇ ਕਾਰਜਕਾਰੀ ਪ੍ਰਧਾਨ ਦੀ ਜਿੰਮੇਵਾਰੀ ਦਵਿੰਦਰ ਸਿੰਘ ਚਾਨਾ ਨੂੰ ਸੌਂਪੀ ਗਈ। ਦਵਿੰਦਰ ਸਿੰਘ ਚਾਨਾ ਵਲੋਂ ਧਾਮੀ ਸਾਹਬ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਿਆਂ ਇਹ ਯਕੀਨ ਦੁਆਇਆ ਕੀ ਧਾਮੀ ਸਾਹਬ ਵਲੋਂ ਸੰਸਥਾ ਲਈ ਨਿਰਧਾਰਤ ਕੀਤੀਆਂ ਨੀਤੀਆਂ ਮੁਤਾਬਕ ਹੀ ਚਲਾਇਆ ਜਾਵੇਗਾ। ਹੋਰ ਕੋਈ ਮਸਲਾ ਵਿਚਾਰੇ ਬਿਨਾ ਕਾਰਜਕਾਰੀ ਪ੍ਰਧਾਨ ਵਲੋਂ ਮੀਟਿੰਗ ਉਠਾ ਦਿਤੀ ਗਈ ਅਤੇ ਬਾਕੀ ਮਸਲੇ ਅਗਲੀ ਮੀਟਿੰਗ ਵਿਚ ਵਿਚਾਰਨ ਦਾ ਮਤਾ ਪਾਸ ਕੀਤਾ ਗਿਆ।

TANVIR Tour & Travels
FRESNO
(559) 803-0055
Where journey don't cost the world
Cheap Fares For Airline Tickets all around the world
Best Deals to India England, Pakistan, Canada and Europe
Our Services
* Cheap Fares For Airline Tickets all around the world
* Best Deals to India, England, Pakistan, Canada and Europe
* Apply for USA Citizenship
* Indian Passport renewal and Visa
* OCI Card and Renunciation
* Family Petition, Work Permit
* Power of Attorney
* Green card renewal
B.R. Joshi, Prop.
5627 N. Figarden Dr. STE 114 Fresno, CA 93722
email: tanvirtravels@gmail.com, www.tanvirtravels.com

## ਪੰਚਾਇਤੀ ਚੋਣਾਂ 'ਚ ਗੁਆਚ ਰਹੇ ਹਨ ਮਹੱਤਵਪੂਰਨ ਮੁੱਦੇ

ਪੰਜਾਬ 'ਚ ਪੰਚਾਇਤੀ ਚੋਣਾਂ ਦਾ ਬਿਗਲ ਵੱਜ ਚੁੱਕਾ ਹੈ। ਜਦੋਂ ਤੋਂ ਚੋਣ ਕਮਿਸ਼ਨ ਨੇ ਪੰਚਾਇਤ ਚੋਣਾਂ ਦੀ ਤਰੀਕ ਨਿਰਧਾਰਤ ਕੀਤੀ ਹੈ, ਉਦੋਂ ਤੋਂ ਹੀ ਪੰਚਾਂ, ਸਰਪੰਚਾਂ ਦੇ ਉਮੀਦਵਾਰਾਂ ਨੇ ਆਪਣੀਆਂ ਤਿਆਰੀਆਂ ਖਿੱਚੀਆਂ ਹੋਈਆਂ ਹਨ। ਪੰਜਾਬ ਦੇ ਸਾਰੇ ਪਿੰਡਾਂ ਵਿਚ ਇਕ ਦਿਨ ਵਿਚ ਹੀ ਚੋਣ ਹੋ ਕੇ ਸ਼ਾਮ ਨੂੰ ਨਤੀਜੇ ਐਲਾਨੇ ਜਾਣਗੇ। ਜਿਵੇਂ-ਜਿਵੇਂ ਚੋਣਾਂ ਦਾ ਦਿਨ 15 ਅਕਤੂਬਰ ਨੇੜੇ ਆ ਰਿਹਾ ਹੈ, ਤਿਵੇਂ-ਤਿਵੇਂ ਸਿਆਸੀ ਸਰਗਰਮੀਆਂ ਵੀ ਵਧਦੀਆਂ ਜਾ ਰਹੀਆਂ ਹਨ ਤੇ ਪੰਚਾਂ ਤੇ ਸਰਪੰਚਾਂ ਲਈ ਸੰਭਾਵੀ ਉਮੀਦਵਾਰਾਂ ਦਾ ਜਿੱਤਣ ਲਈ ਅੱਡੀ-ਚੋਟੀ ਦਾ ਜ਼ੋਰ ਵੀ ਲੱਗ ਰਿਹਾ ਹੈ।

ਕਈ ਪਿੰਡਾਂ ਵਿਚ ਸਰਬਸੰਮਤੀ ਨਾਲ ਵੀ ਸਰਪੰਚ-ਪੰਚ ਚੁਣੇ ਗਏ ਹਨ ਜੋ ਬਹੁਤ ਚੰਗੀ ਗੱਲ ਹੈ। ਅਜਿਹੇ ਸਰਪੰਚਾਂ-ਪੰਚਾਂ ਤੋਂ ਚੰਗੇ ਭਵਿੱਖ ਦੀ ਆਸ ਕੀਤੀ ਜਾ ਸਕਦੀ ਹੈ। ਪਰ ਕਈ ਪਿੰਡਾਂ ਵਿਚ ਸਰਪੰਚੀ ਲਈ ਲੱਖਾਂ-ਕਰੋੜਾਂ ਦੀ ਬੋਲੀ ਲੱਗਣ ਦਾ ਰੁਝਾਨ ਵੀ ਸਾਹਮਣੇ ਆਇਆ ਹੈ ਜੋ ਲੋਕਤੰਤਰ ਲਈ ਇਕ ਗੰਭੀਰ ਖ਼ਤਰਾ ਹੈ। ਉਮੀਦਵਾਰਾਂ ਦੇ ਕਾਗਜ਼ ਜਮ੍ਹਾ ਕਰਾਉਣ ਸਮੇਂ ਵੀ ਲੜਾਈ ਝਗੜੇ ਹੋਏ। ਪੰਜਾਬ ਵਿਚ ਨਸ਼ੇ ਦਾ ਬੋਲਬਾਲਾ ਹੈ। ਹਰੇਕ ਪਿੰਡ ਦੇ ਅਨੇਕ ਨੌਜਵਾਨ ਚਿੱਟੇ ਦੀ ਲਪੇਟ ਆ ਚੁੱਕੇ ਹਨ। ਅਜਿਹੇ ਵਿਚ ਉਮੀਦਵਾਰਾਂ ਵੱਲੋਂ ਨਸ਼ਿਆਂ ਨੂੰ ਰੋਕਣ ਦੇ ਨੁਕਤੇ ਦੱਸਣੇ ਚਾਹੀਦੇ ਹਨ। ਲੋਕਾਂ ਵੱਲੋਂ ਵੀ ਨਸ਼ੇ ਦੀ ਰੋਕਥਾਮ ਲਈ ਪੰਚ-ਸਰਪੰਚ ਦੇ ਉਮੀਦਵਾਰ ਨੂੰ ਸੁਝਾਅ ਪੁੱਛਣੇ ਚਾਹੀਦੇ ਹਨ। ਕਿਸੇ ਦੂਸਰੇ ਪਿੰਡ ਤੋਂ ਆ ਕੇ ਨਸ਼ਾ ਵੇਚਣ 'ਤੇ ਰੋਕ ਲਗਾਉਣੀ ਚਾਹੀਦੀ ਹੈ ਤੇ ਨਸ਼ਾ ਵੇਚਣ ਤੇ ਨਸ਼ਾ ਕਰਨ ਵਾਲੇ ਦਾ ਸਰਪੰਚ ਵੱਲੋਂ ਕੋਈ ਸਾਥ ਨਹੀਂ ਦੇਣਾ ਚਾਹੀਦਾ। ਇਸ ਤੋਂ ਇਲਾਵਾ ਪਿੰਡ ਵਿਚ ਚੋਰੀਆਂ ਤੇ ਲੁੱਟਾਂ-ਖੋਹਾਂ ਦੀਆਂ ਘਟਨਾਵਾਂ ਦਿਨ-ਬ-ਦਿਨ ਵਧ ਰਹੀਆਂ ਹਨ। ਪੰਜਾਬ ਵਿਚ ਪੀਣ ਵਾਲੇ ਪਾਣੀ ਦੀ ਸਮੱਸਿਆ ਹੈ। ਕਈ ਪਿੰਡਾਂ ਵਿਚ ਪਾਣੀ ਪੀਣ ਦੇ ਕਾਬਲ ਨਹੀਂ ਰਿਹਾ। ਇਸ ਤੋਂ ਇਲਾਵਾ ਜੇ ਪਿੰਡ 'ਚ ਕੋਈ ਵੀ ਝਗੜਾ ਹੁੰਦਾ ਹੈ ਤਾਂ ਉਸ ਦਾ ਪਿੰਡ 'ਚ ਹੀ ਨਿਪਟਾਰਾ ਕਰਵਾਉਣਾ ਚਾਹੀਦਾ ਹੈ। ਹੋਰ ਵੀ ਕਈ ਮੁੱਦੇ ਹੋ ਸਕਦੇ ਹਨ ਜਿਨ੍ਹਾਂ ਨੂੰ ਪੰਚ-ਸਰਪੰਚ ਦੇ ਉਮੀਦਵਾਰਾਂ ਵੱਲੋਂ ਹਮੇਸ਼ਾ ਅੱਖੋਂ-ਪਰੋਖੇ ਕੀਤਾ ਜਾਂਦਾ ਹੈ ਤੇ ਲੋਕਾਂ ਵੱਲੋਂ ਇਹ ਮੁੱਦੇ ਬਹੁਤ ਹੀ ਘੱਟ ਸਾਹਮਣੇ ਰੱਖੇ ਜਾਂਦੇ ਹਨ। ਅਕਸਰ ਗਲੀਆਂ, ਨਾਲੀਆਂ ਤੇ ਛੱਪੜ ਬਾਰੇ ਹੀ ਗੱਲਬਾਤਾਂ ਕੀਤੀਆਂ ਜਾਂਦੀਆਂ ਹਨ।



ਇਸ ਵਾਰ ਵੀ ਬਹੁਤ ਘੱਟ ਦੇਖਿਆ ਗਿਆ ਹੈ ਕਿ ਲੋਕਾਂ ਤੇ ਉਮੀਦਵਾਰਾਂ ਵੱਲੋਂ ਅਜਿਹੇ ਮੁੱਦਿਆਂ ਬਾਰੇ ਵਿਚਾਰ-ਚਰਚਾ ਕੀਤੀ ਗਈ ਹੋਵੇ। ਕੁਝ ਸੀਟਾਂ ਔਰਤਾਂ ਲਈ ਵੀ ਰਾਖਵੀਆਂ ਹਨ ਪਰ ਅਕਸਰ ਉਨ੍ਹਾਂ ਦੇ ਨਾਂ 'ਤੇ ਸਾਰਾ ਕੰਮਕਾਰ ਘਰ ਦੇ ਕਿਸੇ ਮਰਦ ਵੱਲੋਂ ਕੀਤਾ ਜਾਂਦਾ ਹੈ। ਅਜਿਹਾ ਨਹੀਂ ਹੋਣਾ ਚਾਹੀਦਾ। ਤ੍ਰਾਸਦੀ ਇਹ ਹੈ ਕਿ ਲੋਕਾਂ ਵੱਲੋਂ ਬਹੁਤ ਹੀ ਘੱਟ ਅਸਲੀ ਮੁੱਦਿਆਂ ਵੱਲ ਧਿਆਨ ਦਿਵਾਇਆ ਜਾਂਦਾ ਹੈ। ਉਮੀਦਵਾਰਾਂ ਵੱਲੋਂ ਵੀ ਸਾਰਾ ਜ਼ੋਰ ਸਿਰਫ਼ ਚੋਣ ਨੂੰ ਜਿੱਤਣ 'ਤੇ ਹੀ ਲਗਾਇਆ ਜਾਂਦਾ ਹੈ। ਜਿੱਤ ਕੇ ਵੀ ਉਹ ਅਸਲ ਮੁੱਦਿਆਂ ਦੀ ਅਣਦੇਖੀ ਕਰਦੇ ਰਹਿੰਦੇ ਹਨ। ਲੋੜ ਹੈ ਅਹਿਮ ਮੁੱਦਿਆਂ ਨੂੰ ਸਮਝ ਕੇ ਹੱਲ ਕਰਵਾਉਣ ਦੀ। – **ਸੁਖਮੰਦਰ ਪੁੰਨੀ**

# ਸਰਪੰਚੀ ਤੋਂ ਸੱਤਾ ਤਕ ਪਹੁੰਚਣ ਵਾਲੇ ਸਿਆਸਦਾਨ





ਪੰਚਾਇਤਾਂ ਅਜਿਹਾ ਸਿਆਸੀ ਪਲੇਟਫਾਰਮ ਹੈ ਜਿੱਥੋਂ ਆਮ ਤੌਰ 'ਤੇ ਪਿੰਡਾਂ ਦੇ ਲੋਕ ਸਿਆਸੀ ਪਿੜ ਵਿਚ ਨਿੱਤਰਦੇ ਹਨ ਅਤੇ ਫਾਰ ਘਾਗ ਸਿਆਸਤਦਾਨ ਵਜੋਂ ਉਭਰਦੇ ਹੋਏ ਆਪਣੀ ਕਿਸਮਤ ਚਮਕਾਉਂਦੇ ਹਨ। ਪੰਜਾਬ ਦੇ ਕਈ ਆਗੂਆਂ ਨੇ ਆਪਣਾ ਸਿਆਸੀ ਜੀਵਨ ਪੰਚੀ/ਸਰਪੰਚੀ ਤੋਂ ਸ਼ੁਰੂ ਕੀਤਾ ਤੇ ਫਿਰ ਰਾਜ ਤੇ ਦੇਸ਼ ਦੀ ਸਿਆਸਤ 'ਚ ਵੱਡੇ ਆਗੂ ਵਜੋਂ ਵਿਚਰੇ। ਪੰਜਾਬ ਦੇ ਕਈ ਰਾਜਸੀ ਲੀਡਰਾਂ ਨੇ ਆਪਣੀ ਸਿਆਸੀ ਜ਼ਿੰਦਗੀ ਦੀ ਸ਼ੁਰੂਆਤ ਪਿੰਡ ਦੇ ਸਰਪੰਚ ਵਜੋਂ ਕੀਤੀ ਹੈ। ਕੁਝ ਪ੍ਰਮੁੱਖ ਨਾਮ ਇਹ ਹਨ ...

**ਪ੍ਰਕਾਸ਼ ਸਿੰਘ ਬਾਦਲ**

ਪ੍ਰਕਾਸ਼ ਸਿੰਘ ਬਾਦਲ ਜੋ ਕਿ ਪੰਜਾਬ ਦੇ ਪੰਜ ਵਾਰ ਮੁੱਖ ਮੰਤਰੀ ਰਹੇ ਸਨ, ਨੇ ਆਪਣੀ ਸਿਆਸੀ ਜ਼ਿੰਦਗੀ ਦੀ ਸ਼ੁਰੂਆਤ ਪਿੰਡ ਦੇ ਸਰਪੰਚ ਵਜੋਂ ਕੀਤੀ ਸੀ। ਉਨ੍ਹਾਂ ਨੂੰ ਪਿੰਡ ਦੀ ਸਿਆਸਤ ਅਜਿਹੀ ਰਾਸ ਆਈ ਕਿ ਉਨ੍ਹਾਂ ਨੇ ਮੁੜ ਪਿਛੇ ਨਹੀਂ ਵੇਖਿਆ।

**ਬੇਅੰਤ ਸਿੰਘ**

ਸਾਬਕਾ ਮੁੱਖ ਮੰਤਰੀ ਮਰਹੂਮ ਬੇਅੰਤ ਸਿੰਘ ਨੇ ਵੀ ਆਪਣੀ ਸਿਆਸਤ ਦੀ ਪਾਰੀ ਦੀ ਸ਼ੁਰੂਆਤ ਪਿੰਡ ਕੋਟਲੀ ਦੀ ਸਰਪੰਚੀ ਤੋਂ ਕੀਤੀ। ਉਸ ਤੋਂ ਬਾਅਦ ਉਨ੍ਹਾਂ ਦੇ ਪੁੱਤਰ ਤੇ ਪੋਤਰਾ ਵੀ ਸਰਪੰਚ ਬਣੇ।

**ਕੁਲਤਾਰ ਸਿੰਘ ਸੰਧਵਾਂ**

'ਆਪ' ਦੇ ਆਗੂ ਤੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਆਪਣਾ ਸਿਆਸੀ ਸਫ਼ਰ ਪਿੰਡ ਦੀ ਪੰਚਾਇਤ ਤੋਂ ਹੀ ਸ਼ੁਰੂ ਕੀਤਾ ਅਤੇ ਸਫਲਤਾ ਹਾਸਿਲ ਕੀਤੀ। ਉਨ੍ਹਾਂ ਨੇ ਆਪਣੇ ਪਿੰਡ ਦੇ ਵਿਕਾਸ ਕਾਰਜਾਂ ਵਿਚ ਚੋਖਾ ਯੋਗਦਾਨ ਪਾਇਆ।

**ਸੋਹਣ ਸਿੰਘ ਠੰਡਲ**

ਹੁਸ਼ਿਆਰਪੁਰ ਤੋਂ ਅਕਾਲੀ ਦਲ (ਬ) ਦੇ ਆਗੂ ਤੇ ਮੰਤਰੀ ਰਹੇ ਸੋਹਣ ਸਿੰਘ ਠੰਡਲ ਵੀ ਪਹਿਲੀ ਵਾਰ ਪਿੰਡ ਦੇ ਹੀ ਸਰਪੰਚ ਚੁਣੇ ਗਏ ਸਨ। ਬਾਅਦ ਵਿਚ ਉਹ ਖੇਤੀਬਾੜੀ ਮਹਿਕਮੇ ਦੇ ਮੰਤਰੀ ਬਣੇ।

**ਸਿਕੰਦਰ ਸਿੰਘ ਮਲੂਕਾ**

ਅਕਾਲੀ ਦਲ ਆਗੂ ਸਿਕੰਦਰ ਸਿੰਘ ਮਲੂਕਾ ਜੋ ਪੰਚਾਇਤ ਮੰਤਰੀ ਰਹੇ ਹਨ, ਨੇ ਵੀ ਆਪਣੀ ਸਿਆਸੀ ਸਫ਼ਰ ਦੀ ਸ਼ੁਰੂਆਤ ਪਿੰਡ ਦੀ ਸਰਪੰਚੀ ਤੋਂ ਸ਼ੁਰੂ ਕੀਤੀ ਅਤੇ ਪਿੰਡ ਦੇ ਵਿਕਾਸ ਕਾਰਜਾਂ ਨੂੰ ਤਰਜੀਹ ਦਿੱਤੀ।

**ਨਰਦੇਵ ਸਿੰਘ ਬੌਬੀ ਮਾਨ**

ਫਿਰੋਜ਼ਪੁਰ ਤੋਂ ਸ਼੍ਰੋਮਣੀ ਅਕਾਲੀ ਦਲ ਆਗੂ ਨਰਦੇਵ ਸਿੰਘ ਮਾਨ ਵੀ ਆਪਣੇ ਪਿੰਡ ਦੇ ਸਰਪੰਚ ਵੀ ਰਹਿ ਚੁੱਕੇ ਹਨ ਅਤੇ ਉਨ੍ਹਾਂ ਪੰਚਾਇਤ ਰਾਜ ਇਕਾਈ ਵਿਚ ਵਿਕਾਸ ਕਾਰਜਾਂ ਪ੍ਰਤੀ ਆਪਣੀ ਜ਼ਿੰਮੇਵਾਰੀ ਨੂੰ ਨਿਭਾਇਆ।

# ਸਾਰਿਆਂ ਲਈ ਬੇਹੱਦ ਘਾਤਕ ਹੈ 'ਜ਼ਹਿਰੀਲੀ ਹਵਾ'

ਪ੍ਰਦੂਸ਼ਣ ਦੇ ਸਭ ਤੋਂ ਮਾੜੇ ਪੱਧਰ 'ਤੇ ਅੱਠ ਦੇਸ਼ ਹਨ-ਚਾਡ, ਇਰਾਕ, ਪਾਕਿਸਤਾਨ, ਬਹਿਰੀਨ, ਬੰਗਲਾਦੇਸ਼, ਬੁਰਕੀਨਾ, ਕੁਵੈਤ ਅਤੇ ਭਾਰਤ। ਇਨ੍ਹਾਂ ਵਿੱਚੋਂ ਭਾਰਤ ਦਾ ਅੱਠਵਾਂ ਨੰਬਰ ਆਉਂਦਾ ਹੈ। ਗੱਲ ਜੇ ਕਰੀਏ ਸਭ ਤੋਂ ਜ਼ਿਆਦਾ ਪ੍ਰਦੂਸ਼ਿਤ ਸ਼ਹਿਰਾਂ ਦੀ ਤਾਂ ਪਾਕਿਸਤਾਨ ਦਾ ਲਾਹੌਰ ਸ਼ਹਿਰ ਸਭ ਤੋਂ ਵੱਧ ਪ੍ਰਦੂਸ਼ਿਤ ਮੰਨਿਆ ਗਿਆ ਹੈ ਅਤੇ ਪੇਸ਼ਾਵਰ ਅਤੇ ਫ਼ੈਸਲਾਬਾਦ ਵੀ ਵੱਧ ਪ੍ਰਦੂਸ਼ਿਤ ਸ਼ਹਿਰਾਂ ਦੀ ਸੂਚੀ ਵਿਚ ਸ਼ਾਮਲ ਹਨ।

ਭਾਰਤ ਦੇ ਤਾਂ ਦੂਸ਼ਿਤ ਸ਼ਹਿਰਾਂ ਦੀ ਇਕ ਲੰਬੀ ਸੂਚੀ ਹੈ। ਇਨ੍ਹਾਂ ਵਿਚ ਉਦਯੋਗਿਕ ਸ਼ਹਿਰ ਭਿਵੰਡੀ ਅਤੇ ਦੇਸ਼ ਦੀ ਰਾਜਧਾਨੀ ਦਿੱਲੀ ਵਿਸ਼ਵ ਵਿਚ ਤੀਸਰੇ ਅਤੇ ਚੌਥੇ ਨੰਬਰ ਦੇ ਸਭ ਤੋਂ ਵੱਧ ਗੰਦੇ ਸ਼ਹਿਰ ਹਨ। ਇਸੇ ਲੜੀ ਵਿਚ ਹੋਰ ਸ਼ਹਿਰ ਹਨ ਦਰਭੰਗਾ, ਗਾਜ਼ੀਆਬਾਦ, ਪਟਨਾ, ਮੁਜ਼ੱਫ਼ਰਨਗਰ, ਨੋਇਡਾ, ਫ਼ਰੀਦਾਬਾਦ ਅਤੇ ਕਾਨਪੁਰ ਆਦਿ।



ਹੈਰਾਨੀ ਦੀ ਗੱਲ ਹੈ ਕਿ ਦੁਨੀਆ ਦੇ ਵੀਹ ਸਭ ਤੋਂ ਵੱਧ ਪ੍ਰਦੂਸ਼ਿਤ ਸ਼ਹਿਰਾਂ ਵਿੱਚੋਂ 19 ਸ਼ਹਿਰ ਤਾਂ ਏਸ਼ੀਆ ਦੇ ਹੀ ਹਨ ਜਿਨ੍ਹਾਂ ਵਿੱਚੋਂ 14 ਸਾਡੇ ਮੁਲਕ ਦੇ ਹਨ। ਜੋ ਗੱਲ ਸਭ ਤੋਂ ਵੱਧ ਚਿੰਤਾ ਵਾਲੀ ਹੈ, ਉਹ ਇਹ ਕਿ ਸਾਡੀ ਹਵਾ ਦੀ ਗੁਣਵੱਤਾ 'ਵਿਸ਼ਵ ਸਿਹਤ ਸੰਗਠਨ' ਵੱਲੋਂ ਨਿਰਧਾਰਤ ਗੁਣਵੱਤਾ ਦੇ ਪੱਧਰ ਤੋਂ ਦਸ ਗੁਣਾ ਤੋਂ ਵੱਧ ਪਲੀਤ ਹੋ ਚੁੱਕੀ ਹੈ। ਇਸੇ ਕਾਰਨ ਹੀ ਸਰਦੀ ਦੇ ਦਿਨਾਂ ਵਿਚ 'ਵਿਜ਼ੀਬਿਲਟੀ' ਭਾਵ ਦ੍ਰਿਸ਼ਤਾ ਬੇਹੱਦ ਘਟ ਜਾਂਦੀ ਹੈ ਅਤੇ ਹਵਾ ਵਿਚ ਸਾਹ ਲੈਣਾ ਵੀ ਔਖਾ ਹੋ ਜਾਂਦਾ ਹੈ ਅਤੇ ਸਰਕਾਰ ਨੂੰ ਬਹੁਤੀ ਵਾਰ ਸਕੂਲ-ਕਾਲਜ ਬੰਦ ਕਰਨੇ ਪੈਂਦੇ ਹਨ ਜਿਸ ਨਾਲ ਵਿਦਿਆਰਥੀਆਂ ਦੀ ਪੜ੍ਹਾਈ ਦਾ ਨੁਕਸਾਨ ਵੀ ਹੁੰਦਾ ਹੈ। ਨਿਰਮਾਣ ਦੇ ਕੰਮ ਵੀ ਬੰਦ ਕਰਵਾਉਣੇ ਪੈਂਦੇ ਹਨ। ਇਸ ਨਾਲ ਪਹਿਲਾਂ ਤੋਂ ਹੀ ਮੁਸ਼ਕਲ ਨਾਲ ਗੁਜ਼ਾਰਾ ਕਰ ਰਹੇ ਦਿਹਾੜੀਦਾਰ ਮਿਸਤਰੀ-ਮਜ਼ਦੂਰਾਂ ਨੂੰ ਜ਼ਿੰਦਗੀ ਦੀਆਂ ਜ਼ਰੂਰਤਾਂ ਪੂਰੀਆਂ ਕਰਨੀਆਂ ਕਠਿਨ ਹੋ ਜਾਂਦੀਆਂ ਹਨ। ਸਵਿਟਜ਼ਰਲੈਂਡ ਦੀ ਏਜੰਸੀ 'ਆਈਕਿਊ ਏਅਰ' ਵੱਲੋਂ ਪ੍ਰਦੂਸ਼ਣ ਸਬੰਧੀ ਇਕ ਰਿਪੋਰਟ ਤਿਆਰ ਕੀਤੀ ਗਈ ਹੈ ਜਿਸ ਵਿਚ ਦੱਖਣੀ ਏਸ਼ੀਆ ਨੂੰ 'ਹਵਾ ਪ੍ਰਦੂਸ਼ਣ ਦਾ ਕੇਂਦਰ ਬਿੰਦੂ' ਦੱਸਿਆ ਗਿਆ ਹੈ। ਰਿਪੋਰਟ ਅਨੁਸਾਰ ਸੰਸਾਰ ਦੇ ਸਭ ਤੋਂ ਜ਼ਿਆਦਾ ਪ੍ਰਦੂਸ਼ਿਤ 100 ਸ਼ਹਿਰਾਂ ਵਿੱਚੋਂ 72 ਦੱਖਣੀ ਏਸ਼ੀਆ ਦੇ ਹੀ ਹਨ।

ਇਸ ਰਿਪੋਰਟ ਦੇ ਆਧਾਰ 'ਤੇ 'ਵਿਸ਼ਵ ਸਿਹਤ ਸੰਗਠਨ' ਵੱਲੋਂ ਪ੍ਰਭਾਵਿਤ ਦੇਸ਼ਾਂ ਨੂੰ ਹਵਾ ਦੀ ਸ਼ੁੱਧਤਾ ਵਧਾਉਣ ਲਈ ਆਪਣੇ ਖ਼ਰਚ ਵਿਚ ਵਾਧਾ ਕਰਨ ਲਈ ਕਿਹਾ ਗਿਆ ਹੈ। ਉਕਤ ਕੌਮਾਂਤਰੀ ਅਦਾਰੇ ਵੱਲੋਂ ਹਵਾ ਵਿਚਲੇ ਮਹੀਨ ਕਣਾਂ ਜਿਨ੍ਹਾਂ ਨੂੰ 'ਪਾਟੀਕੁਲੇਟ ਮੈਟਰ 215' ਜਾਂ 'ਪੀਐੱਮ 215' ਦਾ ਨਾਂ ਦਿੱਤਾ ਗਿਆ ਹੈ, ਨੂੰ ਵਿਸ਼ੇਸ਼ ਤੌਰ 'ਤੇ ਧਰਤੀ ਦੇ ਸਮੂਹ ਜੀਵਾਂ ਲਈ ਘਾਤਕ ਦੱਸਿਆ ਗਿਆ ਹੈ। ਇਹ ਕਣ ਸਿਗਰਟ-ਨੋਸ਼ੀ, ਖਾਣਾ ਬਣਾਉਣ ਸਮੇਂ, ਵਾਹਨਾਂ ਵਿਚ ਬਲਦੇ ਬਾਲਣਾਂ ਤੋਂ, ਉਦਯੋਗਾਂ ਵਿਚ ਬਲਦੇ ਕੋਲੇ, ਪੈਟਰੋਲ ਅਤੇ ਡੀਜ਼ਲ ਦੇ ਬਲਣ ਨਾਲ, ਸੜਕਾਂ ਤੋਂ ਉਡਦੀ ਧੂੜ ਤੋਂ, ਜੰਗਲਾਂ 'ਚ ਲੱਗਦੀ ਅੱਗ, ਤਾਪ ਬਿਜਲੀ ਘਰਾਂ ਤੋਂ ਅਤੇ ਪਰਾਲੀ ਜਲਾਉਣ ਨਾਲ ਪੈਦਾ ਹੁੰਦੇ ਹਨ।

ਵਿਸ਼ੇ ਨਾਲ ਜੁੜੇ ਮਾਹਿਰਾਂ ਵੱਲੋਂ 'ਪੀਐੱਮ 2.5 ਕਣਾਂ' ਦੀ ਹਵਾ ਵਿਚ ਪ੍ਰਮਾਣਤ ਮਾਤਰਾ 5 ਮਾਈਕ੍ਰੋਗ੍ਰਾਮ ਪ੍ਰਤੀ ਘਣਮੀਟਰ ਦੱਸੀ ਗਈ ਹੈ ਜਦਕਿ ਭਾਰਤ ਦੇ ਉਦਯੋਗਿਕ ਸ਼ਹਿਰਾਂ ਵਿਚ ਇਨ੍ਹਾਂ ਕਣਾਂ ਦੀ ਮਾਤਰਾ 50 ਤੋਂ 100 ਦੇ ਅੰਕੜੇ ਦੇ ਵਿਚਕਾਰ ਹੈ ਜੋ ਆਮ ਲੋਕਾਂ ਲਈ ਸਿਹਤ ਪੱਖੋਂ ਵੀ ਬੇਹੱਦ ਚਿੰਤਾ ਦਾ ਵਿਸ਼ਾ ਹੈ। ਵਿਸ਼ਾ ਮਾਹਿਰਾਂ ਵੱਲੋਂ ਅਨੁਮਾਨ ਲਗਾਇਆ ਗਿਆ ਹੈ ਕਿ ਏਸ਼ੀਆ ਦੀ 60 ਫ਼ੀਸਦ ਤੋਂ ਵੱਧ ਆਬਾਦੀ ਬੇਹਿਸਾਬ ਪੱਧਰ ਤੱਕ ਦੂਸ਼ਿਤ ਹੋ ਚੁੱਕੀ ਹਵਾ ਵਿਚ ਸਾਹ ਲੈਣ ਨੂੰ ਮਜਬੂਰ ਹੋ ਰਹੀ ਹੈ। ਵਿਗਿਆਨਕਾਂ ਦਾ ਕਹਿਣਾ ਹੈ ਕਿ ਇਹ 'ਮਹੀਨ ਕਣ' ਸਾਡੀ ਸਾਹ ਪ੍ਰਣਾਲੀ ਵਿਚ ਪਹੁੰਚ ਕੇ ਸਾਹ ਫੁੱਲਣਾ, ਦਮੇ ਅਤੇ ਫੇਫੜਿਆਂ ਦੇ ਕੈਂਸਰ ਜਿਹੇ ਰੋਗਾਂ ਦਾ ਕਾਰਨ ਬਣਦੇ ਹਨ। ਜੇ ਇਹ ਲਹੂ ਪ੍ਰਣਾਲੀ ਵਿਚ ਚਲੇ ਜਾਣ ਤਾਂ ਗੁਰਦਿਆਂ, ਦਿਲ ਅਤੇ ਗਰਭ ਵਿਚ ਪਲ ਰਹੇ ਬੱਚੇ ਨੂੰ ਨੁਕਸਾਨ ਪਹੁੰਚਾਉਂਦੇ ਹਨ। ਗੱਲ ਜੇ ਕਰੀਏ ਸਮੱਸਿਆ ਦੇ ਹੱਲ ਦੀ ਤਾਂ 'ਗ੍ਰੀਨ ਊਰਜਾ ਜਿਵੇਂ ਸੌਰ ਊਰਜਾ, ਪੌਣ ਊਰਜਾ, ਪਰਮਾਣੂ ਊਰਜਾ ਅਤੇ ਜਲ ਊਰਜਾ ਆਦਿ ਪ੍ਰਦੂਸ਼ਣ ਨੂੰ ਕਾਫ਼ੀ ਹਦ ਤੱਕ ਘੱਟ ਕਰ ਸਕਦੇ ਹਨ। 'ਈ-ਵਾਹਨ' ਭਾਵ ਬਿਜਲੀ ਨਾਲ ਚੱਲਣ ਵਾਲੇ ਵਾਹਨ ਹਵਾ ਨੂੰ ਸਾਫ਼-ਸੁਥਰਾ ਰੱਖਣ 'ਚ ਸਹਾਈ ਹੁੰਦੇ ਹਨ। ਉਨਤ ਤਕਨੀਕ ਵਾਲੇ ਇੰਜਣਾਂ ਵਾਲੇ ਵਾਹਨਾਂ ਦੀ ਵਰਤੋਂ ਕਰਨ ਨਾਲ ਪ੍ਰਦੂਸ਼ਣ ਘਟਦਾ ਹੈ।

**–ਅਸ਼ਵਨੀ ਚਤਰਥ**

# ਹਰਿਆਣਾ 'ਚ ਵਿਰੋਧੀ ਪਾਰਟੀਆਂ 'ਤੇ ਫਿਰ ਭਾਰੀ ਪਈ ਭਾਜਪਾ

ਜੰਮੂ-ਕਸ਼ਮੀਰ ਤੇ ਹਰਿਆਣਾ ਦੀਆਂ ਵਿਧਾਨ ਸਭਾ ਚੋਣਾਂ ਦਾ ਅਲੱਗ-ਅਲੱਗ ਕਾਰਨਾਂ ਕਾਰਨ ਵਿਸ਼ੇਸ਼ ਮਹੱਤਵ ਸੀ। ਜਿੱਥੇ ਜੰਮੂ-ਕਸ਼ਮੀਰ ਨੂੰ ਲੈ ਕੇ ਇਹ ਉਤਸੁਕਤਾ ਸੀ ਕਿ ਸਾਡਾ ਇਹ ਜ਼ਮੀਨੀ ਹਿੱਸਾ ਲੋਕਤੰਤਰ ਦੀ ਕਸੌਟੀ 'ਤੇ ਖਰਾ ਉਤਰਦਾ ਹੈ ਜਾਂ ਨਹੀਂ, ਉੱਥੇ ਹੀ ਹਰਿਆਣਾ ਇਸ ਕਾਰਨ ਸਭ ਦੀ ਨਜ਼ਰ ਵਿਚ ਸੀ ਕਿ ਲੋਕ ਸਭਾ ਚੋਣਾਂ ਵਿਚ ਭਾਜਪਾ ਦੀ ਲੋਕਪ੍ਰਿਅਤਾ ਦਾ ਜੋ ਗ੍ਰਾਫ ਡਿੱਗਿਆ, ਉਸ ਵਿਚ ਕੋਈ ਬਦਲਾਅ ਆਉਂਦਾ ਹੈ ਜਾਂ ਨਹੀਂ?




ਜੰਮੂ-ਕਸ਼ਮੀਰ ਦੀ ਜਨਤਾ ਨੇ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਤੋਂ ਪਹਿਲਾਂ ਹੀ ਇਹ ਜ਼ਰੂਰੀ ਸੰਦੇਸ਼ ਦੇ ਦਿੱਤਾ ਸੀ ਕਿ ਇੱਥੇ ਲੋਕਤੰਤਰ ਨੇ ਫਿਰ ਤੋਂ ਆਪਣੀਆਂ ਜੜ੍ਹਾਂ ਜਮਾ ਲਈਆਂ ਹਨ। ਦੇਸ਼ ਦੇ ਨਾਲ-ਨਾਲ ਦੁਨੀਆ ਨੂੰ ਇਹ ਸੰਦੇਸ਼ ਮਿਲ ਜਾਣ ਕਾਰਨ ਬਸ ਇਹ ਜਗਿਆਸਾ ਰਹਿ ਗਈ ਸੀ ਕਿ ਸੱਤਾ ਕਿਸ ਨੂੰ ਹਾਸਲ ਹੁੰਦੀ ਹੈ? ਕਿਉਂਕਿ ਭਾਜਪਾ ਇੱਥੇ ਸਾਰੀਆਂ ਸੀਟਾਂ 'ਤੇ ਚੋਣ ਨਹੀਂ ਲੜੀ ਅਤੇ ਜੰਮੂ ਡਵੀਜ਼ਨ ਦੀ ਤੁਲਨਾ ਵਿਚ ਕਸ਼ਮੀਰ ਵਾਦੀ ਵਿਚ ਉਸ ਦਾ ਪ੍ਰਭਾਵ ਨਾਮਾਤਰ ਹੀ ਸੀ, ਇਸ ਲਈ ਇਸ ਦੇ ਆਸਾਰ ਘੱਟ ਹੀ ਸਨ ਕਿ ਉਹ ਸੱਤਾ ਦੀ ਤਕੜੀ ਦਾਅਵੇਦਾਰ ਬਣ ਜਾਵੇਗੀ।

ਇਸ ਤੋਂ ਬਾਅਦ ਵੀ ਇਹ ਕਾਬਿਲੇਗ਼ੌਰ ਹੈ ਕਿ ਜੰਮੂ ਡਵੀਜ਼ਨ ਵਿਚ ਵਿਰੋਧੀਆਂ 'ਤੇ ਭਾਰੀ ਪੈਣ ਦੇ ਨਾਲ ਹੀ ਉਸ ਨੇ ਕਸ਼ਮੀਰ ਵਾਦੀ ਵਿਚ ਆਪਣੇ ਜਨ-ਆਧਾਰ ਦੀ ਜ਼ਮੀਨ ਤਿਆਰ ਕੀਤੀ ਹੈ। ਜੰਮੂ-ਕਸ਼ਮੀਰ ਵਿਚ ਨੈਸ਼ਨਲ ਕਾਨਫਰੰਸ ਦਾ ਕਾਂਗਰਸ ਨਾਲ ਸਰਕਾਰ ਬਣਾਉਣਾ ਤੈਅ ਹੈ ਪਰ ਉਸ ਨੂੰ ਗ਼ਲਤ ਏਜੰਡੇ ਨੂੰ ਛੱਡ ਕੇ ਅਜਿਹਾ ਮਾਹੌਲ ਬਣਾਉਣਾ ਹੋਵੇਗਾ ਕਿ ਸ਼ਾਂਤੀ ਅਤੇ ਸਥਿਰਤਾ ਵਧੇ, ਜੰਮੂ ਨੂੰ ਬਰਾਬਰ ਦਾ ਮਹੱਤਵ ਮਿਲੇ ਅਤੇ ਕਸ਼ਮੀਰੀ ਹਿੰਦੂਆਂ ਦੀ ਘਰ ਵਾਪਸੀ ਹੋ ਸਕੇ। ਇਹ ਸਭ ਕੀਤੇ ਬਿਨਾਂ ਸੂਬੇ ਦੇ ਦਰਜੇ ਦੀ ਬਹਾਲੀ 'ਤੇ ਜ਼ੋਰ ਦੇਣਾ ਸਹੀ ਨਹੀਂ ਹੋਵੇਗਾ। ਇਸ ਵਿਚ ਕੋਈ ਸ਼ੱਕ ਨਹੀਂ ਕਿ ਹਰਿਆਣਾ ਦੇ ਨਤੀਜੇ ਅਣਕਿਆਸੇ ਰਹੇ। ਇਸ ਕਾਰਨ ਹੋਰ ਵੀ, ਕਿਉਂਕਿ ਚੋਣਾਂ ਤੋਂ ਪਹਿਲਾਂ ਇਹ ਮਾਹੌਲ ਬਣਾ ਦਿੱਤਾ ਗਿਆ ਸੀ ਕਿ ਕਾਂਗਰਸ ਦੀ ਆਸਾਨੀ ਨਾਲ ਵਾਪਸੀ ਹੋਣ ਜਾ ਰਹੀ ਹੈ। ਜੇ ਅਜਿਹਾ ਨਹੀਂ ਹੋ ਸਕਿਆ ਅਤੇ ਭਾਜਪਾ ਨੇ ਪਿਛਲੀ ਵਾਰ ਨਾਲੋਂ ਵੱਧ ਸੀਟਾਂ ਲੈ ਕੇ ਰਿਕਾਰਡ ਤੀਜੀ ਵਾਰ ਸੱਤਾ ਹਾਸਲ ਕਰ ਲਈ ਤਾਂ ਇਸ ਦਾ ਕਾਰਨ ਸਿਰਫ਼ ਇਹੀ ਨਹੀਂ ਕਿ ਉਸ ਨੇ ਆਪਣੀ ਨੀਤੀ-ਰਣਨੀਤੀ ਬਦਲੀ ਬਲਕਿ ਇਸ ਲਈ ਵੀ ਕਿ ਕਾਂਗਰਸ ਬਿਨਾਂ ਵਜ੍ਹਾ ਅੰਤ ਦੇ ਆਤਮ-ਵਿਸ਼ਵਾਸ ਦਾ ਸ਼ਿਕਾਰ ਹੋ ਗਈ।

ਲੱਗਦਾ ਹੈ ਕਿ ਉਸ ਨੇ ਇਹ ਸਮਝ ਲਿਆ ਸੀ ਕਿ ਉਹ ਲੋਕ ਸਭਾ ਚੋਣਾਂ ਦੀ ਤਰ੍ਹਾਂ ਕੀਤੇ ਗਏ ਪ੍ਰਚਾਰ ਸਹਾਰੇ ਆਪਣੇ ਪੱਖ ਵਿਚ ਮਾਹੌਲ ਬਣਾ ਲਵੇਗੀ। ਉਸ ਨੂੰ ਸਮਝਣਾ ਚਾਹੀਦਾ ਸੀ ਕਿ ਇੱਕੋ ਰਣਨੀਤੀ ਵਾਰ-ਵਾਰ ਨਹੀਂ ਚੱਲਦੀ। ਕਾਂਗਰਸ ਨੇ ਇਕ ਗ਼ਲਤੀ ਇਹ ਵੀ ਕੀਤੀ ਕਿ ਉਸ ਨੇ ਭੁਪਿੰਦਰ ਸਿੰਘ ਹੁੱਡਾ ਨੂੰ ਕੁਝ ਜ਼ਿਆਦਾ ਹੀ ਅਧਿਕਾਰ ਸੰਪੰਨ ਬਣਾ ਦਿੱਤਾ। ਹੈਰਾਨੀ ਨਹੀਂ ਕਿ ਉਨ੍ਹਾਂ ਕਾਰਨ ਹੀ ਜਾਟ ਬਨਾਮ ਗ਼ੈਰ ਜਾਟ ਦਾ ਮੁੱਦਾ ਸਤ੍ਹਾ 'ਤੇ ਆਇਆ ਤੇ ਉਹ ਕਾਂਗਰਸ 'ਤੇ ਭਾਰੀ ਪਿਆ।

ਹੁਣ ਚੋਣ ਨਤੀਜਿਆਂ 'ਤੇ ਹੈਰਾਨ-ਪਰੇਸ਼ਾਨ ਹੋ ਕੇ ਚੋਣ ਕਮਿਸ਼ਨ ਨੂੰ ਕਟਹਿਰੇ 'ਚ ਖੜ੍ਹਾ ਕਰ ਕੇ ਕਾਂਗਰਸ ਇਹੀ ਸਾਬਿਤ ਕਰ ਰਹੀ ਹੈ ਕਿ ਉਹ ਆਪਣੀਆਂ ਗ਼ਲਤੀਆਂ ਦਾ ਦੋਸ਼ ਦੂਜਿਆਂ 'ਤੇ ਮੜ੍ਹਨ 'ਚ ਮਾਹਿਰ ਹੋ ਚੁੱਕੀ ਹੈ। ਹਰਿਆਣਾ ਦੇ ਚੋਣ ਨਤੀਜਿਆਂ ਕਾਰਨ ਭਾਜਪਾ ਦਾ ਮਨੋਬਲ ਵਧਣਾ ਸੁਭਾਵਿਕ ਹੈ ਕਿਉਂਕਿ ਇਕ ਤਾਂ ਉਹ ਲੋਕ ਸਭਾ ਚੋਣਾਂ ਦੇ ਨਤੀਜਿਆਂ ਤੋਂ ਬਾਅਦ ਬਣੇ ਨਾਂਹ-ਪੱਖੀ ਮਾਹੌਲ ਨੂੰ ਦੂਰ ਕਰਨ 'ਚ ਸਫਲ ਰਹੀ ਤੇ ਦੂਜਾ ਮਹਾਰਾਸ਼ਟਰ, ਝਾਰਖੰਡ ਸਮੇਤ ਹੋਰ ਸੂਬਿਆਂ ਦੀਆਂ ਆਗਾਮੀ ਵਿਧਾਨ ਸਭਾ ਚੋਣਾਂ ਲਈ ਉਸ ਨੂੰ ਵਾਧੂ ਤਾਕਤ ਮਿਲ ਗਈ।

# ਪੰਚਾਇਤ ਚੋਣਾਂ ’ਚ ਵਿਕਾਸ ਦੇ ਨਾਂ ’ਤੇ ਵੋਟਾਂ ਦੀ ਮੰਗ


ਕੰਵਲਜੀਤ ਕੌਰ ਢਿੱਲੋਂ

ਪੰਚਾਇਤੀ ਚੋਣਾਂ ਦਾ ਨੋਟੀਫਿਕੇਸ਼ਨ ਹੋਣ ਦੇ ਨਾਲ ਹੀ ਪਿੰਡਾਂ ਵਿਚ ਗਹਿਮਾ-ਗਹਿਮੀ ਦਾ ਮਹੌਲ ਹੈ। ਇਹ ਚੋਣਾਂ ਇਸ ਵਾਰ ਮਿੱਥੇ ਸਮੇਂ ਤੋਂ ਦੇਰੀ ਨਾਲ ਹੋਣ ਕਾਰਨ ਵੀ ਲੋਕਾਂ ਵਿਚ ਭਾਰੀ ਉਤਸ਼ਾਹ ਵੇਖਣ ਨੂੰ ਮਿਲ ਰਿਹਾ ਹੈ। ਸਮੇਂ ਦੇ ਬਦਲਣ ਨਾਲ ਪਿੰਡਾਂ ਦੇ ਲੋਕ ਵੀ ਜਾਗਰੂਕ ਹੋ ਚੁੱਕੇ ਹਨ ਤੇ ਉਹ ਬਿਨ੍ਹਾਂ ਮਤਦਾਨ ਦੇ ਸਰਬਸੰਮਤੀ ਨਾਲ ਪਿੰਡ ਵਿੱਚੋਂ ਯੋਗ ਉਮੀਦਵਾਰ ਚੁਣਨ ਨੂੰ ਪਹਿਲ ਦੇ ਰਹੇ ਹਨ। ਇਸ ਦੇ ਬਾਵਜੂਦ ਜ਼ਿਆਦਾਤਰ ਪਿੰਡਾਂ ਵਿਚ ਚੋਣਾਂ ਹੋਣੀਆਂ ਤਹਿ ਹਨ। ਅਜਿਹੇ ਵਿਚ ਬਤੌਰ ਵੋਟਰ ਇਕ ਸਹੀ ਉਮੀਦਵਾਰ ਨੂੰ ਚੁਣਨਾ ਸਾਡੀ ਸਭ ਦੀ ਨਿੱਜੀ ਜ਼ਿੰਮੇਵਾਰੀ ਬਣਦੀ ਹੈ। ਪੰਚਾਇਤੀ ਚੋਣਾਂ ਦਾ ਨੋਟੀਫਿਕੇਸ਼ਨ ਹੋਣ ਦੇ ਨਾਲ ਹੀ ਸਰਪੰਚ ਅਤੇ ਪੰਚ ਬਣਨ ਦੇ ਚਾਹਵਾਨ ਉਮੀਦਵਾਰ ਘਰ-ਘਰ ਜਾ ਕੇ ਵੋਟਾਂ ਮੰਗਣੀਆਂ ਸ਼ੁਰੂ ਕਰ ਦਿੰਦੇ ਹਨ। ਵੋਟਾਂ ਮੰਗਣ ਦਾ ਆਧਾਰ ਹੁੰਦਾ ਹੈ ਪਿੰਡ ਦਾ ਵਿਕਾਸ। ਵਿਕਾਸ ਦੀ ਡੁਗਡੁਗੀ ਵੋਟਾਂ ਪੈਣ ਵਾਲੇ ਦਿਨ ਤੱਕ ਵੱਜਦੀ ਰਹਿੰਦੀ ਹੈ। ਵੋਟਰਾਂ ਦੇ ਮਨ ਵਿਚ ਵੀ ਪਿੰਡ ਦੇ ਵਿਕਾਸ ਦੀ ਇਕ ਉਮੀਦ ਜਾਗਦੀ ਹੈ।

ਉਹ ਵਿਕਾਸ ਜਿਸ ਦਾ ਵੋਟਰਾਂ ਨੇ ਕੇਵਲ ਨਾਂ ਹੀ ਸੁਣਿਆ ਹੈ, ਅਸਲ ਵਿਚ ਵੇਖਿਆ ਨਹੀਂ। ਆਮ ਤੌਰ ’ਤੇ ਵੇਖਣ ਵਿਚ ਆਇਆ ਹੈ ਕਿ ਪਿੰਡ ਦੇ ਵਿਕਾਸ ਦੇ ਨਾਂ ’ਤੇ ਪਿੰਡ ਦੀਆਂ ਪਹਿਲਾਂ ਤੋਂ ਹੀ ਬਣੀਆਂ ਹੋਈਆਂ ਗਲੀਆਂ-ਨਾਲੀਆਂ ਨੂੰ ਤੁੜਵਾ ਕੇ ਦੁਬਾਰਾ ਬਣਾ ਦਿੱਤਾ ਜਾਂਦਾ ਹੈ ਜਾਂ ਫਿਰ ਇਕ ਗਲੀ ਵਿੱਚੋਂ ਇੱਟਾਂ ਪੁਟਵਾ ਕੇ ਦੂਸਰੀ ਗਲੀ ਵਿਚ ਲਗਵਾ ਕੇ ਖ਼ਰਚਾ ਪਾ ਦਿੱਤਾ ਜਾਂਦਾ ਹੈ। ਆਮ ਵੇਖਣ ਵਿਚ ਆਇਆ ਹੈ ਕਿ ਸਰਪੰਚ ਅਤੇ ਪੰਚ ਦੀ ਚੋਣ ਲੜਨ ਵਾਲੇ ਜ਼ਿਆਦਾਤਰ ਉਮੀਦਵਾਰਾਂ ਦੇ ਪਿੱਛੇ ਕਿਸੇ ਨਾ ਕਿਸੇ ਸਿਆਸੀ ਪਾਰਟੀ ਦਾ ਹੱਥ ਹੁੰਦਾ ਹੈ।

ਇਹ ਸਿਆਸੀ ਪਾਰਟੀਆਂ ਆਪਣੀ ਮਰਜ਼ੀ ਮੁਤਾਬਕ ਸਰਪੰਚ ਤੇ ਪੰਚ ਬਣਾਉਂਦੀਆਂ ਹਨ। ਜੇ ਕੋਈ ਯੋਗ



ਵਿਅਕਤੀ ਚੋਣ ਲੜਨੀ ਵੀ ਚਾਹੇ ਤਾਂ ਉਹ ਤਦ ਤੱਕ ਜਿੱਤ ਪ੍ਰਾਪਤ ਨਹੀਂ ਕਰ ਸਕਦਾ ਜਦੋਂ ਤੱਕ ਉਸ ਦੇ ਪਿੱਛੇ ਕਿਸੇ ਸਿਆਸੀ ਆਗੂ ਜਾਂ ਕਿਸੇ ਸਿਆਸੀ ਪਾਰਟੀ ਦਾ ਹੱਥ ਨਾ ਹੋਵੇ। ਕਈ ਵਾਰ ਅਜਿਹੇ ਯੋਗ ਉਮੀਦਵਾਰਾਂ ਦੇ ਨਾਮਜ਼ਦਗੀ ਪੱਤਰ ਸਿਆਸੀ ਦਬਾਅ ਦੇ ਚੱਲਦਿਆਂ ਰੱਦ ਕਰਵਾ ਦਿੱਤੇ ਜਾਂਦੇ ਹਨ।

ਇਨ੍ਹਾਂ ਸਿਆਸੀ ਆਗੂਆਂ ਜਾਂ ਪਿੰਡ ਦੇ ਚੰਦ ਲੋਕਾਂ ਦੀ ਪ੍ਰਤੀਨਿਧਤਾ ਕਰਨ ਵਾਲਾ ਵਿਅਕਤੀ ਅਸਲ ਵਿਚ ਉਨ੍ਹਾਂ ਦੇ ਹੱਥਾਂ ਦੀ ਕਠਪੁਤਲੀ ਮਾਤਰ ਹੁੰਦਾ ਹੈ ਅਤੇ ਉਹ ਉਸ ਨੂੰ ਆਪਣੇ ਅਨੁਸਾਰ ਨਚਾਉਂਦੇ ਹਨ। ਅਜਿਹੇ ਵਿਚ ਪਿੰਡ ਦੇ ਵਿਕਾਸ ਦੀ ਗੱਲ ਕਰਨਾ ਤਾਂ ਆਪਣੇ-ਆਪ ਨੂੰ ਧੋਖਾ ਦੇਣ ਦੇ ਬਰਾਬਰ ਹੈ ਪਰ ਇਸ ਸਭ ਲਈ ਜ਼ਿੰਮੇਵਾਰ ਤਾਂ ਅਸੀਂ ਲੋਕ ਹੀ ਹਾਂ ਕਿਉਂਕਿ ਪਿੰਡ ਦਾ ਸਰਪੰਚ ਜਾਂ ਪੰਚ ਚੁਣਿਆ ਤਾਂ ਸਾਡੀਆਂ ਹੀ ਵੋਟਾਂ ਦੁਆਰਾ ਜਾਂਦਾ ਹੈ।

ਅੱਜ ਦੇ ਵੋਟਰ ਕਾਫ਼ੀ ਸੂਝਵਾਨ ਹੋ ਗਏ ਹਨ ਅਤੇ ਉਹ ਆਪਣੇ ਹੱਕਾਂ ਪ੍ਰਤੀ ਕਾਫ਼ੀ ਸੁਚੇਤ ਹੋ ਚੁੱਕੇ ਹਨ ਪਰ ਇਸ ਦੇ ਬਾਵਜੂਦ ਕੁਝ ਵੋਟਰ ਚੰਦ ਰੁਪਈਆਂ ਖ਼ਾਤਰ ਆਪਣੀ ਵੋਟ ਗ਼ਲਤ ਉਮੀਦਵਾਰ ਨੂੰ ਵੇਚ ਦਿੰਦੇ ਹਨ। ਇਹ ਲਾਲਚ ਸਿਰਫ਼ ਪੈਸੇ-ਧੇਲੇ ਤੱਕ ਸੀਮਤ ਨਹੀਂ। ਇਸ ਤੋਂ ਇਲਾਵਾ ਚੋਣ ਮੈਦਾਨ ਵਿਚ ਖੜ੍ਹੇ ਉਮੀਦਵਾਰ ਚੋਣਾਂ ਦੇ ਦਿਨਾਂ ਵਿਚ ਵੋਟਰਾਂ ਨੂੰ ਸ਼ਰਾਬ ਅਤੇ ਕਈ ਹੋਰ ਪ੍ਰਕਾਰ ਦੇ ਨਸ਼ਿਆਂ ਦਾ ਲਾਲਚ ਵੀ ਦਿੰਦੇ ਹਨ ਅਤੇ ਇਹੀ ਨਸ਼ੇ ਕਈ ਵਾਰ ਵੋਟਰਾਂ ਦੀ ਮੌਤ ਦਾ ਕਾਰਨ ਬਣ ਜਾਂਦੇ ਹਨ। ਕਈ ਪਿੰਡਾਂ ਵਿਚ ਤਾਂ ਔਰਤ ਵਰਗ ਦੀਆਂ ਵੋਟਾਂ ਖ਼ਰੀਦਣ ਲਈ ਉਨ੍ਹਾਂ ਨੂੰ ਉਪਹਾਰ ਅਤੇ ਕੱਪੜੇ ਆਦਿ ਵੀ ਵੰਡੇ ਜਾਂਦੇ ਹਨ। ਇਸ ਤਰ੍ਹਾਂ ਉਮੀਦਵਾਰ ਵੋਟਾਂ ਹਥਿਆਉਣ ਲਈ ਹਰ ਤਰ੍ਹਾਂ ਦੇ ਹੱਥਕੰਡੇ ਵਰਤਦੇ ਹਨ। ਇਹ ਨਿੱਕੇ-ਨਿੱਕੇ ਲਾਲਚ ਸਾਨੂੰ ਅਤੇ ਸਾਡੇ ਪਿੰਡਾਂ ਨੂੰ ਵਿਕਾਸ ਦੇ ਰਾਹ ਤੋਂ ਬਹੁਤ ਦੂਰ ਲੈ ਜਾਂਦੇ ਹਨ ਤੇ ਫਿਰ ਅਸੀਂ ਪੂਰੇ ਪੰਜ ਸਾਲ ਅੱਡੀਆਂ ਚੁੱਕ-ਚੁੱਕ ਕੇ ਪਿੰਡ ਦੇ ਵਿਕਾਸ ਦੀ ਉਡੀਕ ਕਰਦੇ ਰਹਿੰਦੇ ਹਾਂ। ਅਜੇ ਵੀ ਡੁੱਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ। ਅਸੀਂ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰ ਕੇ ਯੋਗ ਉਮੀਦਵਾਰ ਦੀ ਚੋਣ ਕਰ ਸਕਦੇ ਹਾਂ।

ਫਿਰ ਉਹ ਦਿਨ ਦੂਰ ਨਹੀਂ ਜਦੋਂ ਪੰਜਾਬ ਦੇ ਸਾਰੇ ਪਿੰਡਾਂ ਦੀ ਨੁਹਾਰ ਬਦਲ ਜਾਵੇਗੀ ਅਤੇ ਸਾਰੇ ਪਿੰਡ ਸਰਬਪੱਖੀ ਵਿਕਾਸ ਵੱਲ ਪੁਲਾਂਘਾਂ ਭਰਦੇ ਨਜ਼ਰ ਆਉਣਗੇ। ਇਹ ਵਿਕਾਸ ਸਿਰਫ਼ ਪਿੰਡਾਂ ਦਾ ਹੀ ਨਹੀਂ ਬਲਕਿ ਪੂਰੇ ਪੰਜਾਬ ਅਤੇ ਪੂਰੇ ਦੇਸ਼ ਦਾ ਹੋਵੇਗਾ ਪਰ ਇਸ ਦੀ ਸ਼ੁਰੂਆਤ ਸਾਨੂੰ ਆਪਣੇ-ਆਪ ਤੋਂ ਹੀ ਕਰਨੀ ਪਵੇਗੀ।

ਬਤੌਰ ਮਤਦਾਤਾ ਸਾਨੂੰ ਸਾਰਿਆਂ ਨੂੰ ਇਹ ਪ੍ਰਣ ਕਰਨਾ ਚਾਹੀਦਾ ਹੈ ਕਿ ਅਸੀਂ ਆਪਣੀ ਕੀਮਤੀ ਵੋਟ ਬਿਨਾਂ ਕਿਸੇ ਡਰ ਅਤੇ ਲਾਲਚ ਤੋਂ ਯੋਗ ਉਮੀਦਵਾਰਾਂ ਨੂੰ ਪਾ ਕੇ ਸਫਲ ਬਣਾਵਾਂਗੇ ਅਤੇ ਸਮੁੱਚੀ ਚੋਣ ਪ੍ਰਕਿਰਿਆ ਨੂੰ ਸ਼ਾਂਤਮਈ ਤਰੀਕੇ ਨਾਲ ਕਰਵਾਉਣ ਲਈ ਪ੍ਰਸ਼ਾਸਨ ਨੂੰ ਪੂਰਨ ਸਹਿਯੋਗ ਦੇਵਾਂਗੇ।

# ਹਰਿਆਣਾ ’ਚ ਕਾਂਗਰਸ ਦੀ ਹਾਰ ਦੇ ਕੀ ਕਾਰਨ ਰਹੇ?


ਉਜਾਗਰ ਸਿੰਘ


ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਹਰਿਆਣਾ ਵਿਚ ਲਗਾਤਾਰ ਤੀਜੀ ਵਾਰ ਸਰਕਾਰ ਬਣਾ ਕੇ ਮਾਸਟਰ ਸਟਰੋਕ ਮਾਰਿਆ ਹੈ। ਉਸ ਸੱਤਾ ਵਿਰੋਧੀ ਲਹਿਰ ਹੋਣ ਦੇ ਬਾਵਜੂਦ ਵਿਧਾਨ ਸਭਾ ਦੀ ਚੋਣ ਜਿੱਤ ਕੇ ਇਤਿਹਾਸ ਸਿਰਜ ਦਿੱਤਾ ਹੈ। ਭਾਵੇਂ ਲੋਕ ਸਭਾ ਦੀ ਚੋਣ ਦੀ ਤਰ੍ਹਾਂ ਇਸ ਵਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਾਮ ’ਤੇ ਵੋਟਾਂ ਨਹੀਂ ਮੰਗੀਆਂ ਗਈਆਂ ਪ੍ਰੰਤੂ ਆਰਐੱਸਐੱਸ ਅਤੇ ਭਾਰਤੀ ਜਨਤਾ ਪਾਰਟੀ ਦੇ ਰਣਨੀਤੀਕਾਰਾਂ ਦੀ ਰਣਨੀਤੀ ਪਾਰਟੀ ਲਈ ਵਰਦਾਨ ਸਾਬਿਤ ਹੋਈ।

ਸੰਨ 2019 ਦੀਆਂ ਵਿਧਾਨ ਸਭਾ ਚੋਣਾਂ ਵਿਚ 68.1 ਫ਼ੀਸਦੀ ਵੋਟਾਂ ਪੋਲ ਹੋਈਆਂ ਸਨ ਜਦਕਿ ਇਸ ਵਾਰ 67.9 ਪ੍ਰਤੀਸ਼ਤ। ਭਾਰਤੀ ਜਨਤਾ ਪਾਰਟੀ ਨੂੰ 40.5 ਫ਼ੀਸਦੀ ਵੋਟਾਂ ਪੋਲ ਹੋਈਆਂ ਹਨ ਅਤੇ ਸੀਟਾਂ ਦੀ ਗਿਣਤੀ 2019 ਵਿਚ 40 ਤੋਂ ਵਧ ਕੇ ਹੁਣ 48 ਹੋ ਗਈ ਹੈ। ਕਾਂਗਰਸ ਪਾਰਟੀ ਨੂੰ 39.3 ਫ਼ੀਸਦੀ ਵੋਟਾਂ ਪੋਲ ਹੋਈਆਂ ਤੇ ਸੀਟਾਂ 2019 ਦੀਆਂ 31 ਤੋਂ ਵਧ ਕੇ 37 ਹੋ ਗਈਆਂ। ਸੰਨ 2019 ਵਿਚ 18 ਆਜ਼ਾਦ ਉਮੀਦਵਾਰ ਜਿੱਤੇ ਸਨ ਪਰ 2024 ਵਿਚ ਸਿਰਫ਼ ਤਿੰਨ ਸਵਿੱਤਰੀ ਜਿੰਦਲ, ਦੇਵੇਂਦਰ ਕਾਦੀਆਂ ਅਤੇ ਰਾਜੇਸ਼ ਜੂਨ ਜਿੱਤੇ ਹਨ।

ਹਰਿਆਣਾ ਦੇ ਤਿੰਨ ਖੇਤਰ ਹਨ ਜਿਨ੍ਹਾਂ ’ਚੋਂ ਉੱਤਰੀ ਵਿਚ 38 ਸੀਟਾਂ ਹਨ ਜਿਨ੍ਹਾਂ ਵਿੱਚੋਂ ਭਾਰਤੀ ਜਨਤਾ ਪਾਰਟੀ ਨੇ 13 ਤੇ ਕਾਂਗਰਸ ਨੇ 22 ਸੀਟਾਂ ਜਿੱਤੀਆਂ, ਦੱਖਣੀ ਖੇਤਰ ਵਿਚ 23 ਸੀਟਾਂ ਹਨ ਜਿਨ੍ਹਾਂ ਵਿੱਚੋਂ ਭਾਰਤੀ ਜਨਤਾ ਪਾਰਟੀ ਨੇ 17 ਤੇ ਕਾਂਗਰਸ ਪਾਰਟੀ ਨੇ 6 ਸੀਟਾਂ ਜਿੱਤੀਆਂ ਹਨ ਅਤੇ ਜਾਟ ਲੈਂਡ ਰਿਜਨ ਵਿਚ 29 ਸੀਟਾਂ ’ਚੋਂ ਭਾਰਤੀ ਜਨਤਾ ਪਾਰਟੀ ਨੇ 18, ਕਾਂਗਰਸ ਨੇ 9 ਤੇ ਦੋ ਸੀਟਾਂ ਇਨੈਲੋ ਜਿੱਤ ਗਈ ਹੈ। ਮਈ 2024 ਦੀਆਂ ਲੋਕ ਸਭਾ ਚੋਣਾਂ ਤੋਂ ਇਕ ਮਹੀਨਾ ਪਹਿਲਾਂ ਭਾਰਤੀ ਜਨਤਾ ਪਾਰਟੀ ਨੇ ਓਬੀਸੀ ਭਾਈਚਾਰੇ ਦੇ ਨਾਇਬ ਸਿੰਘ ਸੈਣੀ ਨੂੰ ਮਨੋਹਰ ਲਾਲ ਖੱਟਰ ਦੀ ਥਾਂ ਮੁੱਖ ਮੰਤਰੀ ਬਣਾ ਕੇ ਓਬੀਸੀ ਦੀਆਂ ਵੋਟਾਂ ਬਟੋਰਨ ਦਾ ਪੱਤਾ ਖੇਡਿਆ ਸੀ ਜਿਹੜਾ ਲੋਕ ਸਭਾ ਤੇ ਹੁਣ ਵਿਧਾਨ ਸਭਾ ਦੀਆਂ ਚੋਣਾਂ ਵਿਚ ਸਾਰਥਕ ਸਾਬਿਤ ਹੋਇਆ ਹੈ।

ਕਾਂਗਰਸ ਪਾਰਟੀ ਨੇ ਹਮੇਸ਼ਾ ਜਾਟ ਮੁੱਖ ਮੰਤਰੀ ਬਣਾਉਣ ਨੂੰ ਤਰਜੀਹ ਦਿੱਤੀ ਹੈ। ਇਸ ਵਾਰ ਵੀ ਇਕ ਕਿਸਮ ਨਾਲ ਭੁਪਿੰਦਰ ਸਿੰਘ ਹੁਡਾ ਨੂੰ ਮੁੱਖ ਮੰਤਰੀ ਵਜੋਂ ਪੇਸ਼ ਕੀਤਾ ਜਾ ਰਿਹਾ ਸੀ। ਕੁਮਾਰੀ ਸ਼ੈਲਜਾ ਦੇ ਨਾਰਾਜ਼ ਹੋਣ ਨਾਲ ਅਨੁਸੂਚਿਤ ਜਾਤੀਆਂ ਦੀਆਂ ਵੋਟਾਂ ਕਾਂਗਰਸ ਤੋਂ ਦੂਰ ਹੋ ਗਈਆਂ। ਇਸ ਕਰਕੇ ਜਾਟਾਂ ਤੋਂ ਬਿਨਾਂ ਬਾਕੀ ਸਾਰੇ ਭਾਈਚਾਰੇ ਜਾਟਾਂ ਦੇ ਵਿਰੁੱਧ ਭਾਰਤੀ ਜਨਤਾ ਪਾਰਟੀ ਵੱਲ ਪਲਟ ਗਏ। ਇੱਥੋਂ ਤੱਕ ਕਿ ਜਾਟ ਲੈਂਡ ਦੀਆਂ 29 ਸੀਟਾਂ ਵਿੱਚੋਂ ਭਾਰਤੀ ਜਨਤਾ ਪਾਰਟੀ 18 ਸੀਟਾਂ ਜਿੱਤ ਗਈ। ਇਸ ਤੋਂ ਇਲਾਵਾ ਸਿਰਸਾ ਡੇਰੇ ਦੇ ਮੁਖੀ ਰਾਮ ਰਹੀਮ ਨੂੰ ਐਨ ਚੋਣਾਂ ਤੋਂ ਪਹਿਲਾਂ ਪੈਰੋਲ ਦੇਣ ਕਰਕੇ ਡੇਰੇ ਦੇ ਸ਼ਰਧਾਲੂ ਭਾਰਤੀ ਜਨਤਾ ਪਾਰਟੀ ਦੇ ਹੱਕ ਵਿਚ ਵੋਟਾਂ ਪਾ ਗਏ। ਕਾਂਗਰਸ ਪਾਰਟੀ ਅੱਤ ਦੇ ਆਤਮ-ਵਿਸ਼ਵਾਸ ਵਿਚ ਮਾਰੀ ਗਈ।

ਉਹ ਐਂਟੀ ਇੰਕੁਮਬੈਂਸੀ ਕਰਕੇ ਆਸ ਲਾਈ ਬੈਠੀ ਸੀ ਕਿ ਵੋਟਰ ਉਸ ਨੂੰ ਵੋਟਾਂ ਪਾਉਣਗੇ। ਹੈਰਾਨੀ ਦੀ ਗੱਲ ਹੈ ਕਿ ਕਿਸਾਨਾਂ ਦੀ ਨਾਰਾਜ਼ਗੀ, ਅਗਨੀਵੀਰ ਦਾ ਵਿਰੋਧ, ਬੇਰੁਜ਼ਗਾਰੀ ਅਤੇ ਪਹਿਲਵਾਨਾਂ ਨਾਲ ਦੁਰਵਿਵਹਾਰ ਵਰਗੇ ਮੁੱਦਿਆਂ ਦਾ ਕਾਂਗਰਸ ਪਾਰਟੀ ਲਾਭ ਨਹੀਂ ਉਠਾ




ਸਕੀ ਸਗੋਂ ਕਿਸਾਨ ਭਾਰਤੀ ਜਨਤਾ ਪਾਰਟੀ ਦੀ ਮਦਦ ਕਰ ਗਏ। ਕਾਂਗਰਸ ਦੀ ਗ਼ਲਤੀ ਰਹੀ ਕਿ ਉਸ ਨੇ ਸੀਪੀਐੱਮ ਤੋਂ ਬਿਨਾਂ ਕਿਸੇ ਪਾਰਟੀ ਨਾਲ ਸਮਝੌਤਾ ਨਹੀਂ ਕੀਤਾ।

ਦੂਜੀਆਂ ਪਾਰਟੀਆਂ ਵੀ ਕਾਂਗਰਸ ਦੀਆਂ ਜੜ੍ਹਾਂ ਵਿਚ ਬੈਠ ਗਈਆਂ। ਉਨ੍ਹਾਂ ਨੇ ਕਾਂਗਰਸ ਦੀਆਂ ਵੋਟਾਂ ਕੱਟ ਦਿੱਤੀਆਂ ਜਿਸ ਦਾ ਸਿੱਧਾ ਲਾਭ ਭਾਰਤੀ ਜਨਤਾ ਪਾਰਟੀ ਨੂੰ ਹੋਇਆ। ਪੰਤਾਲੀ ਵਿਧਾਨ ਸਭਾ ਸੀਟਾਂ ’ਤੇ ਕਾਂਗਰਸ ਦੂਜੇ ਨੰਬਰ ’ਤੇ ਆਈ ਹੈ ਅਤੇ 12 ਸੀਟਾਂ ’ਤੇ ਆਜ਼ਾਦ ਉਮੀਦਵਾਰ ਤੀਜੇ ਨੰਬਰ ’ਤੇ ਆਏ ਹਨ। ਜੇ ਕਾਂਗਰਸ ਦੂਜੀਆਂ ਪਾਰਟੀਆਂ ਨਾਲ ਸਮਝੌਤਾ ਕਰ ਲੈਂਦੀ ਤਾਂ ਘੱਟੋ-ਘੱਟ 12 ਸੀਟਾਂ ਹੋਰ ਕਾਂਗਰਸ ਦੀ ਝੋਲੀ ਵਿਚ ਪੈ ਸਕਦੀਆਂ ਸਨ। ਭਾਰਤੀ ਜਨਤਾ ਪਾਰਟੀ ਭਾਵੇਂ ਚੋਣਾਂ ਜਿੱਤ ਗਈ ਹੈ ਪ੍ਰੰਤੂ ਉਨ੍ਹਾਂ ਨੂੰ ਉਦੋਂ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ ਜਦੋਂ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੀ ਸਰਕਾਰ ਦੇ 8 ਮੰਤਰੀ ਅਤੇ ਵਿਧਾਨ ਸਭਾ ਦਾ ਸਪੀਕਰ ਚੋਣ ਹਾਰ ਗਏ। ਭਾਰਤੀ ਜਨਤਾ ਪਾਰਟੀ ਨੇ ਸਿਰਸਾ ਸੀਟ ਹਰਿਆਣਾ ਲੋਕ ਹਿਤ ਪਾਰਟੀ ਦੇ ਗੋਪਾਲ ਕਾਂਡਾ ਲਈ ਛੱਡੀ ਸੀ ਜੋ ਚੋਣ ਹਾਰ ਗਏ ਹਨ। ਇਨੈਲੋ ਤੇ ਬੀਐੱਸਪੀ ਦੇ ਗੱਠਜੋੜ ਨੇ ਵੀ 89 ਸੀਟਾਂ ’ਤੇ ਚੋਣ ਲੜੀ ਸੀ ਜਿਨ੍ਹਾਂ ਵਿੱਚੋਂ 51 ਸੀਟਾਂ ’ਤੇ ਇਨੈਲੋ ਨੇ ਉਮੀਦਵਾਰ ਖੜ੍ਹੇ ਕੀਤੇ ਸਨ। ਸੰਨ 2014 ਵਿਚ ਭਾਰਤੀ ਜਨਤਾ ਪਾਰਟੀ ਨੇ 90 ਵਿੱਚੋਂ 47 ਸੀਟਾਂ ਜਿੱਤ ਕੇ ਪੂਰਨ ਬਹੁਮਤ ਪ੍ਰਾਪਤ ਕੀਤਾ ਸੀ।

ਉਦੋਂ 68।1 ਫ਼ੀਸਦੀ ਵੋਟਾਂ ਪੋਲ ਹੋਈਆਂ ਸਨ। ਸੰਨ 2019 ਵਿਚ ਭਾਰਤੀ ਜਨਤਾ ਪਾਰਟੀ ਨੇ 40 ਜਿੱਤੀਆਂ ਸਨ ਜੋ ਪੂਰਨ ਬਹੁਮਤ ਤੋਂ 6 ਸੀਟਾਂ ਘੱਟ ਸਨ ਤੇ 36.49 ਫ਼ੀਸਦੀ ਵੋਟਾਂ ਮਿਲੀਆਂ ਸਨ। ਉਸ ਨੇ ਚੌਧਰੀ ਦੇਵੀ ਲਾਲ ਦੇ ਪੋਤਰੇ ਦੁਸ਼ਯੰਤ ਚੌਟਾਲਾ ਦੀ ਜਨ ਨਾਇਕ ਪਾਰਟੀ ਨਾਲ ਰਲ ਕੇ ਸਾਂਝੀ ਸਰਕਾਰ ਬਣਾਈ ਸੀ।

ਜਨ ਨਾਇਕ ਪਾਰਟੀ ਦੇ ਦਸ ਵਿਧਾਇਕ ਸਨ ਤੇ 14.80 ਫ਼ੀਸਦੀ ਵੋਟਾਂ ਪ੍ਰਾਪਤ ਕੀਤੀਆਂ ਸਨ। ਕਾਂਗਰਸ ਨੂੰ 31 ਸੀਟਾਂ ’ਤੇ ਜਿੱਤ ਪ੍ਰਾਪਤ ਹੋਈ ਸੀ ਤੇ 28.08 ਫ਼ੀਸਦੀ ਵੋਟਾਂ ਮਿਲੀਆਂ ਸਨ। ਇਸ ਵਾਰ ਸਰਕਾਰ ਭਾਵੇਂ ਭਾਰਤੀ ਜਨਤਾ ਪਾਰਟੀ ਬਣਾ ਰਹੀ ਹੈ ਪਰ ਕਾਂਗਰਸ ਤੇ ਉਹ ਆਪਣੀ ਵੋਟ ਫ਼ੀਸਦ ਵਧਾਉਣ ਵਿਚ ਸਫਲ ਹੋ ਗਈਆਂ ਹਨ। ਦੋਵੇਂ ਵਾਰ ਮਨੋਹਰ ਲਾਲ ਖੱਟਰ ਹਰਿਆਣਾ ਦੇ ਮੁੱਖ ਮੰਤਰੀ ਬਣੇ ਸਨ ਪਰ ਦੂਜੀ ਵਾਰ ਦੁਸ਼ਯੰਤ ਚੌਟਾਲਾ ਉਪ ਮੁੱਖ ਮੰਤਰੀ ਬਣਾਏ ਗਏ ਸਨ। ਸੰਨ 2024 ਦੇ ਸ਼ੁਰੂ ਵਿਚ ਦੋਹਾਂ ਪਾਰਟੀਆਂ ਦਾ ਸਮਝੌਤਾ ਟੁੱਟ ਗਿਆ ਸੀ।

ਸੱਤਾ ਵਿਰੋਧੀ ਲਹਿਰ ਤੋਂ ਮੁਕਤੀ ਪਾਉਣ ਲਈ ਭਾਰਤੀ ਜਨਤਾ ਪਾਰਟੀ ਨੇ ਨਾਇਬ ਸਿੰਘ ਸੈਣੀ ਨੂੰ ਮਨੋਹਰ ਲਾਲ ਖੱਟਰ ਦੀ ਥਾਂ ਮੁੱਖ ਮੰਤਰੀ ਬਣਾ ਦਿੱਤਾ ਜਿਸ ਕਰਕੇ ਉਹ ਸਰਕਾਰ ਬਣਾਉਣ ’ਚ ਸਫਲ ਰਹੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਅਮਿਤ ਸ਼ਾਹ, ਯੋਗੀ ਆਦਿੱਤਿਆ ਨਾਥ ਅਤੇ ਜੇਪੀ ਨੱਢਾ ਨੇ ਹਰਿਆਣਾ ਵਿਚ ਧੂੰਆਂਧਾਰ ਚੋਣ ਪ੍ਰਚਾਰ ਕੀਤਾ ਸੀ। ਦੂਜੇ ਪਾਸੇ ਰਾਹੁਲ ਗਾਂਧੀ, ਪ੍ਰਿੰਅਕਾ ਗਾਂਧੀ ਅਤੇ ਮਲਿਕਾਰਜੁਨ ਖੜਗੇ ਚੋਣ ਪ੍ਰਚਾਰ ਕਰਦੇ ਰਹੇ। ਭਾਰਤੀ ਜਨਤਾ ਪਾਰਟੀ ਤੇ ਕਾਂਗਰਸ ਦੇ ਨੇਤਾਵਾਂ ਨੇ ਟਿਕਟਾਂ ਨਾ ਮਿਲਣ ਕਰਕੇ ਬਗ਼ਾਵਤ ਵੀ ਕੀਤੀ ਪਰ ਭਾਜਪਾ ਫਿਰ ਵੀ ਬਹੁਮਤ ਹਾਸਲ ਕਰਨ ’ਚ ਸਫਲ ਹੋ ਗਈ।

ਉਸ ਦੇ ਸਾਬਕਾ ਗ੍ਰਹਿ ਮੰਤਰੀ ਅਨਿਲ ਵਿਜ ਅਤੇ ਕਾਂਗਰਸ ਦੀ ਕੁਮਾਰੀ ਸ਼ੈਲਜਾ ਵੀ ਨਾਰਾਜ਼ ਚਲੇ ਆ ਰਹੇ ਸਨ। ਹਰਿਆਣਾ ਦੇ ਤਿੰਨ ਲਾਲ, ਸਾਬਕਾ ਮੁੱਖ ਮੰਤਰੀਆਂ ਚੌਧਰੀ ਬੰਸੀ ਲਾਲ, ਚੌਧਰੀ ਦੇਵੀ ਲਾਲ ਅਤੇ ਚੌਧਰੀ ਭਜਨ ਲਾਲ ਦੇ ਪਰਿਵਾਰ ਵੱਖ-ਵੱਖ ਪਾਰਟੀਆਂ ਵੱਲੋਂ ਚੋਣ ਮੈਦਾਨ ਵਿਚ ਸਨ। ਹਰਿਆਣਾ ਦੇ ਤਿੰਨੋ ਲਾਲ ਪਰਿਵਾਰਾਂ ਚੌਧਰੀ ਦੇਵੀ ਲਾਲ, ਭਜਨ ਲਾਲ ਅਤੇ ਬੰਸੀ ਲਾਲ ਦੇ ਪਰਿਵਾਰਾਂ ਦੇ ਮੈਂਬਰ ਵੀ ਵਿਧਾਨਕਾਰ ਬਣ ਚੁੱਕੇ ਹਨ।

ਭਾਰਤੀ ਜਨਤਾ ਪਾਰਟੀ ਨੇ 48 ਵਿੱਚੋਂ 22 ਨਵੀਆਂ ਸੀਟਾਂ ਪਹਿਲੀ ਵਾਰ ਜਿੱਤੀਆਂ ਹਨ। ਕਾਂਗਰਸ ਆਪਣੀਆਂ ਪੁਰਾਣੀਆਂ ਸੀਟਾਂ ’ਚੋਂ ਅੱਧੀਆਂ ਹਾਰ ਗਈ ਹੈ। ਦਸ ਪੋਲਿੰਗ ਸਟੇਸ਼ਨ ਏਲਨਾਬਾਦ, ਲੋਹਾਰੂ, ਸਧੌਰਾ, ਜਗਾਧਰੀ, ਡੱਬਵਾਲੀ, ਹਥੀਨ, ਟੋਹਾਣਾ, ਨਾਰਨੌਂਦ, ਕਿਲਿਆਂਵਾਲੀ ਅਤੇ ਆਦਮਪੁਰ ਵਿਚ 75.47 ਫ਼ੀਸਦੀ ਤੋਂ ਵੱਧ ਪੋਲਿੰਗ ਹੋਈ। ਏਲਨਾਬਾਦ ਵਿਚ ਸਭ ਤੋਂ ਵੱਧ 80.61 ਫ਼ੀਸਦੀ ਪੋਲਿੰਗ ਹੋਈ। ਏਲਨਾਬਾਦ ਤੋਂ ਇਨੈਲੋ ਦੇ ਅਭੈ ਚੌਟਾਲਾ ਚੋਣ ਲੜੇ ਸਨ। ਤਰਵੰਜਾ ਫ਼ੀਸਦੀ ਸੀਟਾਂ ’ਤੇ 70% ਤੋਂ ਵੱਧ ਪੋਲਿੰਗ ਹੋਈ ਸੀ ਅਤੇ 11 ਹਲਕਿਆਂ ਵਿਚ 75 ਫ਼ੀਸਦੀ ਤੋਂ ਵੱਧ ਪੋਲਿੰਗ ਹੋਈ ਸੀ। ਸਿਰਸਾ ਹਲਕੇ ਵਿਚ ਸਭ ਤੋਂ ਵੱਧ 75.36% ਅਤੇ ਫਤੇਹਾਬਾਦ ’ਚ ਸਭ ਤੋਂ ਘੱਟ 74.77 ਫ਼ੀਸਦੀ ਵੋਟਾਂ ਪੋਲ ਹੋਈਆਂ। ਸੰਨ 2014 ਵਿਚ 76.2 ਫ਼ੀਸਦੀ ਪੋਲਿੰਗ ਹੋਈ ਸੀ। ਇਸ ਵਾਰ ਆਮ ਆਦਮੀ ਪਾਰਟੀ ਅਤੇ ਕਾਂਗਰਸ ਦਾ ਗੱਠਜੋੜ ਨਹੀਂ ਹੋ ਸਕਿਆ ਜਿਸ ਕਰਕੇ ਦੋਵੇਂ ਪਾਰਟੀਆਂ ਵੱਖ-ਵੱਖ ਚੋਣ ਲੜੀਆਂ ਸਨ।

ਆਮ ਆਦਮੀ ਪਾਰਟੀ ਦੇ ਸਾਰੇ ਉਮੀਦਵਾਰ ਬੁਰੀ ਤਰ੍ਹਾਂ ਚੋਣ ਹਾਰ ਗਏ ਤੇ ਉਨ੍ਹਾਂ ਸਾਰਿਆਂ ਦੀਆਂ ਜ਼ਮਾਨਤਾਂ ਜ਼ਬਤ ਹੋ ਗਈਆਂ ਹਨ। ਕਿਸਾਨ ਨੇਤਾ ਗੁਰਨਾਮ ਸਿੰਘ ਚੜੂਨੀ ਜਿਹੜੇ ਹਰਿਆਣਾ ਦੇ ਰਹਿਣ ਵਾਲੇ ਹਨ, ਉਹ ਵੀ ਚੋਣ ਲੜੇ ਸਨ ਪ੍ਰੰਤੂ ਉਹ ਕਾਂਗਰਸ ਦੇ ਉਮੀਦਵਾਰ ਮਨਦੀਪ ਸਿੰਘ ਚੱਠਾ ਤੋਂ ਚੋਣ ਹਾਰ ਗਏ ਹਨ। ਚੜੂਨੀ ਨੂੰ 1200 ਦੇ ਕਰੀਬ ਵੋਟਾਂ ਪਈਆਂ ਹਨ। ਸਾਰੇ ਚੋਣ ਸਰਵੇ ਗ਼ਲਤ ਸਾਬਿਤ ਹੋ ਗਏ ਹਨ। ਭਾਰਤੀ ਜਨਤਾ ਪਾਰਟੀ ਦੇ ਜਿੱਤਣ ਤੋਂ ਬਾਅਦ ਸ਼ੰਭੂ ਬਾਰਡਰ ਖੁੱਲ੍ਹਣ ਦੀ ਆਸ ਮੱਧਮ ਪੈ ਗਈ ਹੈ। ਕਾਂਗਰਸ ਨੂੰ ਜ਼ਬਰਦਸਤ ਝਟਕਾ ਲੱਗਿਆ ਹੈ ਕਿਉਂਕਿ ਉਸ ਦੇ ਪ੍ਰਧਾਨ ਉਦੈ ਭਾਨ ਚੋਣ ਹਾਰ ਗਏ। ਕਾਂਗਰਸ ਦੇ ਪ੍ਰਮੁੱਖ ਨੇਤਾ ਕਰਨ ਸਿੰਘ ਦਲਾਲ, ਕੁਲਦੀਪ ਸ਼ਰਮਾ, ਬਿਸ਼ਨ ਲਾਲ ਸੈਣੀ ਤੇ ਅਮਿਤ ਸਿਹਾਗ ਚੋਣ ਹਾਰ ਗਏ ਹਨ। ਖੇਤਰੀ ਪਾਰਟੀਆਂ ਦਾ ਹਰਿਆਣਾ ’ਚ ਸਫ਼ਾਇਆ ਹੋ ਗਿਆ ਹੈ। ਜੇਪੀਪੀ ਦੇ ਮੁਖੀ ਦੁਸ਼ਯੰਤ ਚੌਟਾਲਾ ਵੀ ਚੋਣ ਹਾਰ ਗਏ ਹਨ। ਦਸ ਸੀਟਾਂ ’ਤੇ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਤੋਂ ਵੱਧ ਵੋਟਾਂ ਨੋਟਾ ਨੂੰ ਪਈਆਂ। ਆਮ ਆਦਮੀ ਪਾਰਟੀ ਨੂੰ ਸਿਰਫ਼ 1.79% ਜਦਕਿ ਬਸਪਾ ਨੂੰ 1.84% ਵੋਟਾਂ ਹਾਸਲ ਹੋਈਆਂ ਹਨ।

# ਮੋਦੀ ਸਾਹਮਣੇ ਭੂ-ਰਾਜਨੀਤਕ ਚੁਣੌਤੀਆਂ



ਜੀ ਪਾਰਥਾਸਾਰਥੀ

ਭਾਰਤ ਦੀਆਂ ਆਰਥਿਕ ਨੀਤੀਆਂ ਦੇ ਭਾਵੇਂ ਕਈ ਆਲੋਚਕ ਹਨ ਪਰ ਹੁਣ ਇਸ ਚੀਜ਼ ਨੂੰ ਕੌਮਾਂਤਰੀ ਪੱਧਰ ’ਤੇ ਮਾਨਤਾ ਹੈ ਕਿ ਭਾਰਤ ਦੀ ਵਿਕਾਸ ਦਰ ਆਰਥਿਕ ਉਦਾਰਵਾਦ ਦੇ ਆਗਮਨ ਨਾਲ ਤੇਜ਼ੀ ਨਾਲ ਅੱਗੇ ਵਧ ਰਹੀ ਹੈ। ਇਸ ਵਿੱਚ ‘ਲਾਇਸੈਂਸ, ਪਰਮਿਟ ਤੇ ਕੋਟਾ ਰਾਜ’ ਦੇ ਖਾਤਮੇ ਦਾ ਵੱਡਾ ਰੋਲ ਹੈ। ਭਾਰਤ ਅਤੇ ਪੂਰਾ ਸੰਸਾਰ ਮੰਨਦਾ ਹੈ ਕਿ ਇਸ ਤਬਦੀਲੀ ਦੇ ਮੁੱਖ ਨਿਰਮਾਤਾ ਡਾ। ਮਨਮੋਹਨ ਸਿੰਘ ਸਨ ਜਿਨ੍ਹਾਂ ਦੇ ਯੋਗਦਾਨ ਨੂੰ ਉਸ ਵੇਲੇ ਹੋਰ ਵੀ ਜ਼ਿਆਦਾ ਸਲਾਹਿਆ ਗਿਆ ਜਦੋਂ ਉਹ ਦੇਸ਼ ਦੇ ਪ੍ਰਧਾਨ ਮੰਤਰੀ ਬਣੇ। ਇਹ ਵੀ ਜ਼ਿਕਰਯੋਗ ਹੈ ਕਿ ਖੁੱਲ੍ਹੇ ਅਰਥਚਾਰੇ ਲਈ ਉਨ੍ਹਾਂ ਦੇ ਕਦਮਾਂ ਦਾ ਕਈ ਦਿਸ਼ਾਵਾਂ ਵਿੱਚ ਵਿਸਤਾਰ ਹੋ ਚੁੱਕਾ ਹੈ। ਭਾਰਤ ਨੂੰ ਹੁਣ ਦੁਨੀਆ ਵਿੱਚ ਸਭ ਤੋਂ ਤੇਜ਼ੀ ਨਾਲ ਵਧ ਰਹੇ ਅਰਥਚਾਰੇ ਦੇ ਰੂਪ ਵਿੱਚ ਮਾਨਤਾ ਪ੍ਰਾਪਤ ਹੈ। ਕੌਮਾਂਤਰੀ ਮੁਦਰਾ ਫੰਡ ਦਾ ਕਹਿਣਾ ਹੈ ਕਿ ਭਾਰਤ ਦਾ ਅਰਥਚਾਰਾ ਇਸ ਸਾਲ 6।6 ਪ੍ਰਤੀਸ਼ਤ ਦੀ ਦਰ ਨਾਲ ਵਧੇਗਾ।

ਭਾਰਤ ਭਾਵੇਂ ਵਿਕਾਸ ਦੀ ਉੱਚੀ ਦਰ ਹਾਸਿਲ ਕਰਨ ਵੱਲ ਵਧ ਰਿਹਾ ਹੈ ਪਰ ਇਹ ਵੀ ਦਿਮਾਗ ਵਿੱਚ ਰੱਖਣਾ ਪਏਗਾ ਕਿ ਸੰਸਾਰ ਵਿੱਚ ਇਸ ਦਾ ਰੁਤਬਾ ਤੇ ਰਸੂਖ਼ ਜ਼ਿਆਦਾਤਰ ਇਸ ਦੀ ਆਰਥਿਕ ਤੇ ਤਕਨੀਕੀ ਤਰੱਕੀ ਦੇ ਪੱਖ ਤੋਂ ਤੈਅ ਹੋਵੇਗਾ। ਇਨ੍ਹਾਂ ਜ਼ਰੂਰਤਾਂ ਦੇ ਮੱਦੇਨਜ਼ਰ ਭਾਰਤ ਕੋਲ ਆਪਣੇ ਬਿਲਕੁਲ ਗੁਆਂਢ ’ਚ ਪੈਂਦੇ ਮੁਲਕਾਂ ਨਾਲ ਰਿਸ਼ਤੇ ਮਜ਼ਬੂਤ ਕਰਨ ਤੋਂ ਇਲਾਵਾ ਕੋਈ ਜ਼ਿਆਦਾ ਬਦਲ ਨਹੀਂ ਬਚਦੇ। ਇਸ ਨਾਲ ਭਾਰਤ ਦੇ ਪੱਛਮ ਵਿੱਚ ਲਾਲ ਸਾਗਰ ਤੇ ਫਾਰਸ ਦੀ ਖਾੜੀ ਦੇ ਇਲਾਕੇ ਤੋਂ ਲੈ ਕੇ ਇਸ ਦੇ ਪੂਰਬ ਵਿੱਚ ਮਲੱਕਾ ਜਲ ਮਾਰਗ ਤੱਕ ਦੇ ਇਲਾਕੇ ’ਚ ਸੁਰੱਖਿਆ ਤੇ ਸ਼ਾਂਤੀ ਯਕੀਨੀ ਬਣੇਗੀ। ਇਸ ਤੋਂ ਤਾਂ ਸਾਰੇ ਵਾਕਿਫ਼ ਹਨ ਕਿ ਭਾਰਤ ਅੱਗੇ ਇਸ ਦੀਆਂ ਸਰਹੱਦਾਂ ਤੋਂ ਪਾਰ ਜਿਹੜੀ ਮੁੱਖ ਚੁਣੌਤੀ ਹੈ, ਉਹ ਚੀਨ ਦੀਆਂ ਵਿਸਤਾਰਵਾਦੀ ਨੀਤੀਆਂ ਤੇ ਮਨਸੂਬੇ ਹਨ। ਪਾਕਿਸਤਾਨ ਨੇ ਤਾਂ ਖ਼ੁਦ ਨੂੰ ਦੀਵਾਲੀਏਪਨ ਵਿੱਚ ਉਲਝਾ ਲਿਆ ਹੈ।

ਭਾਰਤ ਚਿਰਾਂ ਤੋਂ ਤੇਲ ਸਰੋਤਾਂ ਨਾਲ ਭਰੇ (ਫਾਰਸ) ਖਾੜੀ ਖੇਤਰ ਜਿਸ ਵਿੱਚ ਇਰਾਨ ਤੇ ਸਾਊਦੀ ਅਰਬ ਆਉਂਦੇ ਹਨ, ਨਾਲ ਕਰੀਬੀ ਸਬੰਧਾਂ ਦਾ ਚਾਹਵਾਨ ਹੈ ਜਿੱਥੇ ਲਗਭਗ 60 ਲੱਖ ਭਾਰਤੀ ਰਹਿੰਦੇ ਹਨ। ਭਾਰਤ ਨੇ ਸਾਊਦੀ ਅਰਬ ਨਾਲ ਵੀ ਨੇੜਲੇ ਰਿਸ਼ਤੇ ਬਣਾਏ ਹਨ ਤੇ ਸੰਯੁਕਤ ਅਰਬ ਅਮੀਰਾਤ (ਯੂਏਈ) ਨਾਲ ਰਿਸ਼ਤਿਆਂ ਨੂੰ ਹੋਰ ਮਜ਼ਬੂਤ ਕੀਤਾ ਹੈ। ਰਾਸ਼ਟਰਪਤੀ ਜੋਅ ਬਾਇਡਨ ਦੀਆਂ ਬੇਲਗਾਮ ਟਿੱਪਣੀਆਂ ਤੋਂ ਬਾਅਦ ਅਮਰੀਕਾ ਅਤੇ ਸਾਊਦੀ ਅਰਬ ਦਰਮਿਆਨ ਸੁਹਿਰਦ ਕੰਮਕਾਜੀ ਸਬੰਧ ਬਹਾਲ ਕਰਾਉਣ ’ਚ ਵੀ ਭਾਰਤ ਨੇ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਬਾਇਡਨ ਨੇ ਸਾਊਦੀ ਰਾਜਤੰਤਰ ਬਾਰੇ ਤਲਖ਼ ਟਿੱਪਣੀਆਂ ਕੀਤੀਆਂ ਸਨ ਜਿਸ ਦਾ ਸਾਊਦੀ ਸ਼ਾਸਨ ਨੇ ਬਹੁਤ ਬੁਰਾ ਮਨਾਇਆ ਸੀ।

ਯੂਏਈ ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਸ਼ੇਖ ਤਹਿਨੂਨ ਬਿਨ ਜ਼ਾਏਦ ਅਲ ਨਾਹਯਾਨ ਨੇ ਅਮਰੀਕਾ ਦੇ ਸੁਰੱਖਿਆ ਸਲਾਹਕਾਰ ਜੇਕ ਸੁਲੀਵਨ ਤੇ ਸਾਊਦੀ ਅਰਬ ਦੇ ਸ਼ਹਿਜ਼ਾਦੇ ਮੁਹੰਮਦ ਬਿਨ ਸਲਮਾਨ ਦਰਮਿਆਨ ਹੋਈ ਵਾਰਤਾ ਵਿੱਚ ਵੀ ਹਿੱਸਾ ਲਿਆ ਹੈ। ਮੰਨਿਆ ਜਾ ਰਿਹਾ ਹੈ ਕਿ ਇਹ ਵਾਰਤਾ ਭਾਰਤ ਦੇ ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਦੇ ਯਤਨਾਂ ਨਾਲ ਸੰਭਵ ਹੋ ਸਕੀ ਹੈ। ਰਿਪੋਰਟਾਂ ਹਨ ਕਿ ਯੂਏਈ, ਅਮਰੀਕਾ ਤੇ ਭਾਰਤ ਦਰਮਿਆਨ ਸਹਿਯੋਗ ਨੂੰ ਹੁਲਾਰਾ ਦੇਣ ਲਈ ਸਮਝੌਤਾ ਸਹੀਬੱਧ ਕੀਤਾ ਗਿਆ ਹੈ। ਭਾਰਤ ਲਈ ਹੁਣ ਅਰਬ ਦੀ ਖਾੜੀ ਦੇ ਛੇ ਗੁਆਂਢੀ ਮੁਲਕਾਂ ਨਾਲ ਰਲ ਕੇ ਹਿੰਦ ਮਹਾਸਾਗਰ ਦੇ ਆਰ-ਪਾਰ ਪਹਿਲਾਂ ਨਾਲੋਂ ਵੱਧ



ਸਕਾਰਾਤਮਕ ਤੇ ਸਹਿਯੋਗੀ ਭੂਮਿਕਾ ਨਿਭਾਉਣ ਦਾ ਮੰਚ ਸਜ ਗਿਆ ਹੈ।

ਭਾਰਤ-ਅਮਰੀਕਾ ਦੇ ਰਿਸ਼ਤੇ ਅਮਰੀਕਾ ਦੇ ਉਸ ਫ਼ੈਸਲੇ ਤੋਂ ਬਾਅਦ ਇਕਦਮ ਵਧੇ ਹਨ ਜਿਸ ’ਚ ਸਵੀਕਾਰਿਆ ਗਿਆ ਹੈ ਕਿ ਭਾਰਤ ਹਿੰਦ ਮਹਾਸਾਗਰ ਦੇ ਆਰ-ਪਾਰ ਚੀਨ ਦੀ ਵਧਦੀ ਸਮਰੱਥਾ ਦਾ ਟਾਕਰਾ ਕਰ ਸਕਦਾ ਹੈ ਅਤੇ ਭਵਿੱਖ ਵਿੱਚ ਸੰਤੁਲਨ ਕਾਇਮ ਰੱਖ ਸਕਦਾ ਹੈ। ਦੋਸਤੀ ਦਾ ਦਿਖਾਵਾ ਕਰਨ ਦੇ ਬਾਵਜੂਦ ਚੀਨ ਦੀਆਂ ਨੀਤੀਆਂ ਭਾਰਤ ਦੇ ਰਸੂਖ਼ ਨੂੰ ਸੀਮਤ ਕਰਨ ਤੇ ਜਕੜਨ ਵਾਲੀਆਂ ਰਹੀਆਂ ਹਨ। ਚੀਨ ਪਾਕਿਸਤਾਨ ਦੀ ਮਿਜ਼ਾਈਲ ਤੇ ਪਰਮਾਣੂ ਹਥਿਆਰਾਂ ਦੀ ਸਮਰੱਥਾ ਨੂੰ ਲਗਾਤਾਰ ਮਜ਼ਬੂਤ ਕਰ ਰਿਹਾ ਹੈ। ਇਹ ਅਫ਼ਗਾਨਿਸਤਾਨ ਨੇੜਲੀ ਭਾਰਤ ਦੀ ਪੱਛਮੀ ਹੱਦ ਦੇ ਨਾਲ-ਨਾਲ ਅਤੇ ਪਾਰ ਵੀ ਪਾਕਿਸਤਾਨ ਨਾਲ ਨੇੜਿਓਂ ਸਹਿਯੋਗ ਕਰ ਰਿਹਾ ਹੈ। ਇਰਾਨ ਨਾਲ ਸਬੰਧ ਮਜ਼ਬੂਤ ਕਰਨ ਬਾਰੇ ਨਵੀਂ ਦਿੱਲੀ ਦਾ ਹਾਲੀਆ ਕਦਮ ਜਿਸ ਵਿੱਚ ਰਣਨੀਤਕ ਚਾਬਹਾਰ ਬੰਦਰਗਾਹ ਦੀ ਉਸਾਰੀ ਸ਼ਾਮਿਲ ਹੈ, ਭਾਰਤ ਨੂੰ ਕੇਂਦਰੀ ਏਸ਼ੀਆ ਤੱਕ ਵਾਧੂ ਆਰਥਿਕ ਤੇ ਸਾਗਰੀ ਪਹੁੰਚ ਦੇਵੇਗਾ ਅਤੇ ਅਫ਼ਗਾਨਿਸਤਾਨ ਤੱਕ ਭਾਰਤ ਦੀ ਪਹੁੰਚ ਨੂੰ ਸੀਮਤ ਕਰਨ ਲਈ ਪਾਕਿਸਤਾਨ ਕੋਲ ਜ਼ਿਆਦਾ ਥਾਂ ਨਹੀਂ ਬਚੇਗੀ।

ਅਮਰੀਕਾ ਨੇ ਭਾਵੇਂ ਪਹਿਲਾਂ ਭਾਰਤ ਦੇ ਇਰਾਨ ਨਾਲ ਵਧਦੇ ਸਬੰਧਾਂ ਉੱਤੇ ਇਤਰਾਜ਼ ਕੀਤਾ ਸੀ, ਹੁਣ ਜਾਪਦਾ ਹੈ, ਇਸ ਨੇ ਪ੍ਰਾਜੈਕਟ ਬਾਰੇ ਭਾਰਤ ਨਾਲ ਸੁਲ੍ਹਾ ਕਰ ਲਈ ਹੈ। ਇਹ ਅਜਿਹਾ ਪ੍ਰਾਜੈਕਟ (ਟਰਾਂਸਪੋਰਟ ਲਾਂਘਾ) ਹੈ ਜੋ ਭਾਰਤ ਨੂੰ ਅਫ਼ਗਾਨਿਸਤਾਨ ਤੇ ਇਰਾਨ ਨਾਲ ਜੋੜੇਗਾ। ਪਾਕਿਸਤਾਨ ਇਸ ਲਾਂਘੇ ਤੋਂ ਖੁਸ਼ ਨਹੀਂ ਕਿਉਂਕਿ ਇਹ ਰਾਵਲਪਿੰਡੀ ਨੂੰ ਭਾਰਤ ਦੀ ਅਫ਼ਗਾਨਿਸਤਾਨ, ਇਰਾਨ ਤੇ ਮੱਧ ਏਸ਼ੀਆ ਤੱਕ ਪਹੁੰਚ ਵਿੱਚ ਵਿਘਨ ਨਹੀਂ ਪਾਉਣ ਦਿੰਦਾ। ਇਹ ਕੌਮਾਂਤਰੀ ਉੱਤਰ-ਦੱਖਣ ਟਰਾਂਸਪੋਰਟ ਕੌਰੀਡੋਰ ਤੱਕ ਭਾਰਤ ਦੀ ਪਹੁੰਚ ਲਈ ਪ੍ਰਮੁੱਖ ਪ੍ਰਵੇਸ਼ ਦੁਆਰ ਬਣ ਗਿਆ ਹੈ ਜੋ ਅੰਤ ’ਚ ਭਾਰਤ ਨੂੰ ਕੇਂਦਰੀ ਏਸ਼ੀਆ, ਰੂਸ ਅਤੇ ਆਖ਼ਿਰਕਾਰ ਸਮੁੰਦਰੀ, ਰੇਲ ਤੇ ਸੜਕੀ ਮਾਰਗ ਰਾਹੀਂ ਯੂਰੋਪ ਨਾਲ ਜੋੜ ਦੇਵੇਗਾ।

ਖ਼ੈਰ, ਅਮਰੀਕਾ ਨਾਲ ਸਬੰਧਾਂ ਵਿੱਚ ਕਾਫ਼ੀ ਸਥਿਰਤਾ ਆਈ ਤੇ ਸਮੁੰਦਰੀ ਸੰਪਰਕਾਂ ਨੂੰ ਮਜ਼ਬੂਤ ਕਰਨ ਲਈ ਚੋਖਾ ਸਹਿਯੋਗ ਕੀਤਾ ਜਾ ਰਿਹਾ ਹੈ। ਹਿੰਦ ਮਹਾਸਾਗਰ ਖਿੱਤੇ ਦੇ ਆਰ-ਪਾਰ ਤਣਾਅ ਤੇ ਪਾਇਰੇਸੀ ਦੀਆਂ ਘਟਨਾਵਾਂ ਅਤੇ ਇਸ ਦੇ ਨਾਲ ਹੀ ਗਾਜ਼ਾ ਵਿੱਚ ਇਜ਼ਰਾਇਲੀ ਕਬਜ਼ੇ ਦੇ ਮੱਦੇਨਜ਼ਰ ਅਹਿਮ ਘਟਨਾਕ੍ਰਮ ਹੈ। ਹਿੰਦ ਪ੍ਰਸ਼ਾਂਤ ਖੇਤਰ ਵਿੱਚ ਹੋਰਮੂਜ਼ ਜਲ ਡਮਰੂ ਤੋਂ ਲੈ ਕੇ ਫਾਰਸ ਦੀ ਖਾੜੀ ਵਿੱਚ ਮਲੱਕਾ ਜਲ ਡਮਰੂ ਤੱਕ ਚੀਨ ਦੇ ਵਧ ਰਹੇ ਅਸਰ-ਰਸੂਖ ਦੇ ਮੱਦੇਨਜ਼ਰ ਅਮਰੀਕਾ ਭਾਰਤ ਨੂੰ ਆਪਣਾ ਅਹਿਮ ਭਿਆਲ ਸਮਝ ਰਿਹਾ ਹੈ। ਭਾਰਤ ਹਿੰਦ ਮਹਾਸਾਗਰ ਦੇ ਆਪਣੇ ਗੁਆਂਢ ਦੇ ਕੰਢਿਆਂ ਦੀ ਰਾਖੀ ਲਈ ਦੋ ਵਿਮਾਨ ਵਾਹਕ ਜਹਾਜ਼ਾਂ ਅਤੇ ਇੰਨੀਆਂ ਕੁ ਹੀ ਪਰਮਾਣੂ ਪਣਡੁੱਬੀਆਂ ਦਾ ਇਸਤੇਮਾਲ ਕਰ ਸਕਦਾ ਹੈ।

ਭਾਰਤ-ਅਮਰੀਕਾ ਸਬੰਧਾਂ ਉੱਪਰ ਉਲਟ ਅਸਰ ਪਾਉਣ ਵਾਲਾ ਅਹਿਮ ਮੁੱਦਾ ਅਮਰੀਕੀ ਮੀਡੀਆ ਦੀ ਭਾਰਤ ਵਿੱਚ ਮਨੁੱਖੀ ਅਧਿਕਾਰਾਂ ਦੀਆਂ ਕਥਿਤ ਖ਼ਿਲਾਫ਼ਵਰਜ਼ੀਆਂ ਦੀ ਕੀਤੀ ਜਾ ਰਹੀ ਲਗਾਤਾਰ ਨੁਕਤਾਚੀਨੀ ਜਿਸ ਨੂੰ ਜ਼ਾਹਿਰਾ ਤੌਰ ’ਤੇ ਵਾਸ਼ਿੰਗਟਨ ਦੀ ਸ਼ਹਿ ਪ੍ਰਾਪਤ ਹੈ। ਭਾਰਤ ਉਨ੍ਹਾਂ ਚੰਦ ਕੁ ਮੁਲਕਾਂ ਵਿੱਚ ਸ਼ਾਮਿਲ ਸੀ ਜਿਨ੍ਹਾਂ ਨੂੰ ਦੌਰੇ ’ਤੇ ਆਏ ਤਤਕਾਲੀ ਰਾਸ਼ਟਰਪਤੀ ਡੋਨਲਡ ਟਰੰਪ ਕਾਫ਼ੀ ਦੋਸਤਾਨਾ ਲੱਗੇ ਸਨ। ਟਰੰਪ ਦੇ ਮਨ ਵਿੱਚ ਚੀਨ ਮੁਤੱਲਕ ਕੋਈ ਭਰਮ ਭੁਲੇਖੇ ਜਾਂ ਆਸਾਂ ਨਹੀਂ ਸਨ ਅਤੇ ਉਹ ਪਾਕਿਸਤਾਨ ਪ੍ਰਤੀ ਵੀ ਉਲਾਰ ਨਹੀਂ ਸਨ। ਭਾਰਤ ਭਰੋਸਾ ਰੱਖ ਸਕਦਾ ਹੈ ਕਿ ਰਾਸ਼ਟਰਪਤੀ ਦੀ ਆਉਣ ਵਾਲੀ ਚੋਣ ਵਿਚ ਕਮਲਾ ਹੈਰਿਸ ਜਾਂ ਟਰੰਪ ਵਿੱਚੋਂ ਭਾਵੇਂ ਕੋਈ ਵੀ ਜਿੱਤੇ ਪਰ ਉਨ੍ਹਾਂ ਦੇ ਰਿਸ਼ਤੇ ਵਧਦੇ ਹੀ ਜਾਣਗੇ।

ਚੀਨ ਅਤੇ ਪਾਕਿਸਤਾਨ ਨਾਲ ਲਗਦੀਆਂ ਸਰਹੱਦਾਂ ਉਪਰ ਭਾਰਤ ਦੀਆਂ ਸਮੱਸਿਆਵਾਂ ਰਹਿਣੀਆਂ ਹੀ ਹਨ। ਪਾਕਿਸਤਾਨ ਦੀ ਆਰਥਿਕ ਹਾਲਤ ਭਾਵੇਂ ਬਹੁਤ ਵਿਗੜ ਚੁੱਕੀ ਹੈ, ਤਾਂ ਵੀ ਉਹ ਭਾਰਤ ਵਿੱਚ ਦਹਿਸ਼ਤਗਰਦੀ ਨੂੰ ਸ਼ਹਿ ਦੇਣੀ ਬੰਦ ਨਹੀਂ ਕਰ ਰਿਹਾ। ਸ਼ਰੀਫ ਭਰਾਵਾਂ ਅਤੇ ਉਨ੍ਹਾਂ ਦੇ ਸਿਵਲੀਅਨ ਨਿਜ਼ਾਮ ਨੇ ਪਾਕਿਸਤਾਨ ਨੂੰ ਆਰਥਿਕ ਸੰਕਟ ਵਿੱਚ ਧੱਕ ਦਿੱਤਾ ਹੈ; ਭਾਰਤ ਨੂੰ ਹੁਣ ਪਾਕਿਸਤਾਨੀ ਥਲ ਸੈਨਾ ਦੇ ਮੁਖੀ ਜਨਰਲ ਸੱਯਦ ਆਸਿਮ ਮੁਨੀਰ ਨਾਲ ਸਿੱਝਣਾ ਪੈ ਰਿਹਾ ਹੈ ਜਿਨ੍ਹਾਂ ਦਾ ਕੌਮੀ ਸੁਰੱਖਿਆ ਨੀਤੀਆਂ ਉੱਪਰ ਚੋਖਾ ਅਸਰ-ਰਸੂਖ ਹੈ। ਉਨ੍ਹਾਂ ਦੇ ਆਕਾ ਅਤੇ ਸਾਬਕਾ ਜਨਰਲ ਕਮਰ ਜਾਵੇਦ ਬਾਜਵਾ ਚੰਗੀ ਤਰ੍ਹਾਂ ਸਮਝਦੇ ਸਨ ਕਿ ਭਾਰਤ ਨਾਲ ਤਣਾਅ ਪੈਦਾ ਕਰਨ ਦੀ ਕਿਹੋ ਜਿਹੀ ਆਰਥਿਕ ਅਤੇ ਕੂਟਨੀਤਕ ਕੀਮਤ ਤਾਰਨੀ ਪਵੇਗੀ ਪਰ ਜਨਰਲ ਮੁਨੀਰ ਭਾਰਤ ਖਾਸਕਰ ਜੰਮੂ ਕਸ਼ਮੀਰ ਵਿੱਚ ਗੜਬੜ ਪੈਦਾ ਕਰਨ ’ਤੇ ਤੁਲੇ ਹੋਏ ਹਨ। ਭਾਰਤ ਨੂੰ ਇਸ ਰਣਨੀਤੀ ਦਾ ਕੂਟਨੀਤਕ ਅਤੇ ਫ਼ੌਜੀ, ਦੋਹਾਂ ਤਰੀਕਿਆਂ ਨਾਲ ਜਵਾਬ ਦੇਣ ਦੀ ਲੋੜ ਹੈ।

ਸ਼ਰੀਫ਼ ਭਰਾਵਾਂ ਦਾ ਪਾਕਿਸਤਾਨ ਦੇ ਸਿਵਲੀਅਨ ਅਤੇ ਸਿਆਸੀ ਨਿਜ਼ਾਮ ਉੱਪਰ ਭਾਵੇਂ ਕੰਟਰੋਲ ਹੈ ਪਰ ਜੰਮੂ ਕਸ਼ਮੀਰ ਅਤੇ ਭਾਰਤ ਵਿੱਚ ਹੋਰਨੀਂ ਥਾਈਂ ਅਤਿਵਾਦ ਨੂੰ ਸ਼ਹਿ ਦੇ ਰਹੀ ਪਾਕਿਸਤਾਨੀ ਫ਼ੌਜ ਉੱਪਰ ਉਨ੍ਹਾਂ ਦਾ ਕੋਈ ਪ੍ਰਭਾਵ ਨਹੀਂ। ਪਾਕਿਸਤਾਨ ਇਸ ਵੇਲੇ ਅਫ਼ਗਾਨਿਸਤਾਨ ਨਾਲ ਲਗਦੀਆਂ ਆਪਣੀਆਂ ਸਰਹੱਦਾਂ ਉੱਪਰ ਚੱਲ ਰਹੀ ਉਥਲ-ਪੁਥਲ ਵਿੱਚ ਉਲਝਿਆ ਹੋਇਆ ਹੈ। ਇਸੇ ਦੌਰਾਨ ਭਾਰਤ ਅਤੇ ਇਰਾਨ ਦੇ ਕਾਬੁਲ ਨਾਲ ਉਸਾਰੂ ਸਬੰਧ ਬਣੇ ਹੋਏ ਹਨ। ਭਾਰਤ ਵਲੋਂ ਮੁੱਖ ਤੌਰ ’ਤੇ ਆਰਥਿਕ ਸਹਿਯੋਗ ਉੱਪਰ ਧਿਆਨ ਕੇਂਦਰਤ ਕੀਤਾ ਜਾ ਰਿਹਾ ਹੈ। ਇਸ ਨੇ ਗੁਆਂਢੀਆਂ ਨਾਲ ਸੰਚਾਰ ਲਈ ਅੰਦਰਖਾਤੇ ਚੈਨਲ ਬਣਾਏ ਹੋਏ ਹਨ ਪਰ ਨਾਲ ਹੀ ਪਾਕਿਸਤਾਨ ਨੂੰ ਅਜਿਹੀਆਂ ਮੀਟਿੰਗਾਂ ਨੂੰ ਪ੍ਰਾਪੇਗੰਡਾ ਕਰਨ ਦੀ ਇਜਾਜ਼ਤ ਵੀ ਨਹੀਂ ਦਿੱਤੀ ਜਾ ਰਹੀ। ਇਸ ਦੇ ਨਾਲ ਹੀ ਜੇ ਪਾਕਿਸਤਾਨ ਭਾਰਤੀ ਧਰਤੀ ਉੱਪਰ ਅਤਿਵਾਦ ਨੂੰ ਭੜਕਾਉਣਾ ਜਾਰੀ ਰੱਖਦਾ ਹੈ ਤਾਂ ਭਾਰਤ ਨੂੰ ਢੁਕਵਾਂ ਜਵਾਬ ਦੇਣ ਦੀ ਤਿਆਰੀ ਵੀ ਕਰਨੀ ਚਾਹੀਦੀ ਹੈ।

# ‘ਇੱਕ ਦੇਸ਼ ਇੱਕ ਚੋਣ’ ਦਾ ਭਰਮਜਾਲ




ਜਗਦੀਪ ਐੱਸ ਛੋਕਰ

ਕੇਂਦਰੀ ਕੈਬਨਿਟ ਨੇ ‘ਇੱਕ ਦੇਸ਼ ਇੱਕ ਚੋਣ’ ਮੁਤੱਲਕ ਰਾਮ ਨਾਥ ਕੋਵਿੰਦ ਕਮੇਟੀ ਦੀ ਰਿਪੋਰਟ ਪ੍ਰਵਾਨ ਕਰ ਲਈ ਹੈ। ਇਸ ਫ਼ੈਸਲੇ ਦਾ ਐਲਾਨ ਕਰਦਿਆਂ ਕੇਂਦਰੀ ਮੰਤਰੀ ਅਸ਼ਵਨੀ ਵੈਸ਼ਨਵ ਨੇ ਕਾਰਜ ਯੋਜਨਾ ਦਾ ਖ਼ਾਕਾ ਵੀ ਪੇਸ਼ ਕੀਤਾ ਹੈ ਜਿਸ ਦੀ ਸ਼ੁਰੂਆਤ ਸੰਵਿਧਾਨਕ ਸੋਧ ਤਿਆਰ ਕਰਨ ਨਾਲ ਕੀਤੀ ਜਾਵੇਗੀ ਅਤੇ ਇਸ ਮੰਤਵ ਲਈ ਬਹੁਤ ਸਾਰੀਆਂ ਧਾਰਾਵਾਂ ਵਿੱਚ ਸੋਧ ਕਰਨੀ ਪਵੇਗੀ। ਇਹ ਕਾਫ਼ੀ ਉਤਸ਼ਾਹੀ ਅਤੇ ਜਟਿਲ ਬਿਲ ਹੋਵੇਗਾ ਜਿਸ ਨੂੰ ਪਹਿਲਾਂ ਪਾਰਲੀਮੈਂਟ ਵਿੱਚ ਪੇਸ਼ ਕੀਤਾ ਜਾਵੇਗਾ। ਉੱਥੇ ਇਸ ’ਤੇ ਬਹਿਸ ਅਤੇ ਮਤਦਾਨ ਦੌਰਾਨ ਘੱਟੋ-ਘੱਟ ਦੋ ਤਿਹਾਈ ਮੈਂਬਰਾਂ ਦੀ ਹਾਜ਼ਰੀ ਜ਼ਰੂਰੀ ਹੋਵੇਗੀ ਅਤੇ ਸੰਸਦ ਦੇ ਦੋਵੇਂ ਸਦਨਾਂ ਵਿੱਚ ਇਸ ਨੂੰ ਵਿਸ਼ੇਸ਼ ਬਹੁਮਤ (50 ਫ਼ੀਸਦੀ ਤੋਂ ਵੱਧ) ਨਾਲ ਪਾਸ ਕਰਨਾ ਜ਼ਰੂਰੀ ਹੋਵੇਗਾ।

ਜਦੋਂ ਇਸ ਬਿਲ ਨੂੰ ਪਾਰਲੀਮੈਂਟ ਵੱਲੋਂ ਪਾਸ ਕਰ ਦਿੱਤਾ ਜਾਵੇਗਾ ਤਾਂ ਰਾਜਾਂ ਦੀਆਂ ਘੱਟੋ-ਘੱਟ ਅੱਧੀਆਂ ਵਿਧਾਨ ਸਭਾਵਾਂ ਵੱਲੋਂ ਸਾਧਾਰਨ ਬਹੁਮਤ ਨਾਲ ਇਸ ਬਿਲ ਦੀ ਪ੍ਰੋੜਤਾ ਕਰਨੀ ਜ਼ਰੂਰੀ ਹੋਵੇਗੀ ਜਿਸ ਦਾ ਭਾਵ ਹੋਵੇਗਾ ਕਿ ਸਦਨ ਵਿੱਚ ਮੱਤਦਾਨ ਸਮੇਂ ਹਾਜ਼ਰ ਮੈਂਬਰਾਂ ’ਚੋਂ ਬਹੁਮਤ ਨਾਲ ਪਾਸ ਕਰਨਾ। ਅਜਿਹਾ ਹੋਣਾ ਜ਼ਰੂਰੀ ਹੈ ਕਿਉਂਕਿ ਇਸ ਤਹਿਤ ਸੰਵਿਧਾਨ ਦੀਆਂ ਕੁਝ ਬੁਨਿਆਦੀ ਮੱਦਾਂ ਵਿੱਚ ਸੋਧ ਕੀਤੀ ਜਾਣੀ ਹੈ। ਜਦੋਂ ਇਹ ਸਭ ਕੁਝ ਹੋ ਹਟੇਗਾ ਤਾਂ ਬਿਲ ਨੂੰ ਰਾਸ਼ਟਰਪਤੀ ਦੀ ਮਨਜ਼ੂਰੀ ਲਈ ਭੇਜਿਆ ਜਾਵੇਗਾ। ਇਸ ਸਮੁੱਚੇ ਕੰਮ ਲਈ ਕਿੰਨਾ ਕੁ ਸਮਾਂ ਲੱਗੇਗਾ, ਇਸ ਬਾਰੇ ਕੋਈ ਵੀ ਅੰਦਾਜ਼ਾ ਲਾ ਸਕਦਾ ਹੈ। ਇਸ ਮਾਮਲੇ ਤੋਂ ਔਰਤਾਂ ਦੇ ਰਾਖਵਾਂਕਰਨ ਐਕਟ ਦੀ ਯਾਦ ਆ ਗਈ ਹੈ ਜਿਸ ਨੂੰ ਨਾਰੀ ਸ਼ਕਤੀ ਵੰਦਨ ਅਧਿਨਿਯਮ ਦਾ ਨਾਂ ਦਿੱਤਾ ਗਿਆ ਸੀ। ਇਸ ਸਬੰਧ ਵਿੱਚ 128ਵੀਂ ਸੰਵਿਧਾਨਕ ਸੋਧ ਬਿਲ ਪਾਸ ਕੀਤਾ ਗਿਆ ਸੀ ਜਿਸ ਤਹਿਤ ਲੋਕ ਸਭਾ ਅਤੇ ਸੂਬਾਈ ਵਿਧਾਨ ਸਭਾਵਾਂ ਵਿਚ ਔਰਤਾਂ ਲਈ ਇੱਕ ਤਿਹਾਈ ਸੀਟਾਂ ਰਾਖਵੀਆਂ ਕਰਨ ਦੀ ਯੋਜਨਾ ਹੈ। ਇਸ ਬਿਲ ਨੂੰ 29 ਸਤੰਬਰ 2023 ਨੂੰ ਰਾਸ਼ਟਰਪਤੀ ਦੀ ਮਨਜ਼ੂਰੀ ਮਿਲ ਗਈ ਸੀ।

ਬਿਲ ਪਾਸ ਹੋਣ ਸਮੇਂ ਮਨਾਏ ਜਾ ਰਹੇ ਜਸ਼ਨ ਦੌਰਾਨ ਬਹੁਤ ਸਾਰੇ ਲੋਕਾਂ ਨੂੰ ਜਾਪਿਆ ਸੀ ਕਿ 2024 ਦੀਆਂ ਆਮ ਚੋਣਾਂ ’ਚ ਲੋਕ ਸਭਾ ਵਿੱਚ ਔਰਤਾਂ ਲਈ 33 ਫ਼ੀਸਦੀ ਰਾਖ਼ਵਾਂਕਰਨ ਵੀ ਮਿਲ ਜਾਵੇਗਾ। ਉਂਝ, ਜਦੋਂ ਅਜਿਹਾ ਕੁਝ ਵੀ ਨਾ ਹੋਇਆ ਤਾਂ ਬਿਲ ਦਾ ਤਫ਼ਸੀਲੀ ਰੂਪ ਵਾਚਣਾ ਪਿਆ ਜਿਸ ਤੋਂ ਪਤਾ ਲੱਗਿਆ ਕਿ ਇਹ ਕਾਨੂੰਨ ਅਗਲੀ ਹੱਦਬੰਦੀ ਕਵਾਇਦ ਮੁਕੰਮਲ ਹੋਣ ਤੋਂ ਬਾਅਦ ਹੀ ਲਾਗੂ ਹੋ ਸਕੇਗਾ ਅਤੇ ਹੱਦਬੰਦੀ ਲਈ ਪਹਿਲਾਂ ਮਰਦਮਸ਼ੁਮਾਰੀ ਕਰਾਉਣੀ ਜ਼ਰੂਰੀ ਹੋਵੇਗੀ। 2021 ਵਿੱਚ ਹੋਣ ਵਾਲੀ ਮਰਦਮਸ਼ੁਮਾਰੀ ਅਜੇ ਤੱਕ ਨਹੀਂ ਕਰਵਾਈ ਗਈ ਜਿਸ ਕਰ ਕੇ ਔਰਤਾਂ ਲਈ ਰਾਖਵਾਂਕਰਨ ਦਾ ਕਾਨੂੰਨ ਕਦੋਂ ਲਾਗੂ ਹੋਵੇਗਾ, ਇਸ ਬਾਰੇ ਫਿਲਹਾਲ ਕੋਈ ਨਹੀਂ ਜਾਣਦਾ।

ਇਸ ਲਿਹਾਜ਼ ਤੋਂ ਇੱਕੋ ਸਮੇਂ ਸਾਰੀਆਂ ਚੋਣਾਂ ਕਰਾਉਣ ਦੀ ਤਜਵੀਜ਼ ਦੀ ਹੋਣੀ ਵੀ ਬਹੁਤੀ ਵੱਖਰੀ ਨਹੀਂ ਹੋਵੇਗੀ। ਰਿਪੋਰਟਾਂ ਆਈਆਂ ਸਨ ਕਿ ਐੱਲਕੇ ਅਡਵਾਨੀ ਨੇ ਆਪਣੇ ਮਈ 2010 ਦੇ ਬਲੌਗ ਵਿੱਚ ਇਸ ਦਾ ਜ਼ਿਕਰ ਕੀਤਾ ਸੀ ਕਿ ਚੋਣਾਂ ਇੱਕੋ ਸਮੇਂ ਕਰਵਾਈਆਂ ਜਾਣੀਆਂ ਚਾਹੀਦੀਆਂ ਹਨ। 2014 ਦੀਆਂ ਲੋਕ ਸਭਾ ਚੋਣਾਂ ਵੇਲੇ ਇਹ ਮੁੱਦਾ ਭਾਜਪਾ ਦੇ ਚੋਣ ਮਨੋਰਥ ਪੱਤਰ ਵਿੱਚ ਸ਼ਾਮਿਲ ਕੀਤਾ ਗਿਆ ਸੀ। 2015 ਤੋਂ 2018 ਤੱਕ ਇਸ ਪ੍ਰਸਤਾਵ ਨੂੰ ਲੈ ਕੇ ਕਾਫ਼ੀ ਭੱਜ-ਨੱਠ ਕੀਤੀ ਗਈ ਪਰ ਫਿਰ ਇਸ ਮੁੱਦੇ ਨੂੰ ਠੰਢੇ ਬਸਤੇ ਵਿਚ ਪਾ ਦਿੱਤਾ ਗਿਆ। ਫਿਰ ਜਦੋਂ 2024 ਦੀਆਂ ਆਮ ਚੋਣਾਂ ਨੇੜੇ ਆ ਗਈਆਂ ਤਾਂ ਯਕਦਮ 2 ਸਤੰਬਰ 2023 ਨੂੰ ਕੋਵਿੰਦ ਕਮੇਟੀ ਬਣਾ ਦਿੱਤੀ ਗਈ। ਇਹ ਵੀ ਕਮਾਲ ਦੀ ਗੱਲ ਸੀ ਕਿ ਜ਼ਾਹਿਰਾ ਤੌਰ ’ਤੇ ਸਿਆਸੀ ਮਨੋਰਥ ਵਾਲੀ ਕਿਸੇ ਕਮੇਟੀ ਦੀ ਪ੍ਰਧਾਨਗੀ ਇੱਕ ਸਾਬਕਾ ਰਾਸ਼ਟਰਪਤੀ ਕਰ ਰਹੇ ਸਨ। ਕਮੇਟੀ ਨੇ 14 ਮਾਰਚ 2024 ਨੂੰ ਆਪਣੀ ਰਿਪੋਰਟ ਸੌਂਪ ਦਿੱਤੀ ਅਤੇ ਲੰਘੀ 18 ਸਤੰਬਰ ਨੂੰ ਕੈਬਨਿਟ ਨੇ ਇਸ ਨੂੰ ਪ੍ਰਵਾਨ ਕਰ ਲਿਆ।

ਇਕੱਠੀਆਂ ਚੋਣਾਂ ਕਰਾਉਣ ਦੇ ਤਿੰਨ ਮੁੱਖ ਕਾਰਨ ਗਿਣਾਏ ਗਏ ਹਨ: ਵਾਰ-ਵਾਰ ਚੋਣਾਂ ਕਰਾਉਣ ਨਾਲ ਹੋਣ ਵਾਲਾ ਖਰਚਾ, ਆਦਰਸ਼ ਚੋਣ ਜ਼ਾਬਤਾ ਲਾਗੂ ਹੋਣ ਕਾਰਨ ਵਿਕਾਸ ਕਾਰਜਾਂ ਦੀ ਮੁਅੱਤਲੀ ਅਤੇ ਚੋਣ ਪ੍ਰਚਾਰ ਵਿਚ ਮੰਤਰੀਆਂ ਦੀ ਸ਼ਮੂਲੀਅਤ ਹੋਣ ਕਾਰਨ ਸ਼ਾਸਨ ਦੀ ਅਣਦੇਖੀ। ਇਹ ਦਲੀਲ ਪੂਰੀ ਤਰ੍ਹਾਂ ਲੋਕਰਾਜ ਵਿਰੋਧੀ ਹੈ ਕਿ ਇਕੱਠੀਆਂ ਚੋਣਾਂ ਕਰਾਉਣ ਨਾਲ ਬਚਣ ਵਾਲੇ ਪੈਸੇ ਨੂੰ ਵਿਕਾਸ ਕਾਰਜਾਂ ਲਈ ਵਰਤਿਆ ਜਾ ਸਕਦਾ ਹੈ। ਇਸ ਸਬੰਧ ਵਿੱਚ ਮੇਰੇ ਤਿੰਨ ਸਵਾਲ ਹਨ: ਕੀ ਲੋਕਤੰਤਰ ਅਤੇ ਵਿਕਾਸ ਇੱਕ ਦੂਜੇ ਨਾਲ ਮੇਲ ਨਹੀਂ ਖਾਂਦੇ? ਕੀ ਅਸੀਂ ਇਨ੍ਹਾਂ ’ਚੋਂ ਕਿਸੇ ਇੱਕ ਨੂੰ ਹੀ ਰੱਖ ਸਕਦੇ ਹਾਂ? ਕੀ ਅਸੀਂ ਸਭ ਤੋਂ ਕਾਰਗਰ ਲੋਕਤੰਤਰ ਚਾਹੁੰਦੇ ਹਾਂ ਜਾਂ ਸਭ ਤੋਂ ਸਸਤਾ ਲੋਕਤੰਤਰ ਬਣਾਉਣਾ ਚਾਹੁੰਦੇ ਹਾਂ?

ਲੋਕਤੰਤਰ ਦੀ ਕਾਰਜਸ਼ੀਲਤਾ ਲਈ ਚੋਣਾਂ ਅਹਿਮ ਜ਼ਰੂਰਤ ਹਨ। ਕੀ ਅਸੀਂ ਇਹ ਚਾਹੁੰਦੇ ਹਾਂ ਕਿ ਮਹਿਜ਼ ਸੰਕੇਤਕ ਚੋਣਾਂ ਦੀ ਪ੍ਰਕਿਰਿਆ ਹੋਵੇ ਅਤੇ ਇਸ ’ਤੇ ਲੋਕਾਂ ਦੀ ਪ੍ਰਵਾਨਗੀ ਦੀ ਰਸਮੀ ਮੋਹਰ ਲਵਾ ਲਈ ਜਾਵੇ ਜਿਸ ’ਚ ਉਨ੍ਹਾਂ ਦੀ ਅਸਲ ਰਾਇ ਦੀ ਭੂਮਿਕਾ ਦਾ ਕੋਈ ਬਹੁਤਾ ਮਹੱਤਵ ਹੀ ਨਾ ਹੋਵੇ? ਜਮਹੂਰੀਅਤ ਦੀ ਕੀਮਤ ਹੈ ਤੇ ਉਹ ਦਿਨ ਨਿਰਾਸ਼ਾਜਨਕ ਹੋਵੇਗਾ ਜਿਸ ਦਿਨ ਭਾਰਤ ਇਹ ਤੈਅ ਕਰੇਗਾ ਕਿ ਇਹ ਲੋਕਤੰਤਰ ਦੀ ਕੀਮਤ ਅਦਾ ਨਹੀਂ ਕਰ ਸਕਦਾ ਅਤੇ ਇਹ ਸਭ ਤੋਂ ਸਸਤੇ ਜਾਂ ਘੱਟੋ-ਘੱਟ ਕੀਮਤ ਵਾਲੇ ਲੋਕਤੰਤਰ ਵੱਲ ਤੁਰ ਪਏਗਾ।

ਜਿਸ ਨੇ ਵੀ ਆਦਰਸ਼ ਚੋਣ ਜ਼ਾਬਤਾ ਪੜ੍ਹਿਆ ਹੈ, ਉਹ ਜਾਣਦਾ ਹੋਵੇਗਾ ਕਿ ਇਹ ਬਸ ਇਹੀ ਕਹਿੰਦਾ ਹੈ ਕਿ ਸਰਕਾਰ ਅਜਿਹੀਆਂ ਨਵੀਆਂ ਸਕੀਮਾਂ ਨਹੀਂ ਲਿਆ ਸਕਦੀ ਜੋ ਚੋਣ ਨਤੀਜਿਆਂ ਨੂੰ ਪ੍ਰਭਾਵਿਤ ਕਰਨ ਦੀ ਸਮਰੱਥਾ ਰੱਖਦੀਆਂ ਹੋਣ। ਸਰਕਾਰ ਨੂੰ ਜੇ ਲੱਗਦਾ ਹੈ ਕਿ ਕੁਝ ਨਵੀਆਂ ਸਕੀਮਾਂ ਹਨ ਜੋ ਸ਼ੁਰੂ ਹੋਣੀਆਂ ਚਾਹੀਦੀਆਂ ਹਨ ਤਾਂ ਚੋਣ ਜ਼ਾਬਤੇ ਦੀ ਤਜਵੀਜ਼ ਮੁਤਾਬਿਕ ਇਹ ਮਨਜ਼ੂਰੀ ਲਈ ਚੋਣ ਕਮਿਸ਼ਨ ਕੋਲ ਜਾ ਸਕਦੀ ਹੈ। ਐੱਮਸੀਸੀ ਚੱਲ ਰਹੀਆਂ ਵਿਕਾਸ ਸਕੀਮਾਂ ਦੀ ਲਗਾਤਾਰਤਾ ਵਿੱਚ ਕੋਈ ਅੜਿੱਕਾ ਨਹੀਂ ਲਾਉਂਦਾ। ਇਹ ਸਵਾਲ ਕਿ ਮੰਤਰੀਆਂ ਦੇ ਪ੍ਰਚਾਰ ਵਿੱਚ ਰੁੱਝੇ ਰਹਿਣ ਨਾਲ ਸ਼ਾਸਨ ਪ੍ਰਣਾਲੀ ’ਤੇ ਬੁਰਾ ਅਸਰ ਪੈਂਦਾ ਹੈ,

**(ਬਾਕੀ ਅਗਲੇ ਸਫੇ ‘ਤੇ)**

# ਕੀ ਗ਼ਲਤੀਆਂ ਤੋਂ ਸਬਕ ਸਿੱਖੇਗੀ ਕਾਂਗਰਸ

ਹਰਿਆਣਾ ਵਿਚ ਆਪਣੀਆਂ ਗ਼ਲਤੀਆਂ ਨਾਲ ਜਿੱਤੀ ਬਾਜ਼ੀ ਹਾਰਨ ਵਾਲੀ ਕਾਂਗਰਸ ਨੇ ਜਿਵੇਂ ਇਹ ਕਿਹਾ ਹੈ ਕਿ ਉਸ ਨੂੰ ਇਹ ਚੋਣ ਨਤੀਜੇ ਮਨਜ਼ੂਰ ਨਹੀਂ ਹਨ ਤੇ ਉਸ ਦੇ ਆਗੂ ਵੋਟਾਂ ਦੀ ਗਿਣਤੀ ਵਿਚ ਗੜਬੜੀ ਦਾ ਦੋਸ਼ ਲਾਉਂਦੇ ਹੋਏ ਜਿਵੇਂ ਚੋਣ ਕਮਿਸ਼ਨ ਦੇ ਬੂਹੇ ਪੁੱਜੇ ਹਨ, ਉਸ ਤੋਂ ਤਾਂ ਇਹੀ ਅਹਿਸਾਸ ਹੁੰਦਾ ਹੈ ਕਿ ਕਾਂਗਰਸ ਆਪਣੀਆਂ ਗ਼ਲਤੀਆਂ ਤੋਂ ਸਬਕ ਸਿੱਖਣਾ ਹੀ ਨਹੀਂ ਚਾਹੁੰਦੀ। ਭਾਵੇਂ ਚੋਣ ਕਮਿਸ਼ਨ ਨੇ ਹਰਿਆਣਾ ਦੇ ਨਤੀਜਿਆਂ 'ਤੇ ਜੈਰਾਮ ਰਮੇਸ਼ ਤੇ ਹੋਰ ਕਾਂਗਰਸੀ ਆਗੂਆਂ ਦੇ ਬਿਆਨਾਂ ਨੂੰ ਲੈ ਕੇ ਪਾਰਟੀ ਦੇ ਰਾਸ਼ਟਰੀ ਪ੍ਰਧਾਨ ਮਲਿਕਾਰਜੁਨ ਖੜਗੇ ਨੂੰ ਸਖ਼ਤ ਚਿੱਠੀ ਲਿਖ ਕੇ ਇਹ ਕਿਹਾ ਹੋਵੇ ਕਿ ਦੇਸ਼ ਦੇ ਜਮਹੂਰੀ ਇਤਿਹਾਸ ਵਿਚ ਅਜਿਹਾ ਪਹਿਲਾਂ ਕਦੇ ਨਹੀਂ ਹੋਇਆ ਪਰ ਲੱਗਦਾ ਨਹੀਂ ਕਿ ਇਸ ਨਾਲ ਕਾਂਗਰਸ ਦੀ ਸਿਹਤ 'ਤੇ ਕੋਈ ਅਸਰ ਪਵੇਗਾ। ਇਸ ਦੇ ਵੀ ਆਸਾਰ ਇਸ ਲਈ ਨਹੀਂ ਹਨ ਕਿਉਂਕਿ ਉਸ ਦੇ ਆਗੂ ਮਨਮਰਜ਼ੀ ਦੇ ਨਤੀਜੇ ਨਾ ਆਉਣ 'ਤੇ ਮਨਘੜਤ ਦੋਸ਼ ਲਾਉਣ ਵਿਚ ਮਾਹਿਰ ਹੋ ਚੁੱਕੇ ਹਨ।

ਜ਼ਿਕਰਯੋਗ ਹੈ ਕਿ ਲੋਕ ਸਭਾ ਚੋਣਾਂ ਦੇ ਸਮੇਂ ਜੈਰਾਮ ਰਮੇਸ਼ ਨੇ ਹੀ ਇਹ ਸਨਸਨੀਖੇਜ਼ ਦੋਸ਼ ਲਗਾਇਆ ਸੀ ਕਿ ਕੇਂਦਰੀ ਗ੍ਰਹਿ ਮੰਤਰੀ ਵੱਖ-ਵੱਖ ਜ਼ਿਲ੍ਹਿਆਂ ਦੇ ਡੀਐੱਮਜ਼




ਨੂੰ ਫੋਨ ਕਰ ਕੇ ਧਮਕਾ ਰਹੇ ਹਨ। ਜਦੋਂ ਉਨ੍ਹਾਂ ਨੂੰ ਇਸ ਦੇ ਸਬੂਤ ਦੇਣ ਲਈ ਕਿਹਾ ਗਿਆ ਸੀ ਤਾਂ ਉਹ ਇੱਧਰ-ਉੱਧਰ ਝਾਕਣ ਲੱਗੇ ਸਨ। ਜੇਕਰ ਚੋਣ ਕਮਿਸ਼ਨ ਨੇ ਉਦੋਂ ਹੀ ਉਨ੍ਹਾਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਹੁੰਦੀ ਤਾਂ ਸ਼ਾਇਦ ਉਹ ਹਰਿਆਣਾ ਦੇ ਨਤੀਜਿਆਂ 'ਤੇ ਨਵਾਂ ਝੂਠ ਨਾ ਘੜਦੇ। ਹਰਿਆਣਾ ਵਿਚ ਹਾਰ ਤੋਂ ਬਾਅਦ ਕਾਂਗਰਸ ਦਾ ਵਿਵਹਾਰ ਇਹੀ ਦੱਸਦਾ ਹੈ ਕਿ ਉਸ ਨੂੰ ਨਾ ਤਾਂ ਜਿੱਤ ਛੇਤੀ ਪਚਦੀ ਹੈ ਅਤੇ ਨਾ ਹੀ ਹਾਰ ਹਜ਼ਮ ਹੁੰਦੀ ਹੈ। ਲੋਕ ਸਭਾ ਚੋਣਾਂ ਵਿਚ 99 ਸੀਟਾਂ ਜਿੱਤਣ 'ਤੇ ਉਹ ਏਦਾਂ ਪੇਸ਼ ਆ ਰਹੀ ਸੀ ਜਿਵੇਂ ਬਹੁਮਤ ਹਾਸਲ ਕਰ ਲਿਆ ਹੋਵੇ। ਹੁਣ ਹਰਿਆਣਾ ਵਿਚ ਭਾਜਪਾ ਨੂੰ ਤੀਜੀ ਵਾਰ ਸੱਤਾ ਹਾਸਲ ਕਰਨ ਦਾ ਮੌਕਾ ਦੇਣ ਵਾਲੀ ਕਾਂਗਰਸ ਆਪਣੀਆਂ ਗ਼ਲਤੀਆਂ 'ਤੇ ਗ਼ੌਰ ਕਰਨ ਦੀ ਬਜਾਏ ਚੋਣ ਕਮਿਸ਼ਨ 'ਤੇ ਦੋਸ਼ ਲਾ ਕੇ ਆਪਣੀ ਖਿਝ ਉਤਾਰ ਰਹੀ ਹੈ।

ਅਜਿਹਾ ਕਰ ਕੇ ਉਹ ਭਾਰਤੀ ਜਮਹੂਰੀਅਤ ਨੂੰ ਬਦਨਾਮ ਕਰਨ ਦੇ ਨਾਲ-ਨਾਲ ਲੋਕਾਂ ਨੂੰ ਗੁਮਰਾਹ ਹੀ ਨਹੀਂ ਕਰ ਰਹੀ ਬਲਕਿ ਉਨ੍ਹਾਂ ਸਵਾਲਾਂ ਤੋਂ ਮੂੰਹ ਵੀ ਮੋੜ ਰਹੀ ਹੈ ਜੋ ਹਰਿਆਣਾ ਦੇ ਚੋਣ ਨਤੀਜਿਆਂ ਤੋਂ ਬਾਅਦ ਉਸ ਦੇ ਸਾਹਮਣੇ ਉੱਭਰ ਆਏ ਹਨ। ਇਨ੍ਹਾਂ ਵਿਚ ਸਭ ਤੋਂ ਪਹਿਲਾ ਸਵਾਲ ਤਾਂ ਇਹੀ ਹੈ ਕਿ ਆਖ਼ਰ ਉਸ ਨੇ ਉਸ ਭੁਪਿੰਦਰ ਸਿੰਘ ਹੁੱਡਾ ਨੂੰ ਲੋੜ ਤੋਂ ਜ਼ਿਆਦਾ ਮਹੱਤਵ ਕਿਉਂ ਦਿੱਤਾ ਜਿਨ੍ਹਾਂ ਨੇ ਕੁਮਾਰੀ ਸ਼ੈਲਜਾ ਸਣੇ ਕਈ ਹੋਰ ਸੀਨੀਅਰ ਆਗੂਆਂ ਨੂੰ ਕਿਨਾਰੇ ਕਰ ਦਿੱਤਾ, ਆਮ ਆਦਮੀ ਪਾਰਟੀ ਨਾਲ ਸਮਝੌਤੇ 'ਤੇ ਟੰਗ ਫਸਾਈ ਅਤੇ ਸੰਗਠਨ ਦਾ ਨਿਰਮਾਣ ਨਹੀਂ ਹੋਣ ਦਿੱਤਾ?

ਹਰਿਆਣਾ ਵਿਚ ਦਸ ਸਾਲ ਤੋਂ ਸੱਤਾ ਵਿਚ ਹੋਣ ਕਾਰਨ ਭਾਜਪਾ ਖ਼ਿਲਾਫ਼ ਸੱਤਾ ਵਿਰੋਧੀ ਮਾਹੌਲ ਤਿਆਰ ਹੋ ਗਿਆ ਸੀ। ਇਹ ਸੁਭਾਵਕ ਹੀ ਸੀ ਪਰ ਕਾਂਗਰਸ ਨੇ ਉਸ ਦਾ ਲਾਭ ਚੁੱਕਣ ਲਈ ਸਿਰਫ਼ ਕੂੜ ਪ੍ਰਚਾਰ ਨੂੰ ਆਪਣਾ ਹਥਿਆਰ ਬਣਾਉਣਾ ਬਿਹਤਰ ਸਮਝਿਆ। ਇਹ ਮੰਨਣ ਦੇ ਵੀ ਚੰਗੇ-ਭਲੇ ਕਾਰਨ ਹਨ ਕਿ ਕਾਂਗਰਸ ਇਹ ਫ਼ਰਜ਼ੀ ਮਾਹੌਲ ਬਣਾਉਣ ਵਾਲਿਆਂ ਦੇ ਝਾਂਸੇ ਵਿਚ ਆ ਗਈ ਕਿ ਉਹ ਬਹੁਤ ਆਸਾਨੀ ਨਾਲ ਹਰਿਆਣਾ ਵਿਚ ਵੱਡੀ ਜਿੱਤ ਹਾਸਲ ਕਰਨ ਜਾ ਰਹੀ ਹੈ। ਅਸਲ ਵਿਚ ਤਾਂ ਕਾਂਗਰਸ ਨੂੰ ਇਸ ਗੱਲ ਦਾ ਪਤਾ ਹੋਣਾ ਚਾਹੀਦਾ ਹੈ ਕਿ ਅੱਤ ਹਰ ਚੀਜ਼ ਦੀ ਮਾੜੀ ਹੁੰਦੀ ਹੈ ਅਤੇ ਇਸ ਵਿਚ ਆਤਮ-ਵਿਸ਼ਵਾਸ ਵੀ ਸ਼ਾਮਲ ਹੈ। ਜੇ ਉਹ ਅਜਿਹੀਆਂ ਗ਼ਲਤੀਆਂ ਨੂੰ ਏਦਾਂ ਹੀ ਦੁਹਰਾਉਂਦੀ ਰਹੀ ਤਾਂ ਉਸ ਲਈ ਅੱਗੇ ਦਾ ਰਾਹ ਹੋਰ ਵੀ ਮੁਸ਼ਕਲ ਹੁੰਦਾ ਜਾਵੇਗਾ। ਉਸ ਨੂੰ ਆਪਣੀਆਂ ਕਮਜ਼ੋਰੀਆਂ ਲਈ ਦੂਜਿਆਂ ਨੂੰ ਦੋਸ਼ ਦੇਣ ਦੀ ਆਦਤ ਛੱਡਣੀ ਪਵੇਗੀ।

# ਸਿਹਤ ਸੰਭਾਲ ਬਾਰੇ ਮਿੱਥਾਂ ਅਤੇ ਸਿਹਤ ਸਿੱਖਿਆ



ਡਾ. ਅਰੁਣ ਮਿੱਤਰਾ

ਆਲੇ-ਦੁਆਲੇ ਦੀਆਂ ਵੱਖ-ਵੱਖ ਘਟਨਾਵਾਂ ਦੇ ਕਾਰਨਾਂ ਤੋਂ ਅਣਜਾਣ, ਪ੍ਰਾਚੀਨ ਮਨੁੱਖ ਨੇ ਕਈ ਕੁਦਰਤੀ ਘਟਨਾਵਾਂ ਜਿਵੇਂ ਮੀਂਹ, ਅੱਗ, ਭੁਚਾਲ ਆਦਿ ਲਈ ਆਕਾਸ਼ੀ ਕਾਰਨਾਂ ਨੂੰ ਜ਼ਿੰਮੇਵਾਰ ਠਹਿਰਾਇਆ। ਇਸੇ ਤਰ੍ਹਾਂ ਉਨ੍ਹਾਂ ਨੇ ਬਿਮਾਰੀਆਂ ਨੂੰ ਕਿਸੇ ਅਲੌਕਿਕ ਸ਼ਕਤੀ ਦੇ ਕਰੋਧ ਦਾ ਨਤੀਜਾ ਸਮਝਿਆ। ਉਪਾਅ ਵੀ ਮੁੱਢਲਾ ਸੀ ਅਤੇ ਉਸ ਸ਼ਕਤੀ ਨੂੰ ਖ਼ੁਸ਼ ਕਰਨ ਲਈ ਮੱਥਾ ਟੇਕਣ 'ਤੇ ਆਧਾਰਿਤ ਸੀ। ਸਮਾਂ ਬੀਤਣ ਨਾਲ ਮਨੁੱਖ ਜਾਤੀ ਨੇ ਆਲੇ-ਦੁਆਲੇ ਦੀ ਮਾੜੀ ਸਿਹਤ ਲਈ ਜ਼ਿੰਮੇਵਾਰ ਕਾਰਨ ਲੱਭਣ ਦੀ ਕੋਸ਼ਿਸ਼ ਕੀਤੀ; ਇਉਂ ਉਨ੍ਹਾਂ ਕੁਦਰਤ ਵਿੱਚ ਹੀ ਇਲਾਜ ਦੀ ਖੋਜ ਕੀਤੀ। ਇਸ ਨਾਲ ਦੁਨੀਆ ਦੇ ਵੱਖ-ਵੱਖ ਹਿੱਸਿਆਂ ਵਿੱਚ ਵੱਖ-ਵੱਖ ਇਲਾਜ ਪ੍ਰਣਾਲੀਆਂ ਦਾ ਵਿਕਾਸ ਹੋਇਆ। ਆਧੁਨਿਕ ਚਿਕਿਤਸਾ ਪ੍ਰਣਾਲੀ ਬਿਮਾਰੀ ਦੇ ਕਾਰਨਾਂ ਦਾ ਪਤਾ ਲਗਾਉਣ ਲਈ ਤੀਬਰ ਖੋਜ ਦੁਆਰਾ ਵਿਗਿਆਨਕ ਢੰਗ ਨਾਲ ਅੱਗੇ ਵਧੀ ਅਤੇ ਇਸ ਅਨੁਸਾਰ ਹੀ ਮੈਡੀਕਲ/ਸਰਜੀਕਲ ਇਲਾਜ ਵਿਕਸਿਤ ਕੀਤਾ ਗਿਆ। ਇਸ ਨੇ ਬਿਮਾਰੀਆਂ ਬਾਰੇ ਕਈ ਪ੍ਰਚਲਿਤ ਮਿੱਥਾਂ ਅਤੇ ਵਿਸ਼ਵਾਸ ਤੋੜ ਦਿੱਤੇ।

ਉਂਝ, ਇਨ੍ਹਾਂ ਸਾਰੀਆਂ ਵਿਕਾਸ ਤੇ ਆਧੁਨਿਕ ਤਕਨੀਕੀ ਕਾਢਾਂ ਦੇ ਬਾਵਜੂਦ ਸਾਡੇ ਸਮਾਜ ਵਿੱਚ ਸਿਹਤ ਸੰਭਾਲ ਬਾਰੇ ਬਹੁਤ ਸਾਰੀਆਂ ਮਿੱਥਾਂ ਪ੍ਰਚਲਿਤ ਹਨ। ਇਨ੍ਹਾਂ ਵਿੱਚੋਂ ਕੁਝ ਤਾਂ ਸੰਗਠਿਤ ਢੰਗ ਨਾਲ ਪ੍ਰਚਾਰੀਆਂ ਜਾ ਰਹੀਆਂ ਹਨ। ਸਿਹਤ ਸੰਭਾਲ ਵਿੱਚ ਗੈਰ-ਵਿਗਿਆਨਕ, ਪੁਰਾਣੇ ਵਿਚਾਰਾਂ ਵਾਲਾ ਵਿਸ਼ਵਾਸ ਸਮਾਜ ਦੇ ਸਾਰੇ ਵਰਗਾਂ ਵਿੱਚ ਵੱਖੋ-ਵੱਖਰੇ ਪੱਧਰਾਂ 'ਤੇ ਕਾਇਮ ਹੈ ਭਾਵੇਂ ਇਹ ਵਿਚਾਰ ਸਮੇਂ ਦੀ ਅਜ਼ਮਾਇਸ਼ ਵਿੱਚ ਅਸਫਲ ਰਹੇ ਹਨ। ਵਿਗਿਆਨਕ ਵਿਕਾਸ ਨਾਲ ਵਿਗਿਆਨਕ ਸੁਭਾਅ ਵੀ ਵਿਕਸਿਤ ਹੋਏਗਾ, ਇਹ ਕੋਈ ਜ਼ਰੂਰੀ ਨਹੀਂ। ਲੋਕ ਆਪਣੇ ਫਾਇਦੇ ਲਈ ਵਿਗਿਆਨਕ ਕਾਢਾਂ ਦੀ ਵਰਤੋਂ ਕਰਦੇ ਹਨ ਪਰ ਗੈਰ-ਵਿਗਿਆਨਕ ਵਿਚਾਰਾਂ ਵਿੱਚ ਸ਼ਾਮਲ ਰਹਿੰਦੇ ਹਨ। ਵਿਗਿਆਨਕ ਸੁਭਾਅ ਦੇ ਵਿਕਾਸ ਲਈ ਲੋਕਾਂ ਨੂੰ ਸਿੱਖਿਅਤ ਕਰਨ ਲਈ ਠੋਸ ਯਤਨਾਂ ਦੀ ਲੋੜ ਹੈ। ਇਸ ਲਈ ਜ਼ਰੂਰੀ ਹੈ ਕਿ ਬਚਪਨ ਤੋਂ ਹੀ ਵਿਗਿਆਨਕ ਆਧਾਰ 'ਤੇ ਸਿਹਤ ਸਿੱਖਿਆ ਦਿੱਤੀ ਜਾਵੇ ਤਾਂ ਜੋ ਬੱਚੇ ਵੱਡੇ ਹੁੰਦੇ-ਹੁੰਦੇ ਅਜਿਹੇ ਝੂਠੇ ਵਿਸ਼ਵਾਸਾਂ ਦਾ ਸ਼ਿਕਾਰ ਨਾ ਹੋਣ।

ਇਨ੍ਹਾਂ ਮਿਥਿਹਾਸ ਅਤੇ ਵਿਸ਼ਵਾਸਾਂ ਦੇ ਗੰਭੀਰ ਨਤੀਜੇ ਹੋ ਸਕਦੇ ਹਨ; ਵਿਸ਼ੇਸ਼ ਤੌਰ 'ਤੇ ਜਦੋਂ ਮਰੀਜ਼ ਕੈਂਸਰ ਵਰਗੀਆਂ ਗੰਭੀਰ ਬਿਮਾਰੀਆਂ ਦੇ ਮਾਮਲੇ ਵਿੱਚ ਵੀ ਵਿਸ਼ਵਾਸੀ ਇਲਾਜ ਕਰਨ ਵਾਲਿਆਂ ਨੂੰ ਮਿਲਦੇ ਹਨ। ਅਜਿਹੇ ਹਾਲਾਤ ਵਿੱਚ ਬਿਮਾਰੀ ਜਿਸ ਨੂੰ ਠੀਕ/ਕੰਟਰੋਲ ਕੀਤਾ ਜਾ ਸਕਦਾ ਸੀ ਜਾਂ ਘੱਟ ਦਰਦਨਾਕ ਬਣਾਇਆ ਜਾ ਸਕਦਾ ਸੀ, ਘਾਤਕ ਬਣ ਜਾਂਦਾ ਹੈ ਅਤੇ ਮਰੀਜ਼ ਨੂੰ ਨਾ ਪੂਰਾ ਹੋਣ ਵਾਲਾ ਨੁਕਸਾਨ ਪਹੁੰਚਾਉਂਦਾ ਹੈ।

ਸਿਹਤ ਸੰਭਾਲ ਦੀਆਂ ਮਿੱਥਾਂ ਹਰ ਕਿਸਮ ਦੀਆਂ ਬਿਮਾਰੀਆਂ ਨਾਲ ਸਬੰਧਿਤ ਹਨ ਭਾਵੇਂ ਉਹ ਸੰਚਾਰੀ, ਗੈਰ-ਸੰਚਾਰੀ ਜਾਂ ਵਿਗਾੜਨਸ਼ੀਲ ਹੋਣ ਅਤੇ ਸਰੀਰ ਦੀ ਕਿਸੇ ਪ੍ਰਣਾਲੀ ਨਾਲ ਸਬੰਧਿਤ ਹੋਣ। ਕਈ ਲੋਕ ਅਜੇ ਵੀ ਮੰਨਦੇ ਹਨ ਕਿ ਮਿਰਗੀ 'ਡੈਣਾਂ' ਦੇ ਪਰਛਾਵੇਂ ਕਾਰਨ ਹੁੰਦੀ ਹੈ, ਇਸ ਲਈ ਇਲਾਜ 'ਡੈਣ' ਤੋਂ ਛੁਟਕਾਰਾ ਪਾਉਣ 'ਤੇ ਆਧਾਰਿਤ ਹੈ। ਕਈਆਂ ਦਾ ਮੰਨਣਾ ਹੈ ਕਿ ਗੰਦੀ ਜੁੱਤੀ ਦੀ ਬਦਬੂ ਦੌਰੇ ਦੇ ਮਰੀਜ਼ ਨੂੰ ਠੀਕ ਕਰ ਦੇਵੇਗੀ। ਸਿਫਿਲਿਸ ਜਿਨਸੀ ਤੌਰ 'ਤੇ ਫੈਲਣ ਵਾਲੀ ਬਿਮਾਰੀ ਹੈ ਜਿਸ ਨੂੰ ਦੇਸ਼ ਦੇ ਕੁਝ ਹਿੱਸਿਆਂ ਵਿੱਚ 'ਜਲੇਬੀ ਨਾਲ ਦੁੱਧ ਦਾ ਸੇਵਨ' ਕਰ ਕੇ ਹੋਣ ਵਾਲਾ ਰੋਗ ਮੰਨਿਆ ਜਾਂਦਾ ਹੈ।

ਬਹੁਤ ਸਾਰੀਆਂ ਬਿਮਾਰੀਆਂ ਕੁਦਰਤ ਵਿੱਚ ਸਵੈ-ਸੀਮਤ ਹੁੰਦੀਆਂ ਹਨ। ਉਨ੍ਹਾਂ ਨੂੰ ਸਹਾਇਕ ਇਲਾਜ ਦੀ ਲੋੜ ਹੁੰਦੀ ਹੈ। ਉਦਾਹਰਨ ਲਈ ਕੰਨ ਪੇੜੇ ਵਰਗੀ ਵਾਇਰਲ ਬਿਮਾਰੀ ਆਮ ਤੌਰ 'ਤੇ ਇੱਕ ਹਫ਼ਤੇ ਜਾਂ ਇਸ ਤੋਂ ਥੋੜ੍ਹਾ ਵੱਧ ਸਮੇਂ ਵਿੱਚ ਠੀਕ ਹੋ ਜਾਂਦੀ ਹੈ। ਇਸ ਨੂੰ ਦਰਦ ਅਤੇ ਹੋਰ ਮੁਸੀਬਤ ਦੇ ਲੱਛਣਾਂ ਨੂੰ ਘਟਾਉਣ ਲਈ ਸਹਾਇਕ ਉਪਾਵਾਂ ਦੀ ਲੋੜ ਹੁੰਦੀ ਹੈ ਪਰ ਕੰਨ ਪੇੜੇ ਦੇ ਮਰੀਜ਼ ਇਸ ਵਿਸ਼ਵਾਸ ਨਾਲ ਘੁਮਾਰ (ਮਿੱਟੀ ਦੇ ਘੜੇ ਬਣਾਉਣ ਵਾਲੇ) ਕੋਲ ਜਾਂਦੇ ਹਨ ਕਿ ਉਸ ਦੇ ਮੂੰਹ ਤੋਂ ਕੁਝ ਮੰਤਰਾਂ ਅਤੇ ਗੱਲ੍ਹਾਂ 'ਤੇ ਮਿੱਟੀ ਲਗਾਉਣ ਨਾਲ ਰੋਗ ਠੀਕ ਹੋ ਜਾਵੇਗਾ। ਕੰਨ ਪੇੜੇ ਪੈਰਾਮਾਈਕਸੋ ਵਾਇਰਸ ਕਾਰਨ ਹੋਣ ਵਾਲੀ ਲਾਰ ਦੀ ਗ੍ਰੰਥੀਆਂ ਦੀ ਵਾਇਰਲ ਲਾਗ ਹੈ ਜਿੱਥੇ ਮਰੀਜ਼ ਨੂੰ ਗੱਲ੍ਹਾਂ ਦੀ ਦਰਦਨਾਕ ਜਾਂ ਜਬਾੜੇ ਦੇ ਹੇਠਾਂ ਸੋਜ ਹੁੰਦੀ ਹੈ। ਇਹ ਸਵੈ-ਸੀਮਿਤ ਵਿਕਾਰ ਹੈ ਅਤੇ ਸਮੇਂ ਨਾਲ ਤੇ ਸਹਾਇਕ ਉਪਾਵਾਂ ਨਾਲ ਠੀਕ ਹੋ ਜਾਂਦਾ ਹੈ।

ਚੇਚਕ (ਚਿਕਨਪੌਕਸ) ਅਤੇ ਅਜਿਹੀਆਂ ਹੋਰ ਬਿਮਾਰੀਆਂ ਲਈ ਵੀ ਇਹੀ ਸੱਚ ਹੈ। ਮੰਨਿਆ ਜਾਂਦਾ ਹੈ ਕਿ ਚਿਕਨਪੌਕਸ ਉਦੋਂ ਹੁੰਦਾ ਹੈ ਜਦੋਂ 'ਦੇਵੀ ਮਾਤਾ' ਗੁੱਸੇ ਹੋ ਜਾਂਦੀ ਹੈ। ਉੱਤਰੀ ਭਾਰਤ ਦੇ ਕੁਝ ਹਿੱਸਿਆਂ ਵਿੱਚ ਇਸ ਬਿਮਾਰੀ ਨੂੰ 'ਛੋਟੀ ਮਾਤਾ' ਕਿਹਾ ਜਾਂਦਾ ਹੈ। ਇਸ ਲਈ ਲੋਕ ਦੇਵੀ ਨੂੰ ਪ੍ਰਸੰਨ ਕਰਨ ਅਤੇ ਅਸ਼ੀਰਵਾਦ ਪ੍ਰਾਪਤ ਕਰਨ ਲਈ ਉਸ ਦੀ ਪੂਜਾ ਕਰਦੇ ਹਨ।

ਇਸੇ ਤਰ੍ਹਾਂ ਬੇਲਜ਼ ਪਾਲਸੀ (ਚਿਹਰੇ ਦੇ ਇੱਕ ਪਾਸੇ ਦਾ ਅਧਰੰਗ/ਲਕਵਾ) ਨੂੰ ਅਜਿਹੇ ਮਿਥਿਆਵਾਦੀ ਅਖੌਤੀ ਡਾਕਟਰਾਂ ਦੁਆਰਾ ਵੱਖ-ਵੱਖ ਤਰੀਕਿਆਂ ਨਾਲ ਠੀਕ ਕੀਤਾ ਜਾਂਦਾ ਹੈ। ਅਜਿਹਾ ਹੀ ਇੱਕ ਤਰੀਕਾ ਹੈ 'ਕਨਵੈਕਸ ਲੈਂਸ' ਦੀ ਵਰਤੋਂ ਕਰ ਕੇ ਮਰੀਜ਼ ਦੀ ਗਰਦਨ 'ਤੇ ਸੂਰਜ ਦੀ ਰੌਸ਼ਨੀ ਫੋਕਸ ਕਰਨਾ। ਇਸ ਨਾਲ ਚਮੜੀ 'ਤੇ ਜਲਣ ਹੋ ਜਾਂਦੀ ਹੈ। ਜਿਵੇਂ-ਜਿਵੇਂ ਜਲਣ ਠੀਕ ਹੋ ਜਾਂਦੀ ਹੈ, ਚਿਹਰੇ ਦਾ ਅਧਰੰਗ ਵੀ ਠੀਕ ਹੋ ਜਾਂਦਾ ਹੈ ਕਿਉਂਕਿ ਜ਼ਿਆਦਾਤਰ ਮਾਮਲਿਆਂ ਵਿੱਚ ਇਹ ਸਵੈ-ਸੀਮਤ ਬਿਮਾਰੀ ਹੈ।

ਮਿੱਥਾਂ ਉਦੋਂ ਮਜ਼ਬੂਤ ਹੁੰਦੀਆਂ ਜਦੋਂ ਰਾਜ ਦੇ ਮੁਖੀ ਅਜਿਹੇ ਬੇਤੁਕੇ ਵਿਚਾਰ ਕਾਇਮ ਰੱਖਦੇ ਹਨ। ਸਾਡੇ ਪ੍ਰਧਾਨ ਮੰਤਰੀ ਨੇ 2014 'ਚ ਕਿਹਾ ਕਿ ਪੁਰਾਣੇ ਸਮੇਂ ਵਿੱਚ ਭਾਰਤ ਵਿੱਚ ਸਰਜਰੀ ਇੰਨੀ ਉੱਨਤ ਸੀ ਕਿ ਅਸੀਂ ਹਾਥੀ ਦਾ ਸਿਰ ਮਨੁੱਖੀ ਸਰੀਰ ਉੱਤੇ ਸਫਲਤਾਪੂਰਵਕ ਟ੍ਰਾਂਸਪਲਾਂਟ ਕਰ ਸਕਦੇ ਸਾਂ। ਇਹ ਉਨ੍ਹਾਂ ਦਾ ਆਪਣੀ ਪਾਰਟੀ ਦੇ ਕਾਰਕੁਨਾਂ ਨੂੰ ਅਜਿਹੀਆਂ ਗੈਰ-ਪ੍ਰਮਾਣਿਤ ਚੀਜ਼ਾਂ ਫੈਲਾਉਣ ਲਈ ਅੱਗੇ ਵਧਣ ਦਾ ਸੰਕੇਤ ਸੀ। ਇਸ ਤੋਂ ਬਾਅਦ ਮਨੁੱਖੀ ਸਿਹਤ ਲਈ ਗਊ ਮੂਤਰ ਅਤੇ ਗੋਬਰ ਦੀ ਉਪਯੋਗਤਾ ਵਰਗੇ ਪੁਰਾਣੇ ਗੈਰ-ਵਿਗਿਆਨਕ ਵਿਚਾਰਾਂ ਨੂੰ ਜ਼ੋਰ-ਸ਼ੋਰ ਨਾਲ ਉਜਾਗਰ ਕੀਤਾ ਜਾ ਰਿਹਾ ਹੈ ਹਾਲਾਂਕਿ ਇਸ ਦੇ ਪੱਖ ਵਿੱਚ ਕੋਈ ਵਿਗਿਆਨਕ ਸਬੂਤ ਨਹੀਂ ਹਨ।

ਡਾਕਟਰੀ ਇਲਾਜ ਦੇ ਮੁੱਦਿਆਂ 'ਤੇ ਰਾਏ ਦੇਣ ਲਈ ਹਸਪਤਾਲਾਂ ਵਿਚ ਜੋਤਸ਼ੀ ਨਿਯੁਕਤ ਕਰਨ ਦੀਆਂ ਵੀ ਗੱਲਾਂ ਕੀਤੀਆਂ ਜਾ ਰਹੀਆਂ ਹਨ। ਗੁਜਰਾਤ ਸਰਕਾਰ ਦੇ ਕੁਝ ਮੰਤਰੀਆਂ ਵੱਲੋਂ 'ਤਾਂਤਰਿਕਾਂ' ਦੇ ਸੰਮੇਲਨ ਵਿੱਚ ਹਿੱਸਾ ਲੈ ਕੇ ਉਨ੍ਹਾਂ ਦਾ ਸਨਮਾਨ ਕਰਨ ਦੀ ਵੀ ਖ਼ਬਰ ਹੈ। ਅਰੋਗਿਆ ਭਾਰਤੀ ਦੁਆਰਾ 'ਗਰਭ ਵਿਗਿਆਨ ਸੰਸਕਾਰ' ਇੱਕ ਹੋਰ ਵਿਚਾਰਨ ਵਾਲਾ ਮਾਮਲਾ ਹੈ। ਉਹ ਪਤੀ ਪਤਨੀ ਦੇ ਮੇਲਣ ਦੇ ਸਮੇਂ



ਜੋੜਿਆਂ ਨੂੰ ਸ਼ਲੋਕਾਂ ਦਾ ਪਾਠ ਕਰਵਾਉਣ ਲਈ ਪ੍ਰਚਾਰ ਕਰਨ ਹਿਤ ਵਰਕਸ਼ਾਪਾਂ ਲਾਉਂਦੇ ਹਨ ਤਾਂ ਜੋ ਉਨ੍ਹਾਂ ਦੀ ਪਸੰਦ ਦੇ ਬੱਚੇ (ਉਤਮ ਸੰਤਤੀ) ਪੈਦਾ ਕੀਤੇ ਜਾ ਸਕਣ। ਉਹ ਦਾਅਵਾ ਕਰਦੇ ਹਨ ਕਿ ਜੋੜੇ ਦੀ ਪਸੰਦ ਦੇ ਬੱਚੇ ਹੋ ਸਕਦੇ ਹਨ ਅਤੇ ਇਸ ਨਾਲ ਸ਼ੁੱਧ ਤੇ ਸ਼ਕਤੀਸ਼ਾਲੀ ਪੀੜ੍ਹੀ ਦਾ ਵਿਕਾਸ ਹੋਵੇਗਾ।

ਕੁਝ ਸਮਾਂ ਪਹਿਲਾਂ ਆਂਧਰਾ ਪ੍ਰਦੇਸ਼ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਡਾ। ਨਾਗੇਸ਼ਵਰ ਰਾਓ ਨੇ ਜਲੰਧਰ ਵਿੱਚ ਇੰਡੀਅਨ ਸਾਇੰਸ ਕਾਂਗਰਸ ਦੌਰਾਨ ਕਿਹਾ ਸੀ ਕਿ ਪੁਰਾਣੇ ਸਮੇਂ ਵਿਚ ਸਾਡੇ ਕੋਲ ਸਟੈਮ ਸੈੱਲ ਤਕਨੀਕ ਇੰਨੀ ਉੱਨਤ ਸੀ ਜੋ ਕਲੋਨਿੰਗ ਵਿਚ ਵਰਤੀ ਜਾਂਦੀ ਸੀ; ਕਰਨ ਅਤੇ 100 ਕੌਰਵਾਂ ਦਾ ਜਨਮ ਇਸ ਤਕਨੀਕ ਨਾਲ ਹੋਇਆ ਸੀ। ਇਹ ਵਿਗਿਆਨਕ ਸਬੂਤ 'ਤੇ ਆਧਾਰਿਤ ਨਹੀਂ; ਇਹ ਕੇਵਲ ਮਿਥਿਹਾਸ ਅਤੇ ਅਸਪੱਸ਼ਟਤਾ ਕਾਇਮ ਰੱਖਣ ਲਈ ਹਨ। ਹਾਲ ਹੀ ਵਿੱਚ ਆਈਆਈਟੀ ਮੰਡੀ ਦੇ ਡਾਇਰੈਕਟਰ ਲਕਸ਼ਮੀਧਰ ਬਿਹੜਾ ਨੇ ਕਿਹਾ ਹੈ ਕਿ ਦਿਲ ਉਦੋਂ ਧੜਕਣਾਂ ਬੰਦ ਕਰ ਦਿੰਦਾ ਹੈ ਜਦੋਂ ਦਿਲ ਵਿੱਚ ਰਹਿੰਦੀ ਰੂਹ ਉਸ ਨੂੰ ਛੱਡ ਦਿੰਦੀ ਹੈ। ਦਿਲ ਦੇ ਦੌਰੇ ਬਾਰੇ ਡਾਕਟਰਾਂ ਦੀ ਥਿਊਰੀ ਉਨ੍ਹਾਂ ਅਨੁਸਾਰ ਬੇਤੁਕੀ ਹੈ। ਮਹੇਸ਼ ਚੰਦ ਸ਼ਰਮਾ ਜੋ ਹੁਣ ਰਾਜਸਥਾਨ ਹਾਈ ਕੋਰਟ ਦੇ ਸੇਵਾਮੁਕਤ ਜੱਜ ਹਨ, ਕਹਿੰਦੇ ਹਨ ਕਿ ਮਾਦਾ ਮੋਰ ਮਿਲਣ ਕਰ ਕੇ ਨਹੀਂ ਸਗੋਂ ਮੋਰ ਦੀਆਂ ਅੱਖਾਂ ਵਿੱਚੋਂ ਵਗਣ ਵਾਲੇ ਹੰਝੂ ਚੱਟਣ ਕਾਰਨ ਆਂਡੇ ਦਿੰਦੀ ਹੈ।

ਇਸੇ ਲੜੀ ਵਿੱਚ ਹਾਲ ਹੀ ਵਿੱਚ ਹੋਈਆਂ ਚੋਣਾਂ ਦੌਰਾਨ ਪ੍ਰਧਾਨ ਮੰਤਰੀ ਦੇ ਬਿਆਨ ਦਾ ਜ਼ਿਕਰ ਵਾਜਬ ਹੈ ਕਿ ਉਨ੍ਹਾਂ ਨੂੰ ਪਰਮਾਤਮਾ ਨੇ ਸਿੱਧੇ ਤੌਰ 'ਤੇ ਇਸ ਧਰਤੀ 'ਤੇ ਭੇਜਿਆ ਹੈ; ਭਾਵ ਉਹ ਮਾਂ ਦੀ ਕੁੱਖ ਤੋਂ ਨਹੀਂ ਪੈਦਾ ਹੋਇਆ। ਇਹ ਸਮਾਜ ਨੂੰ ਪਛੜੇਪਣ ਵਿੱਚ ਰੱਖਣ ਦੀ ਚਾਲ ਹੈ ਤੇ ਆਪਣੇ ਆਪ ਨੂੰ ਆਮ ਪੁਰਖਾਂ ਨਾਲੋਂ ਉੱਤਮ ਦੱਸਣ ਦੀ ਹੋਛੀ ਗੱਲ ਹੈ।

ਅੱਜ ਡਾਕਟਰੀ ਸੰਸਥਾਵਾਂ, ਤਰਕਸ਼ੀਲ ਸਮਾਜਾਂ ਅਤੇ ਵਿਗਿਆਨਕ ਨਜ਼ਰੀਏ ਵਾਲੇ ਸਹੀ ਸੋਚ ਵਾਲੇ ਲੋਕਾਂ ਲਈ ਚੁਣੌਤੀ ਵਾਲਾ ਸਮਾਂ ਹੈ। ਮੱਧਕਾਲੀ ਵਿਚਾਰਾਂ ਰਾਹੀਂ ਆਧੁਨਿਕਤਾ ਪ੍ਰਾਪਤ ਨਹੀਂ ਕੀਤੀ ਜਾ ਸਕਦੀ। ਸਾਡੇ ਲੋਕਾਂ ਦੀ ਸਿਹਤ, ਖਾਸ ਕਰ ਕੇ ਔਰਤਾਂ ਅਤੇ ਬੱਚਿਆਂ ਦੀ ਸਿਹਤ ਨੂੰ ਤਰਕਹੀਣ ਵਿਚਾਰਾਂ ਵਾਲੇ ਲੋਕਾਂ ਦੁਆਰਾ ਸ਼ੋਸ਼ਣ ਲਈ ਨਹੀਂ ਛੱਡਿਆ ਜਾ ਸਕਦਾ। ਅਸੀਂ ਚੰਗੀ ਤਰ੍ਹਾਂ ਜਾਣਦੇ ਹਾਂ ਕਿ ਕਿਵੇਂ ਔਰਤਾਂ ਨੂੰ ਪਾਗਲਪਨ ਦੇ ਬਹਾਨੇ ਜਾਦੂ ਕਿਸਮ ਦੇ ਅਖੌਤੀ ਇਲਾਜਾਂ ਦਾ ਸ਼ਿਕਾਰ ਬਣਾਇਆ ਜਾਂਦਾ ਹੈ; ਇਨ੍ਹਾਂ ਰੋਗਾਂ ਦਾ ਇਲਾਜ ਮਨੋਵਿਗਿਆਨਕ ਇਲਾਜ ਅਤੇ ਕੌਂਸਲਿੰਗ ਦੁਆਰਾ ਕੀਤਾ ਜਾ ਸਕਦਾ ਹੈ।

ਵਿਗਿਆਨਕ ਦ੍ਰਿਸ਼ਟੀਕੋਣ ਰਾਹੀਂ ਸਿਹਤਮੰਦ ਭਾਰਤ ਦੇ ਵਿਕਾਸ ਲਈ ਠੋਸ ਯਤਨ ਕਰਨੇ ਪੈਣਗੇ; ਨਹੀਂ ਤਾਂ ਸਿਹਤ ਸੰਭਾਲ 'ਚ ਝੂਠੀਆਂ ਧਾਰਨਾਵਾਂ ਤੇ ਮਿੱਥਾਂ ਰਾਹੀਂ ਸਾਡੀ ਬਹੁਤੀ ਗਰੀਬ ਆਬਾਦੀ ਦੀ ਸਿਹਤ ਦਾ ਸ਼ੋਸ਼ਣ ਹੁੰਦਾ ਰਹੇਗਾ। ਕੋਈ ਸਮਾਂ ਸੀ ਜਦੋਂ ਅਜਿਹੇ ਅਸਪੱਸ਼ਟ ਵਿਚਾਰ ਪੂਰੀ ਦੁਨੀਆ 'ਚ ਪ੍ਰਚਲਿਤ ਸਨ। ਅਨੇਕ ਦੇਸ਼ ਅਜਿਹੇ ਰੂੜੀਵਾਦੀ ਵਿਚਾਰ ਤਜ ਕੇ ਅੱਗੇ ਵਧੇ ਗਏ ਹਨ। ਸਾਡੇ ਦੇਸ਼ ਦੇ ਕੁਝ ਆਗੂ ਲੋਕਾਂ ਨੂੰ ਪੁਰਾਣੀ ਸੋਚ ਵਿੱਚ ਰੱਖਣਾ ਚਾਹੁੰਦੇ ਹਨ।

# 'ਇੱਕ ਦੇਸ਼ ਇੱਕ ਚੋਣ' ਦਾ ਭਰਮਜਾਲ

(ਸਫਾ 9 ਦੀ ਬਾਕੀ)

ਸਮਝ ਤੋਂ ਬਾਹਰ ਹੈ। ਇਸ ਪ੍ਰਸੰਗ ਵਿੱਚ ਦੋ ਮੁੱਦਿਆਂ 'ਤੇ ਗ਼ੌਰ ਕਰਨ ਦੀ ਲੋੜ ਹੈ। ਪਹਿਲਾ, ਸਿਆਸੀ ਪਾਰਟੀਆਂ ਖ਼ਾਸ ਤੌਰ 'ਤੇ ਜੋ ਕੇਂਦਰ ਤੇ ਰਾਜਾਂ ਵਿੱਚ ਸੱਤਾ 'ਚ ਹਨ, ਦੀ ਮੈਂਬਰਸ਼ਿਪ ਬਹੁਤ ਵੱਡੀ ਹੈ। ਇਸ ਲਈ ਅਸਰਦਾਰ ਪ੍ਰਚਾਰਕਾਂ ਦਾ ਕੋਈ ਘਾਟਾ ਨਹੀਂ ਹੋਣਾ ਚਾਹੀਦਾ। ਇਸ ਤੋਂ ਬਾਅਦ ਇਹ ਕਿ ਮੰਤਰੀਆਂ ਨੂੰ ਚੋਣਾਂ ਦੌਰਾਨ ਆਸਾਨੀ ਨਾਲ ਪ੍ਰਚਾਰ ਦੀਆਂ ਜ਼ਿੰਮੇਵਾਰੀਆਂ ਤੋਂ ਮੁਕਤ ਕੀਤਾ ਜਾ ਸਕਦਾ ਹੈ।

ਦੂਜਾ ਮੁੱਦਾ ਇਹ ਕਿ ਜਿਹੜੇ ਮੰਤਰੀ ਬਣਦੇ ਹਨ, ਉਹ ਅਹੁਦੇ ਦੀ ਸਹੁੰ ਚੁੱਕਦਿਆਂ ਆਪਣੀ ਪੂਰੀ ਸਮਰੱਥਾ ਨਾਲ ਸਾਰੀਆਂ ਜ਼ਿੰਮੇਵਾਰੀਆਂ ਨਿਭਾਉਣ ਦਾ ਅਹਿਦ ਕਰਦੇ ਹਨ। ਇਸ ਤੋਂ ਬਾਅਦ ਜੇ ਉਹ ਆਪਣੀਆਂ ਕਾਰਜਕਾਰੀ ਜਾਂ ਵਿਭਾਗੀ ਜ਼ਿੰਮੇਵਾਰੀਆਂ ਨੂੰ ਨਜ਼ਰਅੰਦਾਜ਼ ਕਰ ਕੇ ਪ੍ਰਚਾਰ ਨੂੰ ਵੱਧ ਸਮਾਂ ਦਿੰਦੇ ਹਨ ਤਾਂ ਉਹ ਆਪਣੀ ਸੰਵਿਧਾਨਕ ਸਹੁੰ ਦੀ ਉਲੰਘਣਾ ਕਰਦੇ ਹਨ। ਇਹ ਉਨ੍ਹਾਂ ਖ਼ਿਲਾਫ਼ ਕਾਨੂੰਨੀ ਕਾਰਵਾਈ ਦਾ ਕਾਰਨ ਬਣਨਾ ਚਾਹੀਦਾ ਹੈ।

ਮਿਸਾਲੀ ਕੇਸ਼ਵਾਨੰਦ ਭਾਰਤੀ ਫੈਸਲੇ (24 ਅਪਰੈਲ 1973) ਵਿੱਚ ਸੁਪਰੀਮ ਕੋਰਟ ਦੇ 13 ਜੱਜਾਂ ਦੇ ਬੈਂਚ ਵੱਲੋਂ ਸਪੱਸ਼ਟ ਕੀਤਾ ਗਿਆ ਸੰਵਿਧਾਨ ਦੇ ਮੁੱਢਲੇ ਢਾਂਚੇ ਦਾ ਸਿਧਾਂਤ ਇਸ ਸੁਫਨੇ ਨੂੰ ਪੂਰਾ ਹੋਣ ਤੋਂ ਰੋਕਦਾ ਹੈ। ਸਿਧਾਂਤ ਦਾ ਸਾਰ ਹੈ ਕਿ ਭਾਵੇਂ ਸੰਸਦ ਕੋਲ ਧਾਰਾ 368(1) ਤਹਿਤ ਸੰਵਿਧਾਨ 'ਚ ਤਬਦੀਲੀ ਦਾ ਹੱਕ ਹੈ ਪਰ ਇਹ ਉਸ ਹਿੱਸੇ ਨੂੰ ਨਹੀਂ ਬਦਲ ਸਕਦੀ ਜਿਸ ਨੂੰ ਸੁਪਰੀਮ ਕੋਰਟ ਨੇ ਮੁੱਢਲਾ ਢਾਂਚਾ ਕਰਾਰ ਦਿੱਤਾ ਹੈ।

ਮੁੱਢਲੇ ਢਾਂਚੇ ਦੇ ਤੱਤ ਕੇਸ਼ਵਾਨੰਦ ਫ਼ਤਵੇ ਵਿੱਚ ਵੀ ਪਾਏ ਗਏ ਹਨ ਅਤੇ ਮਗਰੋਂ ਸੁਣਾਏ ਕਈ ਫ਼ੈਸਲਿਆਂ ਵਿੱਚ ਵੀ ਇਨ੍ਹਾਂ ਦਾ ਜ਼ਿਕਰ ਹੈ। ਇਨ੍ਹਾਂ ਸਾਰੇ ਫ਼ੈਸਲਿਆਂ ਵਿੱਚ ਇੱਕ ਅੰਸ਼ ਜੋ ਹਮੇਸ਼ਾ ਰਿਹਾ ਹੈ, ਉਹ ਹੈ ਸੰਵਿਧਾਨ ਦਾ ਸੰਘੀ (ਫੈਡਰਲ) ਕਿਰਦਾਰ। ਸੰਵਿਧਾਨ ਵਿੱਚ 'ਦਿ ਯੂਨੀਅਨ/ਸੰਘ ਅਤੇ ਦਿ ਸਟੇਟਸ/ਰਾਜ ਦੇ ਨਾਵਾਂ ਵਾਲੇ ਵੱਖੋ-ਵੱਖਰੇ ਵਰਗ/ਚੈਪਟਰ ਦਰਜ ਕੀਤੇ ਗਏ ਹਨ। ਇਸ ਲਈ ਇਨ੍ਹਾਂ ਦੋਵਾਂ ਸੰਸਥਾਵਾਂ ਦੀ ਵੱਖਰੀ ਤੇ ਸੁਤੰਤਰ ਸੰਵਿਧਾਨਕ ਹੋਂਦ ਹੈ ਜਿਸ ਵਿੱਚ ਚੋਣਾਂ ਨਾਲ ਸਬੰਧਿਤ ਪ੍ਰਕਿਰਿਆਵਾਂ ਵੀ ਸ਼ਾਮਿਲ ਹਨ। ਇਨ੍ਹਾਂ ਸਾਰੀਆਂ ਕਿਰਿਆਵਾਂ ਨੂੰ ਜਬਰੀ ਇੱਕੋ ਸਾਂਚੇ 'ਚ ਫਿਟ ਕਰਨਾ ਪ੍ਰਤੱਖ ਤੌਰ 'ਤੇ ਸੰਵਿਧਾਨ ਦੇ ਸੰਘੀ ਕਿਰਦਾਰ ਦੀ ਉਲੰਘਣਾ ਹੈ ਤੇ ਇਸ ਤਰ੍ਹਾਂ ਇਸ ਦੇ ਮੁੱਢਲੇ ਢਾਂਚੇ ਦੀ ਵੀ ਉਲੰਘਣਾ ਹੈ।

ਜੇ ਸੰਸਦ ਅਤੇ ਲੋੜੀਂਦੀ ਗਿਣਤੀ ਵਿੱਚ ਸੂਬੇ ਇਕੱਠੇ ਹੋ ਕੇ ਸੰਵਿਧਾਨ ਦੀਆਂ ਕੁਝ ਮੱਦਾਂ ਵਿੱਚ ਸੋਧ ਨੂੰ ਮਨਜ਼ੂਰੀ ਦੇ ਵੀ ਦਿੰਦੇ ਹਨ, ਤੇ ਰਾਸ਼ਟਰਪਤੀ ਵੀ ਇਨ੍ਹਾਂ ਨੂੰ ਮਨਜ਼ੂਰੀ ਦੇ ਦਿੰਦਾ ਹੈ, ਫਿਰ ਵੀ ਇਸ ਨੂੰ ਕੋਈ ਚਿੰਤਨਸ਼ੀਲ ਨਾਗਰਿਕ ਮੁੱਢਲੇ ਢਾਂਚੇ ਦੀ ਉਲੰਘਣਾ ਦੱਸ ਕੇ ਅਦਾਲਤ ਵਿੱਚ ਚੁਣੌਤੀ ਦੇ ਸਕਦਾ ਹੈ ਅਤੇ ਇਹ ਨਿਆਂਇਕ ਸਮੀਖਿਆ ਦੇ ਦਾਇਰੇ ਵਿੱਚ ਆ ਜਾਵੇਗਾ।

***

# ਮਿਲਟਨ ਤੂਫ਼ਾਨ ਕਾਰਨ ਫਲੋਰੀਡਾ 'ਚ ਤਬਾਹੀ, ਜ਼ਿਆਦਾ ਤਾਕਤਵਰ ਅਤੇ ਖ਼ਤਰਨਾਕ ਹੋਣ ਦਾ ਡਰ

ਅਮਰੀਕਾ ਦੇ ਸੂਬੇ ਫਲੋਰੀਡਾ ਵਿੱਚ ਮਿਲਟਨ ਤੂਫ਼ਾਨ ਦੀਆਂ ਸੰਭਾਵਨਾਵਾਂ ਨੂੰ ਦੇਖਦਿਆਂ ਸੁਰੱਖਿਆ ਦੀਆਂ ਤਿਆਰੀਆਂ ਜ਼ੋਰਾਂ ਉਪਰ ਹਨ। ਫਿਲਹਾਲ ਇਹ ਫਲੋਰੀਡਾ ਦੇ ਸਰਸੋਟਾ ਵੱਲ ਵਧਦਾ ਨਜ਼ਰ ਆ ਰਿਹਾ ਹੈ। ਤੂਫਾਨ ਦੇ ਮੱਦੇਨਜ਼ਰ ਫਲੋਰੀਡਾ 'ਚ ਪ੍ਰਸ਼ਾਸਨ ਨੇ ਤੱਟੀ ਇਲਾਕਿਆਂ ਨੂੰ ਖਾਲੀ ਕਰਨ ਦੇ ਹੁਕਮ ਦਿੱਤੇ ਹਨ। ਕਰੀਬ 10 ਲੱਖ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਜਾਣ ਲਈ ਕਿਹਾ ਗਿਆ ਹੈ।

ਅਮਰੀਕਾ ਦਾ ਰਾਜ ਫੋਲਰੀਡਾ ਦੋ ਹਫ਼ਤਿਆਂ ਦੌਰਾਨ ਦੂਜੇ ਤੂਫ਼ਾਨ ਦਾ ਸਾਹਮਣਾ ਕਰਨ ਜਾ ਰਿਹਾ ਹੈ ਅਤੇ ਕਿਹਾ ਜਾ ਰਿਹਾ ਹੈ ਸੀ ਕਿ ਬੁੱਧਵਾਰ ਨੂੰ ਸ਼੍ਰੇਣੀ 5 ਦਾ ਮਿਲਟਨ ਹਰੀਕੇਨ ਜ਼ਮੀਨ ਨਾਲ ਟਕਰਾਏਗਾ। ਮੈਕਸੀਕੋ ਦੇ ਤੱਟ 'ਤੇ 155 ਐੱਮਪੀਐੱਚ ਯਾਨਿ 250 ਕਿਲੋਮੀਟਰ ਦੀ ਰਫ਼ਤਾਰ ਨਾਲ ਚੱਲਣ ਵਾਲੀਆਂ ਹਵਾਵਾਂ, ਪਹਿਲਾਂ ਹੀ ਰਿਕਾਰਡ ਕੀਤੀਆਂ ਜਾ ਚੁੱਕੀਆਂ ਹਨ।



ਫਲੋਰੀਡਾ ਦੇ ਗਵਰਨਰ ਰੌਨ ਡੀਸੈਂਟਿਸ ਨੇ ਨਿਵਾਸੀਆਂ ਨੂੰ ਘਰ ਖਾਲ੍ਹੀ ਕਰਨ ਦੀ ਅਪੀਲ ਕੀਤੀ ਹੈ, ਉਨ੍ਹਾਂ ਨੇ ਚੇਤਾਵਨੀ ਦਿੱਤੀ ਹੈ ਕਿ "ਸਮਾਂ ਬਹੁਤ ਜਲਦੀ ਲੰਘ ਰਿਹਾ ਹੈ।" ਇਹ ਤੂਫ਼ਾਨ ਸ਼੍ਰੇਣੀ ਚਾਰ ਦੇ ਹੈਲੇਨ ਤੂਫ਼ਾਨ ਦੇ ਖਾੜੀ ਨਾਲ ਟਕਰਾਉਣ ਦੇ ਦੋ ਹਫ਼ਤਿਆਂ ਤੋਂ ਵੀ ਘੱਟ ਸਮੇਂ ਤੋਂ ਬਾਅਦ ਆਇਆ ਹੈ।

ਹੈਲੇਨ ਤੂਫ਼ਾਨ ਕਾਰਨ ਫਲੋਰੀਡਾ, ਜਾਰਜੀਆ, ਦੱਖਣੀ ਕੈਰੋਲੀਨਾ, ਟੈਨੇਸੀ, ਵਰਜੀਨੀਆ ਅਤੇ ਉੱਤਰੀ ਕੈਰੋਲੀਨਾ ਵਿੱਚ ਘੱਟੋ-ਘੱਟ 225 ਮੌਤਾਂ ਹੋਈਆਂ ਹਨ। ਇਸ ਬਾਰੇ ਨੈਸ਼ਨਲ ਓਸ਼ੀਅਨਿਕ ਐਂਡ ਐਟਮੌਸਫੇਰਿਕ ਐਡਮਨਿਸਟ੍ਰੇਸ਼ਨ (ਐੱਨਓਏਏ) ਨੇ ਅਗਸਤ ਵਿੱਚ ਆਪਣੇ ਸਭ ਤੋਂ ਤਾਜ਼ਾ ਅਪਡੇਟ ਵਿੱਚ ਚੇਤਾਵਨੀ ਦਿੱਤੀ ਸੀ।

ਉਸ ਵਿੱਚ ਕਿਹਾ ਗਿਆ ਸੀ, "ਵਾਯੂਮੰਡਲ ਅਤੇ ਸਮੁੰਦਰੀ ਸਥਿਤੀਆਂ ਨੇ ਇੱਕ ਬੇਹੱਦ ਸਰਗਰਮ ਤੂਫ਼ਾਨੀ ਮੌਸਮ ਲਈ ਮਾਹੌਲ ਤਿਆਰ ਕੀਤਾ ਹੈ, ਜੋ ਹੁਣ ਤੱਕ ਦੇ ਸਭ ਤੋਂ ਮਸਰੂਫ਼ ਮੌਸਮਾਂ ਵਿੱਚ ਸ਼ਾਮਲ ਹੋ ਸਕਦਾ ਹੈ।"

### ਇੱਕ ਤੂਫ਼ਾਨ ਹਰੀਕੇਨ ਕਦੋਂ ਬਣਦਾ ਹੈ?

ਊਸ਼ਣ-ਕਟੀਬੰਧੀ ਤੂਫ਼ਾਨ ਵਧੇਰੇ ਤਾਕਤਵਰ ਜਾਂ ਹਰੀਕੇਨ ਉਦੋਂ ਬਣਦੇ ਹਨ ਜਦੋਂ ਉਨ੍ਹਾਂ ਦੀ ਹਵਾ ਦੀ ਗਤੀ 117 ਕਿਲੋਮੀਟਰ ਪ੍ਰਤੀ ਘੰਟਾ ਹੁੰਦੀ ਹੈ।

ਪ੍ਰਮੁੱਖ ਹਰੀਕੇਨ (ਸ਼੍ਰੇਣੀ ਤਿੰਨ ਅਤੇ ਉਸ ਤੋਂ ਉਪਰਲੇ) ਉਹ ਹੁੰਦੇ ਹਨ, ਜਿੱਥੇ ਹਵਾ ਦੀ ਗਤੀ 178 ਕਿਲੋਮੀਟਰ ਪ੍ਰਤੀ ਘੰਟਾ ਹੋਵੇ।

ਇਨ੍ਹਾਂ ਦੀਆਂ ਕੁੱਲ 5 ਸ਼੍ਰੇਣੀਆਂ ਹੁੰਦੀਆਂ, ਸ਼੍ਰੇਣੀ ਪੰਜ ਦਾ ਮਤਲਬ ਹੈ, 251 ਕਿਲੋਮੀਟਰ ਪ੍ਰਤੀ ਘੰਟੇ ਦੀ ਗਤੀ ਨਾਲ ਚੱਲਣ ਵਾਲੀਆਂ ਨਿਰੰਤਰ ਹਵਾਵਾਂ।

ਐੱਨਓਏਏ ਨੂੰ ਆਸ ਹੈ ਕਿ ਹਰੀਕੇਨ ਦੇ ਮੌਸਮ ਦੇ ਅੰਤ ਤੱਕ 17 ਤੋਂ 24 ਵਿਚਾਲੇ ਊਸ਼ਣ-ਕਟੀਬੰਧ ਤੂਫ਼ਾਨ ਆਉਣਗੇ, ਜਿਨ੍ਹਾਂ ਵਿੱਚ ਅੱਠ ਤੋਂ 13 ਹਰੀਕੇਨ ਬਣ ਸਕਦੇ ਹਨ ਅਤੇ ਚਾਰ ਤੋਂ ਸੱਤ ਵੱਡੇ ਹੋ ਸਕਦੇ ਹਨ।

ਇੱਕ ਅਟਲਾਂਟਿਕ ਸੀਜ਼ਨ ਵਿੱਚ ਸਭ ਤੋਂ ਵੱਡੇ ਹਰੀਕੇਨਾਂ ਦੀ ਗਿਣਤੀ ਸੱਤ ਹੈ, ਜੋ 2005 ਅਤੇ 2020 ਦੋਵਾਂ ਵਿੱਚ ਦੇਖੀ ਗਈ। ਐੱਨਓਏਏ ਨੇ ਭਵਿੱਖਬਾਣੀ ਕੀਤੀ ਹੈ ਕਿ 2024 ਵੀ ਇਸ ਦੇ ਨੇੜੇ ਆ ਸਕਦਾ ਹੈ।

### ਮਸਰੂਫ਼ ਤੂਫ਼ਾਨੀ ਮੌਸਮ ਦੇ ਪਿੱਛੇ ਕੀ ਕਾਰਨ ਹਨ?

ਮਾਹਰਾਂ ਦਾ ਕਹਿਣਾ ਹੈ ਕਿ ਸਮੁੰਦਰੀ ਸਤਹਿ ਦਾ ਰਿਕਾਰਡ ਤਾਮਾਨ ਅੰਸ਼ਿਕ ਤੌਰ 'ਤੇ ਇਸ ਲਈ ਜ਼ਿੰਮੇਵਾਰ ਹੈ, ਇਸ ਤੋਂ ਇਲਾਵਾ ਖੇਤਰੀ ਮੌਸਮ ਪੈਟਰਨ ਵਿੱਚ ਸੰਭਾਵਿਤ ਬਦਲਾਅ ਵੀ ਇਸ ਦਾ ਇੱਕ ਮੁੱਖ ਕਾਰਨ ਹੈ।

ਐਲਨੀਨੋ ਮੌਸਮੀ ਪੈਟਰਨ ਦਾ ਕਮਜ਼ੋਰ ਹੋਣਾ ਅਤੇ ਲਾ ਨੀਨਾ ਸਥਿਤੀਆਂ ਵਿੱਚ ਸੰਭਾਵਿਤ ਬਦਲਾਅ ਕਾਰਨ ਅਟਲਾਂਟਿਕ ਵਿੱਚ ਇਨ੍ਹਾਂ ਤੂਫ਼ਾਨਾਂ ਲਈ ਵਧੇਰੇ ਅਨੁਕੂਲ ਸਥਿਤੀਆਂ ਪੈਦਾ ਹੁੰਦੀਆਂ ਹਨ।

ਐੱਨਓਏਏ ਦੇ ਭਵਿੱਖਬਾਣੀ ਕਰਨ ਵਾਲੇ ਜਲਵਾਯੂ ਕੇਂਦਰ ਦੇ ਮੁਖੀ ਮੈਥਿਊ ਰੋਸੇਨਕ੍ਰੈਨਸ ਦਾ ਕਹਿਣਾ, "ਹਰੀਕੇਨ ਬੇਰਿਲ ( 2024 ਦੇ ਜੂਨ ਦੇ ਅੰਤ ਅਤੇ ਜੁਲਾਈ ਦੇ ਸ਼ੁਰੂ ਵਿੱਚ) ਅੰਟਲਾਂਟਿਕ ਬੇਸਿਨ ਵਿੱਚ ਕਈ ਲੰਬੇ ਚਿਰ ਤੋਂ ਚੱਲੇ ਆ ਰਹੇ ਰਿਕਾਰਡ ਤੋੜ ਦਿੱਤੇ ਅਤੇ ਅਸੀਂ ਮੌਸਮ ਦੇ ਜਲਵਾਯੂ ਸਬੰਧੀ ਲੱਛਣਾਂ 'ਤੇ ਨਜ਼ਰ ਰੱਖ ਰਹੇ ਹਾਂ।" ਅਟਲਾਂਟਿਕ ਦੇ ਉਲਟ ਐੱਨਓਏਏ ਨੇ ਪਹਿਲਾਂ ਹੀ ਕੇਂਦਰੀ ਪ੍ਰਸ਼ਾਂਤ ਖੇਤਰ ਵਿੱਚ "ਆਮ ਤੋਂ ਹੇਠਾਂ" ਹਰੀਕੇਨ ਦੀ ਮੌਸਮ ਦੀ ਭਵਿੱਖਬਾਣੀ ਕੀਤੀ ਸੀ।

### ਹਰੀਕੇਨਾਂ ਨੂੰ ਨਾਮ ਕਿਉਂ ਦਿੱਤੇ ਜਾਂਦੇ ਹਨ?

ਵਿਸ਼ਵ ਮੌਸਮ ਵਿਗਿਆਨ ਸੰਗਠਨ (ਡਬਲਯੂਐੱਮਓ) ਵੱਲੋਂ ਤੈਅ ਕੀਤੇ ਹਰੀਕੇਨਾਂ ਦੇ ਨਾਵਾਂ ਦੀਆਂ ਛੇ ਸੂਚੀਆਂ ਹਨ। ਇਨ੍ਹਾਂ ਹਰੇਕ ਛੇ ਸਾਲਾਂ ਵਿੱਚ ਦੁਹਰਾਇਆ ਜਾਂਦਾ ਹੈ। ਡਬਲਯੂਐੱਮਓ ਦਾ ਕਹਿਣਾ ਹੈ ਕਿ ਹਰੀਕੇਨਾਂ ਦੇ ਨਾਮ ਰੱਖਣਾ, ਚੇਤਾਵਨੀ ਦੇਣ, ਲੋਕਾਂ ਨੂੰ ਜਾਗਰੂਕ ਕਰਨ ਅਤੇ ਤਿਆਰੀਆਂ ਨੂੰ ਵਧਾਉਣ ਦਾ ਸਭ ਤੋਂ ਤੇਜ਼ ਤਰੀਕਾ ਹੈ।

2024 ਅਟਲਾਂਟਿਕ ਹਰੀਕੇਨ ਮੌਸਮ ਦੇ ਨਾਮ ਹਨ, ਅਲਬਰਟੋ, ਬੇਰਿਲ, ਕ੍ਰਿਸ, ਡੇਬੀ, ਅਰਨੇਸਟੋ, ਫ੍ਰਾਂਸੀਨ, ਗੋਰਡਨ, ਹੈਲਨ, ਆਈਜ਼ੈਕ, ਜੋਇਸ, ਕਿਰਕ, ਲੈਸਲੀ, ਮਿਲਟਨ, ਨਦੀਨ, ਆਸਕਰ, ਪੈਟੀ, ਰਾਫੇਲ, ਸਾਰਾ, ਟੋਨੀ, ਵੈਲੇਰੀ ਅਤੇ ਵਿਲੀਅਮ।



### ਹਰੀਕੇਨਾਂ 'ਤੇ ਜਲਵਾਯੂ ਪਰਿਵਰਤਨ ਦਾ ਕੀ ਪ੍ਰਭਾਵ ਹੈ?

ਹਾਲਾਂਕਿ ਇਸ ਗੱਲ ਦਾ ਕੋਈ ਸਬੂਤ ਨਹੀਂ ਹੈ ਕਿ ਜਲਵਾਯੂ ਪਰਿਵਰਤਨ ਜ਼ਿਆਦਾ ਹਰੀਕੇਨ ਪੈਦਾ ਕਰ ਰਿਹਾ ਹੈ, ਇਹ ਸਭ ਤੋਂ ਸ਼ਕਤੀਸ਼ਾਲੀ ਤੂਫ਼ਾਨਾਂ ਨੂੰ ਵਧੇਰੇ ਸੰਭਾਵਿਤ ਬਣਾ ਰਿਹਾ ਹੈ ਅਤੇ ਭਾਰੀ ਬਾਰਸ਼ ਲਿਆ ਰਿਹਾ ਹੈ। ਉਦਾਹਰਨ ਲਈ, ਇਹ ਅੰਦਾਜ਼ਾ ਲਗਾਇਆ ਗਿਆ ਹੈ ਕਿ 2005 ਵਿੱਚ ਹਰੀਕੇਨ ਕੈਟਰੀਨਾ ਕਾਰਨ ਆਏ ਹੜ੍ਹ ਦੀਆਂ ਉਚਾਈਆਂ, ਅਮਰੀਕਾ ਦੇ ਸਭ ਤੋਂ ਘਾਤਕ ਤੂਫਾਨਾਂ ਵਿੱਚੋਂ ਇੱਕ ਸਨ। ਇਹ 1900 ਦੇ ਮੌਸਮ ਵਿੱਚ ਹੋਣ ਵਾਲੀਆਂ ਸਥਿਤੀਆਂ ਨਾਲੋਂ 15-60 ਫੀਸਦ ਵੱਧ ਸਨ। ਹਰੀਕੇਨ ਹੋਰ ਵੀ ਖ਼ਤਰੇ ਪੈਦਾ ਕਰਦੇ ਹਨ, ਜਿਵੇਂ ਬਰਸਾਤ ਅਤੇ ਤਟੀ ਹੜ੍ਹ, ਜੋ ਆਮ ਤੌਰ 'ਤੇ ਜਲਵਾਯੂ ਪਰਿਵਰਤਨ ਕਾਰਨ ਹੋਰ ਵੀ ਬਦਤਰ ਹੁੰਦੇ ਰਹੇ ਹਨ।

ਇਸ ਵਿਚਾਲੇ ਪੈਦਾ ਹੋਈਆਂ ਤੂਫ਼ਾਨੀ ਲਹਿਰਾਂ, ਹਰੀਕੇਨਾਂ ਕਾਰਨ ਸਮੁੰਦਰ ਵਿੱਚ ਕਲਪਨਾ ਤੋਂ ਪਰੇ ਹੋਇਆ ਵਾਧਾ, ਹੁਣ ਉੱਚੇ ਸ਼ਿਖ਼ਰ 'ਤੇ ਹੋ ਰਿਹਾ ਹੈ। ਟੈਕਸਾਸ ਏਐਂਡਐੱਮ ਯੂਨੀਵਰਸਿਟੀ ਦੇ ਵਾਯੂਮੰਡਲ ਵਿਗਿਆਨ ਦੇ ਪ੍ਰੋਫੈਸਰ ਐਂਡਰਿਊ ਡੇਸਲਰ ਨੇ ਕਿਹਾ, "ਸਮੁੰਦਰੀ ਪੱਧਰ ਦੇ ਵਾਧਣ ਹੜ੍ਹ ਦੀ ਡੂੰਘਾਈ ਵਧ ਜਾਂਦੀ ਹੈ, ਜਿਸ ਕਾਰਨ ਅਜੋਕੇ ਹਰੀਕੇਨ ਪਿਛਲੇ ਸਾਲਾਂ ਦੇ ਹਰੀਕੇਨ ਨਾਲੋਂ ਵਧੇਰੇ ਨੁਕਸਾਨਦੇਹ ਹੋ ਜਾਂਦੇ ਹਨ।"

ਸਰਗਰਮ ਪਹਿਲੇ ਅੰਦਾਜ਼ਿਆਂ ਦੇ ਮੱਦੇਨਜ਼ਰ, ਖੋਜਕਾਰ ਇਸ ਗੱਲ 'ਤੇ ਜ਼ੋਰ ਦਿੰਦੇ ਹਨ ਕਿ ਜਨਤਾ ਨੂੰ ਇਹਨਾਂ ਤੂਫਾਨਾਂ ਦੇ ਖ਼ਤਰਿਆਂ ਤੋਂ ਜਾਣੂ ਹੋਣ ਦੀ ਲੋੜ ਹੈ। ਖ਼ਾਸ ਤੌਰ 'ਤੇ "ਤੇਜ਼ੀ ਨਾਲ ਤੀਬਰ ਘਟਨਾਵਾਂ", ਜਿੱਥੇ ਹੀਰਕੇਨ ਦੀ ਹਵਾ ਦੀ ਗਤੀ ਬਹੁਤ ਤੇਜ਼ੀ ਨਾਲ ਵਧਦੀ ਹੈ, ਇਸ ਲਈ ਇਹ ਬੇਹੱਦ ਖ਼ਤਰਨਾਕ ਹੋ ਸਕਦੀ ਹੈ।

ਅਮਰੀਕਾ ਵਿੱਚ ਰੋਵਾਨ ਯੂਨੀਵਰਸਿਟੀ ਵਿੱਚ ਅਸਿਸਟੈਂਟ ਪ੍ਰੋਫੈਸਰ ਐਂਡਰਾ ਗਾਰਨਰ ਦਾ ਕਹਿਣਾ ਹੈ, "ਅਸੀਂ ਪਹਿਲਾਂ ਤੋਂ ਹੀ ਅਟਲਾਂਟਿਕ ਹਰੀਕੇਨਾਂ ਦੀ ਤੀਬਰਤਾ ਵਿੱਚ ਸਭ ਤੋਂ ਤੇਜ਼ ਵਾਧਾ ਦੇਖ ਰਹੇ ਹਾਂ, ਜਿਸ ਦਾ ਅਰਥ ਹੈ ਕਿ ਅਸੀਂ ਆਪਣੇ ਤਟੀ ਭਾਈਚਾਰਿਆਂ ਲਈ ਖ਼ਤਰਿਆਂ ਵਿੱਚ ਵਾਧਾ ਦੇਖ ਰਹੇ ਹਾਂ।"

### ਪੂਰੇ ਵਿਸ਼ਵ ਵਿੱਚ ਅਸਰ


ਸੰਯੁਕਤ ਰਾਸ਼ਟਰ ਦੀ ਜਲਵਾਯੂ ਸੰਸਥਾ, ਆਈਪੀਸੀਸੀ ਦੇ ਅਨੁਸਾਰ, ਵਿਸ਼ਵ ਪੱਧਰ 'ਤੇ ਊਸ਼ਣ ਕਟੀਬੰਦੀ ਦੇਸ਼ਾਂ ਦੇ ਚੱਕਰਵਾਤਾਂ ਦੀ ਗਿਣਤੀ ਵਧਣ ਦੀ ਸੰਭਾਵਨਾ ਨਹੀਂ ਹੈ। ਪਰ ਜਿਵੇਂ-ਜਿਵੇਂ ਸੰਸਾਰ ਗਰਮ ਹੁੰਦਾ ਜਾ ਰਿਹਾ ਹੈ, ਇਹ "ਬੇਹੱਦ ਸੰਭਾਵਨਾ" ਹੈ ਕਿ ਉਨ੍ਹਾਂ ਸਾਲਾਂ ਦੀ ਦਰ ਵਧੇਰੇ ਹੋਵੇਗਾ ਅਤੇ ਹਾਵਾ ਦੀ ਗਤੀ ਵੀ ਵੱਧ ਹੋਵੇਗੀ। ਇਸ ਦਾ ਮਤਲਬ ਹੈ ਕਿ ਚੱਕਰਵਾਤਾਂ ਦਾ ਇੱਕ ਵੱਡਾ ਹਿੱਸਾ ਸਭ ਤੋਂ ਤੀਬਰ ਸ਼੍ਰੇਣੀ ਚਾਰ ਅਤੇ ਪੰਜ ਵਿੱਚ ਪਹੁੰਚ ਜਾਵੇਗਾ।

ਜਿੰਨਾ ਜ਼ਿਆਦਾ ਗਲੋਬਲ ਤਾਪਮਾਨ ਵਧੇਗਾ, ਇਹ ਬਦਲਾਅ ਓਨੇ ਹੀ ਜ਼ਿਆਦਾ ਗੰਭੀਰ ਹੋਣਗੇ। ਆਈਪੀਸੀਸੀ ਦਾ ਕਹਿਣਾ ਹੈ ਕਿ ਜੇਕਰ ਵਿਸ਼ਵ ਦਾ ਤਾਪਮਾਨ 1.5C ਤੱਕ ਸੀਮਤ ਰੱਖਿਆ ਜਾਵੇ ਤਾਂ ਸ਼੍ਰੇਣੀ ਚਾਰ ਅਤੇ ਪੰਜ ਤੱਕ ਪਹੁੰਚਣ ਵਾਲੇ ਊਸ਼ਣ ਕਟੀਬੰਦੀ ਦੇਸ਼ਾਂ ਦੇ ਚੱਕਰਵਾਤਾਂ ਦਾ ਅਨੁਪਾਤ ਲਗਭਗ 10 ਫੀਸਦ ਵਧ ਸਕਦਾ ਹੈ, ਜੋ 2C 'ਤੇ 13 ਫੀਸਦ ਅਤੇ 4C 'ਤੇ 20 ਫੀਸਦ ਤੱਕ ਵਧਦਾ ਹੈ। ਹਾਲਾਂਕਿ ਸਹੀ ਅੰਕੜੇ ਅਨਿਸ਼ਚਿਤ ਹਨ।

ਸਮੁੱਚੇ ਤੌਰ 'ਤੇ ਆਈਪੀਸੀਸੀ ਨੇ ਇਹ ਸਿੱਟਾ ਕੱਢਿਆ ਹੈ ਕਿ ਇਸ ਗੱਲ ਵਿੱਚ "ਉੱਚ ਵਿਸ਼ਵਾਸ" ਹੈ ਕਿ ਮਨੁੱਖਾਂ ਨੇ ਊਸ਼ਣ ਕਟੀਬੰਦੀ ਦੇਸ਼ਾਂ ਦੇ ਚੱਕਰਵਾਤਾਂ ਨਾਲ ਸੰਬੰਧਿਤ ਵਰਖਾ ਵਿੱਚ ਵਾਧੇ ਵਿੱਚ ਯੋਗਦਾਨ ਪਾਇਆ ਹੈ, ਅਤੇ "ਮੱਧਮ ਵਿਸ਼ਵਾਸ" ਹੈ ਕਿ ਮਨੁੱਖਾਂ ਨੇ ਇੱਕ ਊਸ਼ਣ ਕਟੀਬੰਦੀ ਚੱਕਰਵਾਤ ਦੇ ਵਧੇਰੇ ਤੀਬਰ ਹੋਣ ਦੀ ਉੱਚ ਸੰਭਾਵਨਾ ਵਿੱਚ ਯੋਗਦਾਨ ਪਾਇਆ ਹੈ।

# ਇਮਊਨਿਟੀ ਵਧਾਉਣ ਲਈ ਖਾਓ ਸਿਹਤਮੰਦ ਖ਼ੁਰਾਕ

ਕੇ ਪੀ ਨਾਇਰ




ਅੱਜ-ਕੱਲ੍ਹ ਟੈਲੀਵਿਜ਼ਨ, ਸੋਸ਼ਲ ਮੀਡੀਆ, ਅਖ਼ਬਾਰਾਂ ’ਤੇ ਖ਼ੁਰਾਕੀ ਵਸਤਾਂ, ਦਵਾਈਆਂ ਤੇ ਸਪਲੀਮੈਂਟਸ ਦੀ ਇਸ਼ਤਿਹਾਰਬਾਜ਼ੀ ਵਿਚ ਇਮਊਨਿਟੀ (Immune System) ਵਧਾਉਣ ਬਾਰੇ ਆਮ ਹੀ ਦੇਖਣ-ਸੁਣਨ ਨੂੰ ਮਿਲਦਾ ਹੈ। ਇਹ ਤਾਂ ਕੰਪਨੀ ਦੀ ਭਰੋਸੇਯੋਗਤਾ ਜਾਂ ਇਮਾਨਦਾਰੀ ’ਤੇ ਨਿਰਭਰ ਕਰਦਾ ਹੈ ਕਿ ਵਾਕਿਆ ਹੀ ਉਸ ’ਚ ਇਮਿਊਨਿਟੀ ਬੂਸਟਰ ਪਾਏ ਹਨ ਜਾਂ ਨਹੀਂ। ਇਮਿਊਨਿਟੀ ਬੂਸਟਰ ਸਾਡੀ ਖ਼ੁਰਾਕ ’ਚ ਹੀ ਹੁੰਦੇ ਹਨ। ਲੋੜ ਹੈ ਅਜਿਹੀਆਂ ਖ਼ੁਰਾਕੀ ਵਸਤਾਂ ਦਾ ਪਤਾ ਹੋਣਾ ਤੇ ਉਸ ਨੂੰ ਰੋਜ਼ਾਨਾ ਆਪਣੀ ਖ਼ੁਰਾਕ ’ਚ ਸ਼ਾਮਿਲ ਕਰਨ ਦੀ। ਸਰੀਰ ਦੀ ਇਮਿਊਨਿਟੀ (ਰੋਗਾਂ ਨਾਲ ਲੜਨ ਦੀ ਸਮਰੱਥਾ) ਖਾਧੀ ਗਈ ਖ਼ੁਰਾਕ ਨਾਲ ਬਣਦੀ ਹੈ। ਵਧੀਆ ਇਮਊਨਿਟੀ ਵਾਲਾ ਵਿਅਕਤੀ ਬਿਮਾਰ ਘੱਟ ਹੋਵੇਗਾ ਤੇ ਉਸ ’ਚ ਰੋਗਾਂ ਨਾਲ ਲੜਨ ਦੀ ਸਮਰੱਥਾ ਵੀ ਜ਼ਿਆਦਾ ਹੋਵੇਗੀ। ਕੁਝ ਐਂਟੀਆਕਸੀਡੈਂਟ ਭਰਪੂਰ ਖ਼ੁਰਾਕੀ ਵਸਤਾਂ ਵਿਅਕਤੀ ਦੀ ਇਮਿਊਨਿਟੀ ਨੂੰ ਵਧਾਉਣ ’ਚ ਸਹਾਈ ਹੋ ਸਕਦੀਆਂ ਹਨ ਤੇ ਜ਼ੁਕਾਮ, ਫਲੂ ਵਰਗੀਆਂ ਬਿਮਾਰੀਆਂ ਤੋਂ ਬਚਾ ਸਕਦੀਆਂ ਹਨ ਜਾਂ ਉਨ੍ਹਾਂ ਦੀ ਗੰਭੀਰਤਾ ਨੂੰ ਘਟਾ ਸਕਦੀਆਂ ਹਨ। ਮਾੜੀ ਖ਼ੁਰਾਕ ਜਾਂ ਐਂਟੀਆਕਸੀਡੈਂਟਸ ਦੀ ਘਾਟ ਇਮਿਊਨ ਸਿਸਟਮ ਨੂੰ ਕਮਜ਼ੋਰ ਕਰ ਦਿੰਦੀ ਹੈ, ਜਿਸ ਨਾਲ ਇਨਫੈਕਸ਼ਨ ਵਾਲੀਆਂ ਬਿਮਾਰੀਆਂ ਦੀ ਗੰਭੀਰਤਾ ਤੇ ਖ਼ਤਰਾ ਵੱਧ ਜਾਂਦਾ ਹੈ। ਐਂਟੀਆਕਸੀਡੈਂਟਸ ਹੀ ਇਮਿਊਨਿਟੀ ਬੂਸਟਰ ਹਨ ਤੇ ਇਨ੍ਹਾਂ ਦਾ ਸਰੀਰ ਦੀ ਇਮਿਊਨਿਟੀ ਨਾਲ ਸਿੱਧਾ ਸਬੰਧ ਹੈ। ਇਸ ਲਈ ਵੱਧ ਤੋਂ ਵੱਧ ਐਂਟੀਆਕਸੀਡੈਂਟਸ ਖ਼ੁਰਾਕ ਰਾਹੀਂ ਲੈਣੇ ਚਾਹੀਦੇ ਹਨ, ਤਾਂ ਜੋ ਸਰੀਰ ਦੀ ਬਿਮਾਰੀਆਂ ਖ਼ਿਲਾਫ਼ ਲੜਨ ਲਈ ਇਮਿਊਨਿਟੀ ਬਣੀ ਰਹੇ।

### ਕੀ ਹੈ ਇਮਿਊਨਟੀ?

ਕਿਸੇ ਵਿਅਕਤੀ ਦੀ ਬਿਮਾਰੀਆਂ ਨਾਲ ਲੜਨ ਦੀ ਸਰੀਰਕ ਸਮਰੱਥਾ ਹੀ ਇਮਿਊਨਿਟੀ ਹੈ। ਖ਼ੂਨ ਦੇ ਚਿੱਟੇ ਕਣ ਐਂਟੀਬਾਡੀਜ਼ ਪੈਦਾ ਕਰ ਕੇ ਬੈਕਟੀਰੀਆ ਤੇ ਵਾਇਰਸ ਨਾਲ ਲੜਨ ਦੀ ਸਮਰੱਥਾ ਵਧਾ ਦਿੰਦੇ ਹਨ।

### ਫ੍ਰੀ ਰੈਡੀਕਲਜ਼

ਫ੍ਰੀ ਰੈਡੀਕਲਜ਼ ਅਜਿਹੇ ਮੌਲੀਕਿਊਲ ਦੀ ਕਿਸਮ ਹੈ, ਜੋ ਇਮਿਊਨ ਸਿਸਟਮ ਨੂੰ ਤਬਾਹ ਕਰਦੀ ਹੈ। ਇਹ ਉਦੋਂ ਪੈਦਾ ਹੁੰਦੇ ਹਨ, ਜਦੋਂ ਸਾਡਾ ਸਰੀਰ ਭੋਜਨ ਨੂੰ ਤੋੜਦਾ ਹੈ ਜਾਂ ਤੰਬਾਕੂ, ਸਿਗਰਟਨੋਸ਼ੀ, ਰੈਡੀਏਸ਼ਨ ਤੇ ਆਕਸੀਡੇਸ਼ਨ ਕਿਰਿਆਵਾਂ ਦੇ ਅਸਰ ਕਰਕੇ ਪੈਦਾ ਹੁੰਦੇ ਹਨ। ਫ੍ਰੀ ਰੈਡੀਕਲਜ਼ ਭਿਆਨਕ ਬਿਮਾਰੀਆਂ, ਜਿਵੇਂ ਕੈਂਸਰ ਤੇ ਦਿਲ ਦੇ ਰੋਗਾਂ ਦਾ ਕਾਰਨ ਬਣਦੇ ਹਨ ਅਤੇ ਵਿਅਕਤੀ ਦੇ ਸੈੱਲਾਂ ਦਾ ਨੁਕਸਾਨ ਹੁੰਦਾ ਹੈ।

### ਐਂਟੀਆਕਸੀਡੈਂਟਸ

ਐਂਟੀਆਕਸੀਡੈਂਟਸ ਅਜਿਹੇ ਮੌਲੀਕਿਊਲ ਹਨ, ਜੋ ਫ੍ਰੀ ਰੈਡੀਕਲਜ਼ ਦੁਆਰਾ ਕੀਤੇ ਜਾਣ ਵਾਲੇ ਸੈੱਲਾਂ ਦੇ ਨੁਕਸਾਨ ਦੀ ਕਿਰਿਆ ਦੀ ਰਫ਼ਤਾਰ ਨੂੰ ਹੌਲੀ ਕਰਦੇ ਹਨ ਤੇ ਸੈੱਲਾਂ ਨੂੰ ਬਚਾਉਂਦੇ ਹਨ। ਇਹ ਆਕਸੀਡੇਸ਼ਨ ਨੂੰ ਰੋਕਦੇ ਹਨ, ਫ੍ਰੀ ਰੈਡੀਕਲਜ਼ ਨਾਲ ਲੜਦੇ ਹਨ, ਉਨ੍ਹਾਂ ਨੂੰ ਨਿਊਟ੍ਰਲਾਇਜ਼ ਕਰ ਕੇ ਘਟਾਉਂਦੇ ਹਨ ਤੇ ਜਾਨਲੇਵਾ ਬਿਮਾਰੀਆਂ ਤੋਂ ਬਚਾਉਂਦੇ ਹਨ। ਐਂਟੀਆਕਸੀਡੈਂਟਸ ਇਮਿਊਨ ਸਿਸਟਮ ਨੂੰ ਬੂਸਟ ਕਰਨ ’ਚ ਮਦਦਗਾਰ ਹਨ। ਵਿਟਾਮਿਨ-ਸੀ, ਵਿਟਾਮਿਨ-ਈ, ਵਿਟਾਮਿਨ-ਏ, ਬੀਟਾ ਕੈਰੋਟੀਨ, ਲਿਕੋਪੀਨ, ਲੂਟਿਨ, ਸਿਲੇਨੀਅਮ, ਮੈਗਨੀਜ਼, ਜ਼ਿੰਕ, ਫੋਲੇਟ, ਲੋਹਾ, ਕਾਪਰ, ਵਿਟਾਮਿਨ ਬੀ-6, ਵਿਟਾਮਿਨ ਬੀ 12 ਖ਼ੁਰਾਕ ਤੋਂ ਮਿਲਣ ਵਾਲੇ ਅਜਿਹੇ ਮਹੱਤਵਪੂਰਨ ਐਂਟੀਆਕਸੀਡੈਂਟਸ ਹਨ, ਜੋ ਇਮਿਊਨ ਸਿਸਟਮ (Immune system) ਨੂੰ ਆਪਣਾ ਕੰਮ ਕਰਨ ਲਈ ਚਾਹੀਦੇ ਹਨ।

### ਐਂਟੀਆਕਸੀਡੈਂਟਸ ਲੈਣ ਲਈ ਕੀ ਖਾਓ

ਘੱਟ ਫੈਟ ਵਾਲੀ ਬਨਸਪਤੀ (ਪੌਦਿਆਂ) ਖ਼ੁਰਾਕ ਇਮਿਊਨ ਸਿਸਟਮ ਨੂੰ ਬੂਸਟ ਕਰਨ ’ਚ ਮਦਦਗਾਰ ਹੋ ਸਕਦੀ ਹੈ। ਗੂੜ੍ਹੇ ਰੰਗਾਂ ਦੇ ਫਲ, ਸਬਜ਼ੀਆਂ, ਸਲਾਦ ਤੇ ਨਟਸ, ਬੀਜ ਦੀ ਜ਼ਿਆਦਾ ਵਰਤੋਂ ਤੇ ਫੈਟ ਦੀ ਘੱਟ ਵਰਤੋਂ ਨਾਲ ਖ਼ੂਨ ਦੇ ਚਿੱਟੇ ਸੈੱਲ ਜ਼ਿਆਦਾ ਬਣਨਗੇ, ਜੋ ਐਂਟੀਬਾਡੀਜ਼ ਪੈਦਾ ਕਰ ਕੇ ਬੈਕਟੀਰੀਆ ਤੇ ਵਾਇਰਸ ਨਾਲ ਲੜਨ ਦੀ ਸਮਰੱਥਾ ਵਧਾ ਦੇਣਗੇ। ਇਸ ਨਾਲ ਇਮਿਊਨ ਸਿਸਟਮ ਵੀ ਬੂਸਟ ਹੋਵੇਗਾ। ਹਰੇਕ ਐਂਟੀਆਕਸੀਡੈਂਟ ਦਾ ਵੱਖਰਾ ਕੰਮ ਹੁੰਦਾ ਹੈ, ਜੋ ਕਿਸੇ ਦੂਜੇ ਐਂਟੀਆਕਸੀਡੈਂਟ ਦਾ ਬਦਲ ਨਹੀਂ ਹੋ ਸਕਦਾ। ਐਂਟੀਆਕਸੀਡੈਂਟ ਨਾਲ ਭਰਪੂਰ ਖ਼ੁਰਾਕ ਨੂੰ ਸੁਪਰ ਖ਼ੁਰਾਕ ਜਾਂ ਕਿਰਿਆਸ਼ੀਲ ਖ਼ੁਰਾਕ ਕਿਹਾ ਜਾਂਦਾ ਹੈ।

### ਇਮਿਊਨਿਟੀ ਵਧਾਉਣ ਲਈ ਕੀ ਖਾਓ

ਵਿਟਾਮਿਨ-ਸੀ ਭਰਪੂਰ ਫਲ ਜਿਵੇਂ ਸੰਤਰਾ, ਚਕੋਤਰਾ, ਮੁਸੰਮੀ, ਕਿੰਨੂ, ਨਿੰਬੂ, ਅਨਾਨਾਸ, ਔਲਾ, ਅਮਰੂਦ, ਪਪੀਤਾ, ਕੀਵੀ, ਬੇਰੀਜ਼ ਤੇ ਸਬਜ਼ੀਆਂ ਜਿਵੇਂ ਲਾਲ ਤੇ ਹਰੀ ਸ਼ਿਮਲਾ ਮਿਰਚ, ਬ੍ਰੋਕਲੀ, ਟਮਾਟਰ, ਪਾਲਕ, ਮੇਥੀ, ਚਲਾਈ ਆਦਿ ਦੀ ਵਰਤੋਂ ਵਧਾ ਦਿਉ। ਲਾਲ ਸ਼ਿਮਲਾ ਮਿਰਚ ਵਿਚ ਸੰਤਰੇ ਤੋਂ ਵੀ ਤਿੰਨ ਗੁਣਾ ਜ਼ਿਆਦਾ ਵਿਟਾਮਿਨ-ਸੀ ਹੁੰਦਾ ਹੈ ਤੇ ਇਹ ਬੀਟਾ ਕੈਰੋਟੀਨ (ਵਿਟਾਮਿਨ-ਏ) ਦਾ ਵੀ ਚੰਗਾ ਸਰੋਤ ਹੈ। ਪਪੀਤਾ ਤੇ ਕੀਵੀ ਵਿਟਾਮਿਨ-ਸੀ, ਪੋਟਾਸ਼ੀਅਮ, ਮੈਗਨੀਸ਼ੀਅਮ ਅਤੇ ਫੋਲੇਟ ਦੇ ਚੰਗੇ ਸਰੋਤ ਹਨ। ਵਿਟਾਮਿਨ-ਸੀ ਇਮਿਊਨ ਸਿਸਟਮ ਨੂੰ ਬੂਸਟ ਕਰਨ ਦੇ ਨਾਲ-ਨਾਲ ਤੰਦਰੁਸਤ ਚਮੜੀ ਲਈ ਵੀ ਲੋੜੀਂਦਾ ਹੈ। ਬ੍ਰੋਕਲੀ ਵਿਟਾਮਿਨਾਂ ਤੇ ਖਣਿਜਾਂ ਦਾ ਭਰਪੂਰ ਸਰੋਤ ਹੈ। ਇਹ ਵਿਟਾਮਿਨ-ਏ, ਵਿਟਾਮਿਨ-ਸੀ, ਵਿਟਾਮਿਨ-ਈ, ਫਾਈਬਰ ਅਤੇ ਹੋਰ ਬਹੁਤ ਸਾਰੇ ਐਂਟੀਆਕਸੀਡੈਂਟਸ ਨਾਲ ਭਰਪੂਰ ਹੈ, ਇਸ ਨੂੰ ਸਲਾਦ ਦੇ ਤੌਰ ’ਤੇ ਜਾਂ ਭਾਫ਼ ਨਾਲ ਪਕਾ ਕੇ ਖਾਧਾ ਜਾ ਸਕਦਾ ਹੈ। ਖੋਜਾਂ ਦੱਸਦੀਆਂ ਹਨ ਕਿ ਵਿਟਾਮਿਨ-ਸੀ ਦੀ ਘਾਟ ਇਨਫੈਕਸ਼ਨ ਵਧਣ ਦਾ ਕਾਰਨ ਬਣ ਸਕਦੀ ਹੈ। ਵਿਟਾਮਿਨ-ਸੀ ਖ਼ੂਨ ਦੇ ਚਿੱਟੇ ਸੈੱਲਾਂ ਦੀ ਪੈਦਾਵਾਰ ’ਚ ਵਾਧਾ ਕਰਦਾ ਹੈ, ਜਿਸ ਨਾਲ ਇਨਫੈਕਸ਼ਨ ਨਾਲ ਲੜਨ ਵਿਚ ਮਦਦ ਮਿਲਦੀ ਹੈ। ਇਹ ਪਾਣੀ ਵਿਚ ਘੁਲਣ ਵਾਲਾ ਵਿਟਾਮਿਨ ਹੋਣ ਕਰਕੇ ਖ਼ੁਰਾਕ ਰਾਹੀਂ ਰੋਜ਼ਾਨਾ ਲੈਣਾ ਜ਼ਰੂਰੀ ਹੈ ਕਿਉਂਕਿ ਸਰੀਰ ਇਸ ਨੂੰ ਜਮ੍ਹਾਂ ਨਹੀਂ ਕਰਦਾ। ਬਾਲਗਾਂ ਨੂੰ ਰੋਜ਼ਾਨਾ 65-90 ਮਿਲੀਗ੍ਰਾਮ ਵਿਟਾਮਿਨ-ਸੀ ਦੀ ਜ਼ਰੂਰਤ ਹੁੰਦੀ ਹੈ। ਇਕ ਸੰਤਰੇ ’ਚ 51।1 ਮਿਲੀਗ੍ਰਾਮ ਤੇ ਇਕ ਨਿੰਬੂ ’ਚ 30।7 ਮਿਲੀਗ੍ਰਾਮ ਵਿਟਾਮਿਨ-ਸੀ ਹੁੰਦਾ ਹੈ।

ਵਿਟਾਮਿਨ-ਈ ਭਰਪੂਰ ਖ਼ੁਰਾਕੀ ਵਸਤਾਂ ਜਿਵੇਂ ਕਣਕ ਜਰਮ, ਤੇਲ ਬੀਜ, ਸਰ੍ਹੋਂ, ਰਾਈਸ ਬਰਾਨ, ਸੋਇਆਬੀਨ ਦਾ ਤੇਲ, ਸੂਰਜਮੁਖੀ ਦੇ ਬੀਜ, ਅਲਸੀ, ਕਿਸ਼ਮਿਸ਼, ਬਦਾਮ,ਅਖਰੋਟ, ਮੂੰਗਫਲੀ ਤੇ ਹੋਰ ਨਟਸ, ਮੱਛੀ ਦਾ ਸੇਵਨ ਕਰੋ। ਇਹ ਚੰਗੀ ਫੈਟ ਤੇ ਪ੍ਰੋਟੀਨ ਦਾ ਸਰੋਤ ਵੀ ਹਨ। ਸੂਰਜਮੁਖੀ ਦੇ ਬੀਜਾਂ ’ਚ ਹੋਰ ਨਿਊਟਰੀਐਂਟਸ ਜਿਵੇਂ ਫਾਸਫੋਰਸ, ਸਿਲੇਨੀਅਮ, ਮੈਗਨੀਸ਼ੀਅਮ, ਵਿਟਾਮਿਨ ਬੀ-੬ ਵੀ ਹੁੰਦਾ ਹੈ। ਪ੍ਰਟੀਨ ਵਿਚਲੇ ਅਮੀਨੋ ਐਸਿਡ ਤੇ ਤੇਲ

(ਬਾਕੀ ਸਫ਼ਾ 15 ‘ਤੇ)

# TASTE OF INDIA

specialist- Gurh Dee Barfee, Gurh Diyaan Jalebian

32 ਸਾਲ ਤੋਂ ਕੈਲੇਫੋਰਨੀਆ ਦਾ ਸਭ ਤੋਂ ਪਹਿਲਾ ਤੇ ਵਧੀਆ ਰੈਸਟੋਰੈਂਟ

ਗੁੜ ਦੀ ਬਰਫੀ, ਫਿੱਕਾ ਕਲਾਕੰਦ
ਗੁੜ ਦੀਆਂ ਜਲੇਬੀਆਂ, ਇਮਰਤੀ




ਬਿਲਕੁਲ ਨਵੀਂ ਦਿੱਖ ਦੇ ਨਾਲ ਸਜਾਇਆ ਰੈਸਟੋਰੈਂਟ

lunch buffet everyday
fresh jalebian every day

DEVINDER SINGH PABLA (OWNER)
510-791-1316

ਛੋਟੇ-ਵੱਡੇ ਹਰ ਕਿਸਮ ਦੇ ਪ੍ਰੋਗਰਾਮ ਲਈ ਕੇਟਰਿੰਗ ਦਾ ਸਪੈਸ਼ਲ ਪ੍ਰਬੰਧ

5144 MOWRY AVE (ON FARWELL DR)
FREMONT, CA 94538
510-773-8810





# Quick Lube & Smog

OFFICIAL LAMP ADJUSTING STATION
OFFICIAL BRAKE ADJUSTING STATION

Auto repair, Diagnostics & Smog Check Station

SMOG CHECK

ਚਲਦੀਆਂ (Used) ਕਾਰਾਂ, ਵਾਜਬ ਕੀਮਤਾਂ ਤੇ ਖਰੀਦਣ ਲਈ ਗੋਗੀ ਹੁਰਾਂ ਨੂੰ ਕਾਲ ਕਰੋ

SUKHWINDER BHELLA
510-757-6775 gogibhella@gmail.com

# TENNYSON AUTO

Car Sale Service and Repair

SUKHWINDER BHELLA, Manager
tennysonauto1@gmail.com
510-330-7112, 510-757-6775
691 W. Tennyson Rd Hayward, CA 94544






# Mountain Mike's Pizza

| 879 W Schulte Rd<br>Tracy (CA)<br>Dine-in - Takeout Delivery | 2260 Grant Line Rd # 104<br>Tracy (CA)<br>Dine-in - Takeout Delivery |
|---|---|

Prop:
Vicky Panaich
209-631-3219
www.mountainmikespizza.com




# Kash Fabrics

37 ਸਾਲ ਤੋਂ ਤੁਹਾਡੀ ਸੇਵਾ ਵਿਚ

ਸਾਡੀ ਵਿਸ਼ੇਸਤਾ

1.Wedding Lehngas
2.Mens wear-shervani
3.Kurte Pajame
4. Sharara Suits.
5.Patiala. Suits.
6. pression stove jewelery
7. kids wear
8. Turbans (paggan). 80 colors

1. ਵਿਆਹ ਦੇ ਲਹਿੰਗੇ
2. ਪੁਰਸ਼ਾਂ ਦੇ ਪਹਿਨਣ ਵਾਲੀ ਸ਼ੇਰਵਾਨੀ
3. ਕੁੜਤੇ ਪਜਾਮੇ
4. ਸ਼ਰਾਰਾ ਸੂਟ
5. ਪਟਿਆਲਾ ਸੂਟ
6. ਗਹਿਣੇ
7. ਬੱਚਿਆਂ ਦੇ ਕੱਪੜੇ
80 ਰੰਗਾਂ ਵਿਚ ਪੱਗਾਂ




Kashmir Singh Dhugga
Gurjeet kaur Dhugga
kashfabrics@gmail.com

KASH FABRICS
29576 Mission Blvd
Hayward,CA 94544
510-538-1138


Kw SILICON CITY
KELLERWILLIAMS.
To buy Home, business
or any kind of property
Gurjeet Rai
408-802-5303
GurjeetRai@kw.com
SoldbyGurjeetRai.com
5-STAR RATING
DRE 02149422
Please consult before finalizing
your deal or decision
REALTOR® OF THE YEAR 2022
AGENT OF THE EXCELLENCE 2022
2221 Oakland Rd, Ste 268
San Jose CA 95131


ਆਪਣੇ ਕਾਰੋਬਾਰ ਲਈ
ਵਧੀਆ ਅਤੇ ਕਿਫਾਇਤੀ ਬੈਗ,
ਵਾਜਬ ਭਾਅ ਤੇ ਬਣਵਾਉਣ ਲਈ
ਅੱਜ ਹੀ ਸਾਡੇ ਨਾਲ ਸੰਪਰਕ ਕਰੋ
TB
THE BAGS
(A Non-Woven Bags Printing Company)
Near Chardikala Service Station,Bhikhi Road Dhanaula (Barnala)
E-mail:- thewovenbags@gmail.com
Devinderpal Singh (U.S.A)
6283160309
Jaspreet Kahlon
98784 45587
SAHIB FLEX DNL. 98423-00002


SINGHWORLDtravel
Lycamobile
Call the world for less
ria Money Transfer
AIRPORT DROP OFF AND PICKUP AVAILBLE
Money Transfer @ Special Rates
India and Pakistan!!!
Cell Phone Activation & Recharge Services
ਏਅਰਪੋਰਟ ਤੇ ਜਾਣ-ਆਉਣ ਲਈ ਗੱਡੀ ਦਾ ਵੀ ਪ੍ਰਬੰਧ ਹੈ
ਹੋਰ ਜਾਣਕਾਰੀ ਲਈ ਸੰਪਰਕ ਕਰੋ
SINGH WORLD TRAVEL
PH. 530-443-4865
Email: Info@singhworldtravel.com
1248 Franklin Ave. #A
Yuba City CA, 95991


SANSAR
AUTHENTIC INDIAN CUISINE
We do catering for all occassions
ਅਸੀਂ ਵੱਡੇ ਤੋਂ ਵੱਡੇ ਪ੍ਰੋਗਰਾਮ/ਪਾਰਟੀ
ਲਈ ਕੇਟਰਿੰਗ ਦਾ ਪ੍ਰਬੰਧ ਕਰਦੇ ਹਾਂ
Santokh Singh Judge
925-487-4679
2220 First Street
Livermore, CA 94550
925-606-6191
www.SansarIndianCuisine.com
2610 S. Tracy Blvd
Tracy, CA 95376
209-834-2200
www.SansarTracy.com




# ਕੀ ਤੁਸੀਂ ਜਲਦੀ ਥੱਕ ਜਾਂਦੇ ਹੋ!- ਹੋ ਜਾਓ ਸਾਵਧਾਨ



ਦਿਨ ਭਰ ਕੰਮ ਕਰਨ ਤੋਂ ਬਾਅਦ ਰਾਤ ਨੂੰ ਸਹੀ ਤਰੀਕੇ ਨਾਲ ਨੀਂਦ ਨਾ ਆਉਣ ਦਾ ਮਤਲਬ ਹੈ ਕਿ ਤੁਹਾਨੂੰ ਜ਼ਿਆਦਾ ਥਕਾਵਟ ਹੈ। ਪਰ ਕਈ ਵਾਰ ਅਜਿਹਾ ਹੁੰਦਾ ਹੈ ਕਿ ਸਾਰੀ ਰਾਤ ਸੌਣ ਤੋਂ ਬਾਅਦ ਵੀ ਥਕਾਵਟ ਨਹੀਂ ਉਤਰਦੀ ਜਾਂ ਨੀਂਦ ਪੂਰੀ ਹੋਣ ਦਾ ਅਹਿਸਾਸ ਨਹੀਂ ਹੁੰਦਾ। ਨੀਂਦ ਪੂਰੀ ਨਾ ਹੋਣ ਦਾ ਕਾਰਨ ਸਟ੍ਰੈਸ ਜਾਂ ਜ਼ਿਆਦਾ ਕੰਮ ਕਰਨਾ ਸਮਝਿਆ ਜਾਂਦਾ ਹੈ ਪਰ ਇਹ ਕਾਰਨ ਨਹੀਂ ਹੈ। ਦਰਅਸਲ ਤੁਹਾਡੇ ਲਾਈਫ ਸਟਾਈਲ ਅਤੇ ਡਾਈਟ, ਇਹ ਦੋਵੇਂ ਅਜਿਹੀਆਂ ਗੱਲਾਂ ਹਨ, ਜਿਹਨਾਂ ਦੇ ਕਾਰਨ ਥਕਾਵਟ ਅਤੇ ਵੀਕਨੈਸ ਹੁੰਦੀ ਹੈ। ਇਸਦੇ ਕਈ ਕਾਰਨ ਹਨ:

**1. ਸ਼ੂਗਰ ਦੀ ਮਾਤਰਾ ਜ਼ਿਆਦਾ ਹੋਣਾ**

ਸਵੇਰੇ ਉਠਦੇ ਹੀ ਅਸੀਂ ਚਾਹ ਜਾਂ ਕਾਫੀ ਲੈਣ ਦੇ ਆਦੀ ਹੁੰਦੇ ਹਾਂ। ਅਸੀਂ ਅੱਖ ਖੁੱਲ੍ਹਦੇ ਹੀ ਚਾਹ ਜਾਂ ਕਾਫੀ ਪੀਂਦੇ ਹਨ। ਪਰ ਕੀ ਤੁਹਾਨੂੰ ਪਤਾ ਹੈ ਕਿ ਇਸ ਦੇ ਮਾੜੇ ਅਸਰ ਕੀ ਹਨ। ਦਰਅਸਲ ਚਾਹ ਜਾਂ ਕਾਫੀ ਵਿਚ ਸ਼ੂਗਰ ਹੋਣ ਕਰਕੇ ਅਸੀਂ ਅਨਰਜਿਕ ਮਹਿਸੂਸ ਕਰਦੇ ਹਾਂ ਪਰ ਖਾਲੀ ਪੇਟ ਚਾਹ ਕਾਫੀ ਲੈਣ ਨਾਲ ਐਸੀਡਿਟੀ ਵਧਦੀ ਹੈ ਅਤੇ ਡਾਇਜੈਸਟਿਵ ਸਿਸਟਮ ਤੇ ਇਸਦਾ ਮਾੜਾ ਅਸਰ ਪੈਂਦਾ ਹੈ।

ਅਧਿਐਨ ਮੁਤਾਬਕ ਹਲਕਾ ਜਿਹੀ ਵੀ ਡੀਹਾਈਡ੍ਰੇਸ਼ਨ ਹੋਣ ਦੇ ਕਾਰਨ ਥਕਾਵਟ ਜਲਦੀ ਹੁੰਦੀ ਹੈ। ਜੇਕਰ ਤੁਸੀਂ ਵਰਕਆਊਟ ਦੇ ਅਨੁਸਾਰ ਲਿਕੁਅਡ ਨਹੀਂ ਲੈਂਦੇ ਤਾਂ ਤੁਸੀਂ ਥਕਾਵਟ ਜਾਂ ਘੁਟਣ ਮਹਿਸੂਸ ਕਰਨ ਲੱਗਦੇ ਹੋ।

ਸਾਡੇ ਲੋਕਾਂ ਦੀ ਬੇਹੱਦ ਗੰਦੀ ਆਦਤ ਹੈ ਕਿ ਅਸੀਂ ਸੌਣ ਤੋਂ ਪਹਿਲਾਂ ਘੱਟ ਤੋਂ ਘੱਟ ਇਕ ਘੰਟਾ ਫੋਨ ਜਾਂ ਚੈਟ ਜਾਂ ਲੈਪਟਾਪ ਤੇ ਕੰਮ ਕਰਨ ਵਿਚ ਕੱਢ ਦਿੰਦੇ ਹਾਂ। ਕੁਝ ਲੋਕ ਤਾਂ ਚੈਟ ਕਰਦੇ ਕਰਦੇ ਹੀ ਸੌਂ ਜਾਂਦੇ ਹਨ। ਅਜਿਹਾ ਕਰਨ ਨਾਲ ਅਸੀਂ ਥਕਾਵਟ ਮਹਿਸੂਸ ਕਰਦੇ ਹਾਂ ਅਤੇ ਸੌਣ ਤੋਂ ਬਾਅਦ ਵੀ ਥਕਾਵਟ ਮਹਿਸੂਸ ਹੁੰਦੀ ਹੈ। ਚੰਗੀ ਨੀਂਦ ਅਤੇ ਥਕਾਵਟ ਨੂੰ ਦੂਰ ਕਰਨ ਦੇ ਲਈ ਸੌਣ ਤੋਂ ਘੱਟੋ ਘੱਟ ਅੱਧਾ ਘੰਟਾ ਪਹਿਲਾਂ ਫੋਨ ਅਤੇ ਲੈਪਟਾਪ ਨੂੰ ਦੂਰ ਰੱਖ ਦੇਣਾ ਚਾਹੀਦਾ ਹੈ। ਦਰਅਸਲ ਫੋਨ ਦੀ ਲਾਈਟ ਦੇ ਕਾਰਨ ਇਹ ਸਭ ਦਿੱਕਤਾਂ ਹੁੰਦੀਆਂ ਹਨ। ਇਸ ਕਰਕੇ ਸੌਣ ਤੋਂ ਪਹਿਲਾਂ ਗੇਜੇਟ ਯੂਜ਼ ਨਾ ਕਰੋ।

ਜੰਕ ਫੂਡ ਵਿਚ ਸ਼ੂਗਰ ਅਤੇ ਕਾਰਬੋਹਾਈਡ੍ਰੇਟਸ ਦੀ ਮਾਤਰਾ ਬਹੁਤ ਜ਼ਿਆਦਾ ਹੁੰਦੀ ਹੈ। ਇਹ ਸਰੀਰ ਦੇ ਸ਼ੂਗਰ ਪੱਧਰ ਨੂੰ ਵਧਾਉਂਦਾ ਹੈ। ਇਸ ਕਰਕੇ ਹੈਲਦੀ ਅਤੇ ਭਰਪੂਰ ਨੀਂਦ ਦੇ ਲਈ ਜੰਕ ਫੂਡ ਖਾਣਾ ਬੰਦ ਕਰੋ ਅਤੇ ਉਸਦੀ ਜਗ੍ਹਾ ਬ੍ਰਾਊਨ ਰਾਈਸ, ਨਟਸ ਅਤੇ ਡ੍ਰਾਈਫਰੂਟ ਖਾਓ। ਬਿਜ਼ੀ ਲਾਈਫ ਦੇ ਕਾਰਨ ਕਸਰਤ ਸਾਡੀ ਡੇਲੀ ਰੂਟੀਨ ਵਿਚ ਨਹੀਂ ਹੁੰਦੀ। ਇਸ ਕਾਰਨ ਵੀ ਥਕਾਵਟ ਮਹਿਸੂਸ ਹੁੰਦੀ ਹੈ। ਯੋਗਾ ਅਤੇ ਕਸਰਤ ਨੂੰ ਡੇਲੀ ਰੂਟੀਨ ਵਿਚ ਸ਼ਾਮਲ ਕਰੋ। ਇਸ ਨਾਲ ਤੁਹਾਡਾ ਊਰਜਾ ਦਾ ਪੱਧਰ ਵਧੇਗਾ। ਜੇਕਰ ਤੁਸੀਂ ਜਿਮ ਨਹੀਂ ਜਾ ਸਕਦੇ ਤਾਂ ਬਿਹਤਰ ਰਹੇਗਾ ਕਿ ਸਵੇਰੇ ਜਾਂ ਸ਼ਾਮ ਨੂੰ ਵਾਕ ਜ਼ਰੂਰ ਕਰੋ। ਆਇਰਨ ਦੀ ਕਮੀ ਹੋਣ ਦੇ ਕਾਰਨ ਵੀ ਥਕਾਵਟ ਅਤੇ ਵੀਕਨੈਸ ਮਹਿਸੂਸ ਹੁੰਦੀ ਹੈ। ਇਸ ਕਰਕੇ ਡਾਈਟ ਅਤੇ ਸਬਜ਼ੀਆਂ ਤੇ ਖਾਸ ਧਿਆਨ ਦਿਓ। ਕੁਝ ਲੋਕ ਖੁਦ ਨੂੰ ਰਿਲੈਕਸ ਕਰਨ ਦੇ ਲਈ ਰਾਤ ਨੂੰ ਸੌਣ ਤੋਂ ਪਹਿਲਾਂ ਵਿਸਕੀ ਜਾਂ ਵਾਈਨ ਪੀਂਦੇ ਹਨ। ਜ਼ਿਆਦਾਤਰ ਲੋਕ ਸੋਚਦੇ ਹਨ ਕਿ ਸ਼ਰਾਬ ਪੀਣ ਨਾਲ ਥਕਾਵਟ ਘੱਟ ਹੁੰਦੀ ਹੈ ਪਰ ਅਜਿਹਾ ਨਹੀਂ ਹੈ। ਐਲਕੋਹਲ ਨਾਲ ਤੁਹਾਨੂੰ ਨੀਂਦ ਜਲਦੀ ਆ ਸਕਦੀ ਹੈ ਅਤੇ ਤੁਸੀਂ ਡੂੰਘੀ ਨੀਂਦ ਵਿਚ ਚਲੇ ਜਾਂਦੇ ਹੋ ਪਰ ਨੀਂਦ ਨਸ਼ੇ ਵਿਚ ਆਉਂਦੀ ਹੈ, ਜਿਸ ਕਰਕੇ ਅਗਲੇ ਦਿਨ ਉਠਣ ਤੇ ਥਕਾਵਟ ਅਤੇ ਸਿਰਦਰਦ ਬਣਿਆ ਰਹਿੰਦਾ ਹੈ।


# ਮੂੰਹ ਦੀ ਗੰਧ (ਬਦਬੂ) ਤੋਂ ਕਿਵੇਂ ਬਚੀਏ

ਮੂੰਹ ਵਿਚ ਗੰਧ ਜਾਂ ਦੁਰਗੰਧ ਕਾਰਨ ਕਾਫੀ ਲੋਕ ਮਜ਼ਾਕ ਦਾ ਵਿਸ਼ਾ ਬਣ ਜਾਂਦੇ ਹਨ। ਲੋਕਾਂ ਤੋਂ ਦੂਰ ਭੱਜਣ ਦੀ ਬਜਾਏ ਕਿਉਂ ਨਾ ਇਸੇ ਨੂੰ ਦੂਰ ਭਜਾਇਆ ਜਾਵੇ

ਮੂੰਹ ਦੀ ਦੁਰਗੰਧ ਤੋਂ ਲੋਕ ਦੂਰ ਭੱਜਣ ਤਾਂ ਸ਼ਰਮਿੰਦਾ ਹੋਣ ਦੀ ਬਜਾਏ ਹੱਲ ਲੱਭੋ। ਇਹ ਕੋਈ ਵੱਡੀ ਬਿਮਾਰੀ ਨਹੀਂ,ਬਲਕਿ ਇਕ ਆਮ ਤਕਲੀਫ ਹੈ ਅਤੇ ਲੱਗਭੱਗ 95 ਫੀਸਦੀ ਲੋਕ ਆਪਣੇ ਜੀਵਨ ਕਾਲ ਵਿਚ ਕਦੀ ਨਾ ਕਦੀ ਇਸ ਵਿਚੋਂ ਲੰਘਦੇ ਹਨ। ਅਜਿਹੀ ਦਿੱਕਤ ਤੋਂ ਸ਼ਰਮਿੰਦਾ ਹੋਣ ਦੀ ਬਜਾਏ ਉਸਦੇ ਕਾਰਨਾਂ ਨੂੰ ਸਮਝੋ:

**ਖਾਣ ਪੀਣ**

ਲਸਣ, ਪਿਆਜ ਜ਼ਿਆਦਾ ਖਾ ਲਓ ਪਰ ਉਸਦੀ ਜ਼ਿੱਦੀ ਬਦਬੂ ਪਿੱਛਾ ਨਹੀਂ ਛੱਡਦੀ। ਦਰਅਸਲ ਇਸ ਦਾ ਕਾਰਨ ਹੈ ਪਾਚਨ ਕਿਰਿਆ। ਲਿਆ ਗਿਆ ਭੋਜਨ ਪਚਣ ਤੋਂ ਬਾਅਦ ਖੂਨ ਵਿਚ ਅਵਸ਼ੋਸ਼ਿਤ ਹੋ ਜਾਂਦਾ ਹੈ ਜੋ ਫੇਫੜਿਆਂ ਤੱਕ ਵੀ ਪਹੁੰਚਦਾ ਹੈ। ਪਿਆਜ, ਲਸਣ, ਅੰਡੇ, ਮੀਟ, ਮੱਛੀ, ਗੋਭੀ, ਮੂਲੀ ਵਰਗੇ ਤੇਜ ਗੰਧ ਵਾਲੇ ਪਦਾਰਥ ਖਾਣ ਨਾਲ ਇਹ ਬਦਬੂ ਫੇਫੜਿਆਂ ਤੋਂ ਹੁੰਦੇ ਹੋਏ ਮੂੰਹ ਤੱਕ ਵਾਪਸ ਆਉਂਦੀ ਹੈ। ਖਾਣਾ ਖਾਂਦੇ ਹੀ ਕੁਰਲੀ ਕਰਨ ਨਾਲ ਅਤੇ ਬੁਰਸ਼ ਕਰਨ ਨਾਲ ਥੋੜ੍ਹੀ ਦੇਰ ਦੀ ਰਾਹਤ ਮਿਲਦੀ ਹੈ ਪਰ ਇਹ ਬਦਬੂ ਪੂਰੀ ਤਰ੍ਹਾਂ ਉਦੋਂ ਤੱਕ ਖਤਮ ਨਹੀਂ ਹੁੰਦੀ, ਜਦੋਂ ਤੱਕ ਤੁਸੀਂ ਉਸ ਭੋਜਨ ਨੂੰ ਹਜ਼ਮ ਨਹੀਂ ਕਰ ਲੈਂਦੇ।



**ਡਾਈਟ–** ਵਜਨ ਘੱਟ ਕਰਨ ਦੇ ਲਈ ਕੀ ਤੁਸੀਂ ਕਾਰਬਜ਼ ਵਿਚ ਕਟੌਤੀ ਕਰ ਰਹੇ ਹੋ? ਜੇਕਰ ਹਾਂ ਤਾਂ ਜਾਣ ਲਓ ਕਿ ਕੀਟੋਸਿਸ ਦੀ ਗੁੰਜਾਇਸ਼ ਤੁਹਾਡੇ ਨਾਲ ਬਹੁਤ ਜ਼ਿਆਦਾ ਹੈ। ਕੀਟੋਸਿਸ ਵਿਚ ਸਰੀਰ ਜ਼ਰੂਰਤ ਤੋਂ ਜ਼ਿਆਦਾ ਫੈਟਸ, ਯਾਨਿ ਚਰਬੀ ਘਟਾਉਣ ਲੱਗਦਾ ਹੈ, ਕਿਉਂਕਿ ਇਸਨੂੰ ਕਾਰਬਜ਼ ਅਤੇ ਪ੍ਰੋਟੀਨ ਜ਼ਰੂਰੀ ਮਾਤਰਾ ਵਿਚ ਨਹੀਂ ਮਿਲਦਾ। ਅਤੇ ਜਦੋਂ ਸਰੀਰ ਚਰਬੀ ਘਟਾਉਂਦਾ ਹੈ ਤਾਂ ਮੂੰਹ ਤੋਂ ਬਦਬੂ ਆਉਂਦੀ ਹੈ। ਅਜਿਹਾ ਜ਼ਿਆਦਾ ਸਮੇਂ ਤੱਕ ਭੁੱਖੇ ਰਹਿਣ, ਸਵੇਰੇ ਦੇਰ ਤੱਕ ਨਾਸ਼ਤਾ ਨਾ ਕਰਨ ਜਾਂ ਵਰਤ ਕਰਨ ਨਾਲ ਵੀ ਹੁੰਦਾ ਹੈ।

**ਲਾਪਰਵਾਹੀ–** 90 ਪ੍ਰਤੀਸ਼ਤ ਲੋਕਾਂ ਦੇ ਮੂੰਹ ਤੋਂ ਬਦਬੂ ਦਾ ਆਉਣਾ ਲਾਪਰਵਾਹੀ ਦਾ ਨਤੀਜਾ ਹੈ। ਸਾਡਾ ਮੂੰਹ 200 ਕਿਸਮ ਦੇ ਕੀਟਾਣੂ ਅਤੇ ਜੀਵਾਣੂਆਂ ਦਾ ਘਰ ਹੈ। ਇਹ ਦੰਦ, ਜੀਭ ਅਤੇ ਮਸੂੜਿਆਂ ਤੇ ਜੰਮੇ ਰਹਿੰਦੇ ਹਨ। ਅਜਿਹੇ ਵਿਚ ਮੂੰਹ ਦੀ ਸਿਹਤ ਦਾ ਧਿਆਨ ਨਾ ਰੱਖਣਾ, ਦੋਵੇਂ ਵਕਤ ਸਹੀ ਤਰੀਕੇ ਨਾਲ ਮੰਜਨ ਨਾ ਕਰਨਾ, ਫਲਾਸ, ਜੀਭੀ ਦਾ ਇਸਤੇਮਾਲ ਨਾ ਕਰਨਾ ਇਹਨਾਂ ਦੀ ਪੈਦਾਇਸ਼ ਨੂੰ ਦੁੱਗਣਾ ਕਰ ਦਿੰਦਾ ਹੈ। ਇਸ ਲਾਪਰਵਾਹੀ ਕਾਰਨ ਦੰਦਾਂ ਦਾ ਸੜਨਾ-ਟੁੱਟਣਾ ਵੀ ਆਮ ਹੋ ਜਾਂਦਾ ਹੈ। ਦੰਦਾਂ ਵਿਚ ਵੱਧ ਰਹੀ ਕੈਵਿਟੀ, ਸਾਇਨਸ, ਗਲੇ ਦਾ ਇਨਫੈਕਸ਼ਨ ਵੀ ਮੂੰਹ ਦੀ ਬਦਬੂ ਦਾ ਕਾਰਨ ਬਣ ਸਕਦੇ ਹਨ।

**ਮੂੰਹ ਸੁੱਕਣਾ–** ਕੀ ਤੁਹਾਨੂੰ ਮੂੰਹ ਵਿਚ ਸੁੱਕਾਪਣ ਮਹਿਸੂਸ ਹੁੰਦਾ ਹੈ? ਅਜਿਹਾ ਔਸਤਨ ਉਹਨਾਂ ਲੋਕਾਂ ਦੇ ਨਾਲ ਹੁੰਦਾ ਹੈ, ਜੋ ਸਭਾਵਾਂ, ਪ੍ਰੈਜੈਨਟੇਸ਼ਨ ਜਾਂ ਭਾਸ਼ਣਾਂ ਵਿਚ ਜ਼ਿਆਦਾ ਬੋਲਦੇ ਹਨ। ਕਈ ਵਾਰ ਜ਼ਿਆਦਾ ਨਾ ਬੋਲਣ ਦੇ ਬਾਵਜੂਦ ਇਸ ਸਮੱਸਿਆ ਨਾਲ ਦੋ-ਚਾਰ ਹੋਣਾ ਪੈਂਦਾ ਹੈ। ਇਸਦਾ ਕਾਰਨ ਹੈ ਸਿਗਰਟਨੋਸ਼ੀ, ਸ਼ਰਾਬ, ਮੂੰਹ ਤੋਂ ਸਾਹ ਅਤੇ ਘੁਰਾੜੇ ਲੈਣਾ। ਇਹਨਾਂ ਕਾਰਨਾਂ ਦੇ ਕਰਕੇ ਮੂੰਹ ਵਿਚ ਲਾਰ ਦਾ ਬਣਨਾ ਘੱਟ ਹੋ ਜਾਂਦਾ ਹੈ, ਜਿਸ ਕਾਰਨ ਮੂੰਹ ਸੁੱਕਣ ਲੱਗਦਾ ਹੈ।

# 'ਜਿਮੀਕੰਦ' ਸਬਜ਼ੀ ਹੀ ਨਹੀਂ ਜੜੀ ਬੂਟੀ ਵੀ ਹੈ



ਜਿਮੀਕੰਦ ਇਕ ਬਹੁਤ ਆਮ ਜਿਹੀ ਸਬਜ਼ੀ ਹੈ ਜੋ ਜ਼ਮੀਨ ਦੇ ਹੇਠਾਂ ਉੱਗਦੀ ਹੈ। ਜਿਮੀਕੰਦ ਨੂੰ ਸੂਰਨ ਦੇ ਨਾਂ ਨਾਲ ਵੀ ਬੁਲਾਇਆ ਜਾਂਦਾ ਹੈ। ਜਿਮੀਕੰਦ ਇਕ ਸਬਜ਼ੀ ਨਹੀਂ ਸਗੋਂ ਇਕ ਜੜੀਬੂਟੀ ਵੀ ਹੈ ਜੋ ਕਿ ਸਾਰੀਆਂ ਨੂੰ ਸਿਹਤਮੰਦ ਅਤੇ ਨਿਰੋਗੀ ਰੱਖਣ 'ਚ ਮਦਦ ਕਰਦੀ ਹੈ। ਜਿਮੀਕੰਦ ਦੀ ਸਬਜ਼ੀ 'ਚ ਚੰਗੀ ਮਾਤਰਾ 'ਚ ਊਰਜਾ ਪਾਈ ਜਾਂਦੀ ਹੈ। ਇਸ 'ਚ ਖੂਬ ਸਾਰੀ ਮਾਤਰਾ 'ਚ ਫਾਈਬਰ, ਵਿਟਾਮਿਨ ਸੀ, ਵਿਟਾਮਿਨ ਬੀ6, ਵਿਟਾਮਿਨ ਬੀ1, ਫੋਲਿਕ ਐਸਿਡ ਅਤੇ ਨਿਯਾਸਿਨ ਹੁੰਦਾ ਹੈ। ਨਾਲ ਹੀ ਮਿਨਰਲ ਵਰਗੇ ਪੋਟਾਸ਼ੀਅਮ, ਆਇਰਨ, ਮੈਗਨੀਸ਼ੀਅਨ, ਕੈਲਸ਼ੀਅਮ ਅਤੇ ਫਾਸਫੋਰਸ ਪਾਏ ਜਾਂਦੇ ਹਨ।

**ਜਿਮੀਕੰਦ ਦੇ ਫਾਇਦੇ:-**

1. ਸਾਹ ਅਤੇ ਚਮੜੀ ਦੀ ਸਮੱਸਿਆ ਦੂਰ ਕਰੇ:- ਇਸ ਨੂੰ ਅਲਰ, ਅਲਸਰ, ਫੋੜੇ-ਫੁਨਸੀਆਂ ਜਾਂ ਹੋਰ ਚਮੜੀ ਦੇ ਰੋਗ 'ਤੇ ਲਗਾਇਆ ਜਾਂਦਾ ਹੈ।
2. ਵਿਟਾਮਿਨ ਬੀ6 ਦਾ ਚੰਗਾ ਸਰੋਤ:- ਸਰੀਰ 'ਚ ਚੰਗੀ ਮਾਤਰਾ 'ਚ ਬੀ6 ਹੋਣ ਨਾਲ ਦਿਲ ਦੀ ਬੀਮਾਰੀ ਨਹੀਂ ਹੁੰਦੀ। ਇਹ ਬਲੱਡ ਪ੍ਰੈਸ਼ਰ ਅਤੇ ਹਾਰਟ ਰੇਟ ਲਈ ਵੀ ਜ਼ਿੰਮੇਦਾਰ ਹੈ।
3. ਐਂਟੀਆਕਸੀਡੈਂਟ ਦਾ ਸਰੋਤ:- ਇਸ 'ਚ ਢੇਰ ਸਾਰਾ ਐਂਟੀਆਕਸੀਡੈਂਟ, ਵਿਟਾਮਿਨ ਸੀ ਅਤੇ ਬੀਨਾ ਕੈਰੋਟੀਨ ਪਾਇਆ ਜਾਂਦਾ ਹੈ ਜੋ ਕੈਂਸਰ ਪੈਦਾ ਕਰਨ ਵਾਲੇ ਫ੍ਰੀ ਰੈਡੀਕਲਸ ਨਾਲ ਲੜਣ 'ਚ ਸਹਾਇਕ ਹੁੰਦਾ ਹੈ। ਇਹ ਆਹਾਰ ਗਠੀਆ ਅਤੇ ਦਮੇ ਰੋਗੀਆਂ ਲਈ ਸਭ ਤੋਂ ਚੰਗਾ ਹੈ।
4. ਪਾਚਨ ਕਿਰਿਆ ਬਣਾਏ ਦੁਰੁਸਤ:- ਇਸ ਨੂੰ ਨਿਯਮਿਤ ਖਾਣ ਨਾਲ ਕਬਜ਼ ਅਤੇ ਖਰਾਬ ਕੋਲੇਸਟਰੋਲ ਦੀ ਸਮੱਸਿਆ ਦੂਰ ਹੋ ਜਾਂਦੀ ਹੈ। ਇਸ 'ਚ ਚੰਗੀ ਮਾਤਰਾ 'ਚ ਪੌਟਾਸ਼ੀਅਮ ਹੁੰਦਾ ਹੈ ਜਿਸ ਨਾਲ ਹੈਲਦੀ ਡਾਈਜੇਸ਼ਨ ਹੁੰਦਾ ਹੈ।
5. ਦਿਮਾਗ ਤੇਜ਼ ਬਣਾਏ:- ਜਿਮੀਕੰਦ ਖਾਣ ਨਾਲ ਯਾਦ ਸ਼ਕਤੀ ਵੱਧਦੀ ਹੈ ਅਤੇ ਦਿਮਾਗ ਤੇਜ਼ ਹੁੰਦਾ ਹੈ। ਨਾਲ ਹੀ ਅਲਜ਼ਾਈਮਰ ਰੋਗ ਨੂੰ ਹੋਣ ਤੋਂ ਬਚਾਉਂਦਾ ਹੈ। ਲਾਲ ਖੂਨ ਕੋਸ਼ਿਕਾ ਵਧਾਏ: ਇਸ 'ਚ ਕਾਪਰ ਪਾਇਆ ਜਾਂਦਾ ਹੈ ਜੋ ਲਾਲ ਖੂਨ ਕੋਸ਼ਿਕਾਵਾਂ ਨੂੰ ਵਧਾ ਕੇ ਸਰੀਰ 'ਚ ਬਲੱਡ ਫਲੋ ਨੂੰ ਠੀਕ ਕਰਦਾ ਹੈ। ਆਇਰਨ ਬਲੱਡ ਸਰਕੁਲੇਸ਼ਨ ਨੂੰ ਠੀਕ ਕਰਦਾ ਹੈ।

# ਸਿਹਤ ਲਈ ਵਰਦਾਨ ਹੈ ਤਾਂਬੇ ਦੇ ਭਾਂਡੇ 'ਚ ਰੱਖਿਆ ਪਾਣੀ

ਕੀ ਤੁਸੀਂ ਜਾਣਦੇ ਹੋ ਕਿ ਜੇਕਰ ਤੁਸੀਂ ਰਾਤ ਨੂੰ ਸੌਣ ਤੋਂ ਪਹਿਲਾਂ ਤਾਂਬੇ ਦੇ ਭਾਂਡੇ 'ਚ ਪਾਣੀ ਭਰ ਕੇ ਸਵੇਰੇ ਖਾਲੀ ਪੇਟ ਇਸ ਪਾਣੀ (Morinng Dirnk) ਨੂੰ ਪੀਂਦੇ ਹੋ ਤਾਂ ਇਸ ਨਾਲ ਕਿਸ ਤਰ੍ਹਾਂ ਦੇ ਸਿਹਤ ਲਾਭ (Copper Water Beneifts) ਹੋ ਸਕਦੇ ਹਨ? ਜੇ ਨਹੀਂ, ਤਾਂ ਇਹ ਲੇਖ ਸਿਰਫ਼ ਤੁਹਾਡੇ ਲਈ ਹੈ। ਅਸਲ ਵਿੱਚ, ਜਦੋਂ ਤਾਂਬੇ ਦੇ ਸੰਪਰਕ ਵਿੱਚ ਰਹਿਣ 'ਤੇ ਪਾਣੀ ਵਿੱਚ ਕੁਝ ਕਣ ਘੁਲ ਜਾਂਦੇ ਹਨ ਜੋ ਤੁਹਾਡੇ ਸਰੀਰ ਨੂੰ ਕਈ ਤਰੀਕਿਆਂ ਨਾਲ ਲਾਭ ਪਹੁੰਚਾ ਸਕਦੇ ਹਨ। ਆਓ ਪਤਾ ਕਰੀਏ।



ਤਾਂਬੇ ਦੇ ਭਾਂਡੇ 'ਚ ਰੱਖਿਆ ਪਾਣੀ ਪੀਣ ਨਾਲ ਕੋਲੈਸਟ੍ਰਾਲ ਅਤੇ ਟ੍ਰਾਈਗਲਿਸਰਾਈਡ ਦੇ ਪੱਧਰ ਨੂੰ ਘੱਟ ਕੀਤਾ ਜਾ ਸਕਦਾ ਹੈ, ਜਿਸ ਨਾਲ ਸਰੀਰ 'ਚ ਖੂਨ ਦਾ ਪ੍ਰਵਾਹ ਠੀਕ ਰਹਿੰਦਾ ਹੈ ਅਤੇ ਹਾਈ ਬਲੱਡ ਪ੍ਰੈਸ਼ਰ ਦੀ ਸਮੱਸਿਆ ਵੀ ਦੂਰ ਹੁੰਦੀ ਹੈ। ਅਜਿਹੀ ਸਥਿਤੀ ਵਿੱਚ, ਜੇ ਤੁਸੀਂ ਵੀ ਹਾਈਪਰਟੈਨਸ਼ਨ ਜਾਂ ਹਾਈ ਬਲੱਡ ਪ੍ਰੈਸ਼ਰ ਵਰਗੀਆਂ ਸਮੱਸਿਆਵਾਂ ਤੋਂ ਪਰੇਸ਼ਾਨ ਹੋ ਤਾਂ ਤੁਸੀਂ ਇਸਨੂੰ ਰੋਜ਼ਾਨਾ ਆਪਣੀ ਸਵੇਰ ਦੀ ਰੁਟੀਨ ਦਾ ਹਿੱਸਾ ਬਣਾ ਸਕਦੇ ਹੋ।

**ਬੁਢਾਪੇ ਦੀ ਪ੍ਰਕਿਰਿਆ ਨੂੰ ਹੌਲੀ ਕਰਦਾ ਹੈ**

ਵਧਦੀ ਉਮਰ ਦੇ ਨਾਲ, ਸਰੀਰ ਵਿੱਚ ਈਲਾਸਟਿਨ ਅਤੇ ਕੋਲੇਜਨ ਦਾ ਉਤਪਾਦਨ ਘੱਟ ਹੋਣ ਲੱਗਦਾ ਹੈ, ਜਿਸ ਕਾਰਨ ਚਮੜੀ 'ਤੇ ਝੁਰੜੀਆਂ ਅਤੇ ਫਾਈਨ ਲਾਈਨਾਂ ਦਿਖਾਈ ਦੇਣ ਲੱਗਦੀਆਂ ਹਨ। ਅਜਿਹੀ ਸਥਿਤੀ ਵਿੱਚ, ਜੇਕਰ ਤੁਸੀਂ ਵੀ ਉਮਰ ਦੀ ਪ੍ਰਕਿਰਿਆ ਨੂੰ ਹੌਲੀ ਕਰਨਾ ਚਾਹੁੰਦੇ ਹੋ ਅਤੇ ਆਪਣੀ ਚਮੜੀ ਨੂੰ ਉਮਰ ਦੇ ਨਾਲ ਚਮਕਦਾਰ ਅਤੇ ਜਵਾਨ ਰੱਖਣਾ ਚਾਹੁੰਦੇ ਹੋ, ਤਾਂ ਤੁਸੀਂ ਇਸ ਪਾਣੀ ਨੂੰ ਆਪਣੀ ਰੋਜ਼ਾਨਾ ਰੁਟੀਨ ਵਿੱਚ ਸ਼ਾਮਲ ਕਰ ਸਕਦੇ ਹੋ।

**ਭਾਰ ਘਟਾਉਣ 'ਚ ਮਦਦਗਾਰ**

ਰੁਝੇਵਿਆਂ ਭਰੀ ਜੀਵਨ ਸ਼ੈਲੀ 'ਚ ਲੋਕ ਅਕਸਰ ਗੈਰ-ਸਿਹਤਮੰਦ ਖਾਣ-ਪੀਣ ਦੀਆਂ ਆਦਤਾਂ ਨੂੰ ਅਪਣਾਉਣ ਲੱਗਦੇ ਹਨ, ਜਿਸ ਕਾਰਨ ਭਾਰ ਤੇਜ਼ੀ ਨਾਲ ਵਧਦਾ ਹੈ। ਜੇਕਰ ਤੁਸੀਂ ਵੀ ਇਸ ਨਾਲ ਜੂਝ ਰਹੇ ਹੋ ਤਾਂ ਤੁਸੀਂ ਆਪਣੀ ਸਵੇਰ ਦੀ ਰੁਟੀਨ 'ਚ ਤਾਂਬੇ ਦੇ ਭਾਂਡੇ 'ਚ ਰੱਖੇ ਪਾਣੀ ਨੂੰ ਸ਼ਾਮਲ ਕਰ ਸਕਦੇ ਹੋ। ਤੁਹਾਨੂੰ ਦੱਸ ਦਈਏ ਕਿ ਤਾਂਬੇ ਦੇ ਸੰਪਰਕ 'ਚ ਆਉਣ ਨਾਲ ਕੁਝ ਤੱਤ ਪਾਣੀ 'ਚ ਘੁਲ ਜਾਂਦੇ ਹਨ ਜੋ ਸਾਡੇ ਸਰੀਰ ਦੀ ਮੈਟਾਬੋਲਿਕ ਦਰ ਨੂੰ ਵਧਾਉਣ 'ਚ ਮਦਦ ਕਰਦੇ ਹਨ। ਇਸ ਤੋਂ ਇਲਾਵਾ ਤਾਂਬੇ ਦਾ ਪਾਣੀ ਪਾਚਨ ਕਿਰਿਆ ਨੂੰ ਵੀ ਠੀਕ ਕਰਦਾ ਹੈ, ਜਿਸ ਨਾਲ ਸਰੀਰ 'ਚ ਜਮ੍ਹਾ ਚਰਬੀ ਆਸਾਨੀ ਨਾਲ ਬਰਨ ਹੋਣ ਲੱਗਦੀ ਹੈ।

**ਇਮਿਊਨਿਟੀ ਵਧਾਉਣ 'ਚ ਅਸਰਦਾਰ**

ਜੇਕਰ ਤੁਸੀਂ ਵਾਰ-ਵਾਰ ਬਿਮਾਰ ਹੁੰਦੇ ਰਹਿੰਦੇ ਹੋ ਤਾਂ ਤਾਂਬੇ ਦੇ ਭਾਂਡੇ 'ਚ ਰੱਖਿਆ ਪਾਣੀ ਤੁਹਾਡੇ ਲਈ ਫ਼ਾਇਦੇਮੰਦ ਹੋ ਸਕਦਾ ਹੈ। ਹਾਂ, ਇਹ ਸਰੀਰ ਦੀ ਪ੍ਰਤੀਰੋਧਕ ਸ਼ਕਤੀ ਨੂੰ ਵਧਾਉਂਦਾ ਹੈ, ਜਿਸ ਨਾਲ ਬਿਮਾਰ ਹੋਣ ਦੀ ਬਾਰੰਬਾਰਤਾ ਘੱਟ ਜਾਂਦੀ ਹੈ।

**ਜੋੜਾਂ ਦੇ ਦਰਦ ਤੋਂ ਰਾਹਤ**

ਤਾਂਬੇ ਦੇ ਭਾਂਡੇ ਵਿੱਚ ਰੱਖਿਆ ਪਾਣੀ ਵੀ ਜੋੜਾਂ ਦੇ ਦਰਦ ਤੋਂ ਰਾਹਤ ਦਿਵਾਉਣ ਵਿੱਚ ਬਹੁਤ ਮਦਦਗਾਰ ਸਾਬਤ ਹੋ ਸਕਦਾ ਹੈ। ਦਰਅਸਲ, ਇਹ ਐਂਟੀ-ਇੰਫਲੇਮੇਟਰੀ ਗੁਣਾਂ ਨਾਲ ਭਰਪੂਰ ਹੁੰਦਾ ਹੈ ਜਿਸ ਕਾਰਨ ਗਠੀਆ ਅਤੇ ਗਠੀਏ ਤੋਂ ਪੀੜਤ ਲੋਕਾਂ ਨੂੰ ਫ਼ਾਇਦਾ ਹੋ ਸਕਦਾ ਹੈ।

# ਸਧਾਰਨ ਨੌਜਵਾਨ ਤੋਂ ਰਤਨ ਟਾਟਾ ਹੋਣ ਤੱਕ ਦਾ ਸਫ਼ਰ

ਭਾਰਤ ਦੇ ਮਸ਼ਹੂਰ ਉਦਯੋਗਪਤੀ ਰਤਨ ਟਾਟਾ ਦਾ ਬੁੱਧਵਾਰ ਰਾਤ ਮੁੰਬਈ ਦੇ ਇੱਕ ਹਸਪਤਾਲ ਵਿੱਚ ਦੇਹਾਂਤ ਹੋ ਗਿਆ। ਟਾਟਾ ਸਮੂਹ ਨੇ ਇਸ ਸਬੰਧੀ ਸੋਸ਼ਲ ਮੀਡੀਆ 'ਤੇ ਪੁਸ਼ਟੀ ਕਰਦਿਆਂ ਇੱਕ ਪੋਸਟ ਵੀ ਸਾਂਝੀ ਕੀਤੀ ਹੈ। ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਸਮੇਤ ਦੇਸ਼ ਦੇ ਕਈ ਦਿੱਗਜਾਂ ਨੇ ਉਨ੍ਹਾਂ ਦੇ ਦੇਹਾਂਤ 'ਤੇ ਦੁੱਖ ਪ੍ਰਗਟ ਕੀਤਾ ਹੈ। 1992 'ਚ ਇੰਡੀਅਨ ਏਅਰਲਾਈਨਜ਼ ਦੇ ਕਰਮਚਾਰੀਆਂ ਵਿਚਾਲੇ ਇੱਕ ਵਿਲੱਖਣ ਸਰਵੇਖਣ ਕਰਵਾਇਆ ਗਿਆ। ਉਨ੍ਹਾਂ ਤੋਂ ਪੁੱਛਿਆ ਗਿਆ ਕਿ ਦਿੱਲੀ ਤੋਂ ਮੁੰਬਈ ਦੀ ਉਡਾਣ ਦੌਰਾਨ ਅਜਿਹਾ ਕਿਹੜਾ ਯਾਤਰੀ ਹੈ, ਜਿਸ ਨੇ ਕਿ ਤੁਹਾਨੂੰ ਸਭ ਤੋਂ ਵੱਧ ਪ੍ਰਭਾਵਿਤ ਕੀਤਾ ਹੈ?

ਸਭ ਤੋਂ ਵੱਧ ਵੋਟਾਂ ਰਤਨ ਟਾਟਾ ਦੇ ਹਿੱਸੇ ਆਈਆਂ। ਜਦੋਂ ਇਸ ਦਾ ਕਾਰਨ ਜਾਣਨ ਦੀ ਕੋਸ਼ਿਸ਼ ਕੀਤੀ ਗਈ ਤਾਂ ਪਤਾ ਲੱਗਿਆ ਕਿ ਉਹ ਇਕੱਲੇ ਅਜਿਹੇ ਵੀ।ਆਈ।ਪੀ। ਸਨ ਜੋ ਕਿ ਬਿਨਾਂ ਕਿਸੇ ਤਾਮ-ਝਾਮ ਦੇ ਇਕੱਲੇ ਹੀ ਚੱਲਦੇ ਸਨ। ਉਨ੍ਹਾਂ ਦੇ ਨਾਲ ਉਨ੍ਹਾਂ ਦਾ ਬੈਗ ਅਤੇ ਫਾਈਲਾਂ ਚੁੱਕਣ ਲਈ ਕੋਈ ਵੀ ਸਹਾਇਕ ਨਹੀਂ ਹੁੰਦਾ ਸੀ। ਜਹਾਜ਼ ਦੇ ਉਡਾਣ ਭਰਦੇ ਹੀ ਉਹ ਚੁੱਪਚਾਪ ਆਪਣਾ ਕੰਮ ਕਰਨਾ ਸ਼ੁਰੂ ਕਰ ਦਿੰਦੇ ਸਨ। ਉਨ੍ਹਾਂ ਦੀ ਇੱਕ ਆਦਤ ਸੀ ਕਿ ਉਹ ਬਹੁਤ ਘੱਟ ਚੀਨੀ ਵਾਲੀ ਬਲੈਕ ਕੌਫੀ ਮੰਗਦੇ ਸਨ। ਉਨ੍ਹਾਂ ਨੇ ਕਦੇ ਵੀ ਆਪਣੀ ਪਸੰਦ ਦੀ ਕੌਫੀ ਨਾ ਮਿਲਣ 'ਤੇ ਫਲਾਈਟ ਅਟੈਂਡੈਂਟ ਨੂੰ ਝਿੜਕਿਆ ਨਹੀਂ ਸੀ। ਰਤਨ ਟਾਟਾ ਦੀ ਸਾਦਗੀ ਦੇ ਕਈ ਕਿੱਸੇ ਮਸ਼ਹੂਰ ਹਨ।


ਗਿਰੀਸ਼ ਕੁਬੇਰ ਟਾਟਾ ਸਮੂਹ 'ਤੇ ਮਸ਼ਹੂਰ ਕਿਤਾਬ 'ਦ ਟਾਟਾਜ਼ ਹਾਓ ਅ ਫੈਮਿਲੀ ਬਿਲਟ ਅ ਬਿਜ਼ਨਸ ਐਂਡ ਅ ਨੇਸ਼ਨ' 'ਚ ਲਿਖਦੇ ਹਨ, "ਜਦੋਂ ਉਹ ਟਾਟਾ ਸੰਨਜ਼ ਦੇ ਮੁਖੀ ਬਣੇ ਤਾਂ ਉਹ ਜੇਆਰਡੀ ਦੇ ਕਮਰੇ 'ਚ ਨਹੀਂ ਬੈਠੇ। ਉਨ੍ਹਾਂ ਨੇ ਆਪਣੇ ਬੈਠਣ ਲਈ ਇੱਕ ਸਾਧਾਰਨ ਜਿਹਾ ਕਮਰਾ ਤਿਆਰ ਕਰਵਾਇਆ। ਜਦੋਂ ਕਦੇ ਉਹ ਕਿਸੇ ਜੂਨੀਅਰ ਅਫ਼ਸਰ ਨਾਲ ਗੱਲਬਾਤ ਕਰ ਰਹੇ ਹੁੰਦੇ ਸੀ ਅਤੇ ਉਸੇ ਸਮੇਂ ਕੋਈ ਸੀਨੀਅਰ ਅਧਿਕਾਰੀ ਆ ਜਾਂਦਾ ਤਾਂ ਉਹ ਉਨ੍ਹਾਂ ਨੂੰ ਇੰਤਜ਼ਾਰ ਕਰਨ ਲਈ ਕਹਿੰਦੇ ਸਨ।" "ਉਨ੍ਹਾਂ ਕੋਲ 'ਟੀਟੋ' ਅਤੇ 'ਟੈਂਗੋ' ਨਾਮ ਦੇ ਦੋ ਜਰਮਨ ਸ਼ੈਫਰਡ ਕੁੱਤੇ ਸਨ, ਜੋ ਕਿ ਉਨ੍ਹਾਂ ਨੂੰ ਬਹੁਤ ਜ਼ਿਆਦਾ ਪਿਆਰੇ ਸਨ। ਉਨ੍ਹਾਂ ਨੂੰ ਕੁੱਤਿਆਂ ਨਾਲ ਪਿਆਰ ਇਸ ਹੱਦ ਤੱਕ ਸੀ ਕਿ ਜਦੋਂ ਵੀ ਉਹ ਆਪਣੇ ਦਫ਼ਤਰ ਬੰਬੇ ਹਾਊਸ ਪਹੁੰਚਦੇ ਸਨ ਤਾਂ ਸੜਕ ਦੇ ਆਵਾਰਾ ਕੁੱਤੇ ਉਨ੍ਹਾਂ ਨੂੰ ਘੇਰ ਲੈਂਦੇ ਅਤੇ ਉਨ੍ਹਾਂ ਦੇ ਨਾਲ ਲਿਫਟ ਤੱਕ ਜਾਂਦੇ ਸਨ। ਇਨ੍ਹਾਂ ਕੁੱਤਿਆਂ ਨੂੰ ਅਕਸਰ ਹੀ ਬੰਬੇ ਹਾਊਸ ਦੀ ਲਾਬੀ 'ਚ ਘੁੰਮਦਿਆਂ ਵੇਖਿਆ ਜਾਂਦਾ ਸੀ ਜਦਕਿ ਇਨਸਾਨਾਂ ਨੂੰ ਉੱਥੇ ਤਾਂ ਹੀ ਦਾਖਲ ਹੋਣ ਦੀ ਇਜਾਜ਼ਤ ਦਿੱਤੀ ਜਾਂਦੀ ਸੀ, ਜੇਕਰ ਉਹ ਸਟਾਫ ਦੇ ਮੈਂਬਰ ਹੋਣ ਜਾਂ ਉਨ੍ਹਾਂ ਦੇ ਕੋਲ ਮਿਲਣ ਦੀ ਪਹਿਲਾਂ ਤੋਂ ਹੀ ਇਜਾਜ਼ਤ ਹੁੰਦੀ ਸੀ।"

### ਕੁੱਤੇ ਦੀ ਬਿਮਾਰੀ

ਜਦੋਂ ਰਤਨ ਟਾਟਾ ਦੇ ਸਾਬਕਾ ਸਹਾਇਕ ਆਰ ਵੈਂਕਟਰਮਨਨ ਤੋਂ ਉਨ੍ਹਾਂ ਦੀ ਆਪਣੇ ਬੌਸ ਨਾਲ ਨਜ਼ਦੀਕੀ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਨੇ ਜਵਾਬ ਦਿੱਤਾ, "ਮਿਸਟਰ ਟਾਟਾ ਨੂੰ ਬਹੁਤ ਹੀ ਘੱਟ ਲੋਕ ਨੇੜਿਓਂ ਜਾਣਦੇ ਹਨ। ਹਾਂ, ਦੋ ਲੋਕ ਜ਼ਰੂਰ ਹਨ ਜੋ ਕਿ ਉਨ੍ਹਾਂ ਨੂੰ ਕਰੀਬ ਤੋਂ ਜਾਣਦੇ ਹਨ। 'ਟੀਟੋ' ਅਤੇ 'ਟੈਂਗੋ', ਉਨ੍ਹਾਂ ਦੇ ਜਰਮਨ ਸ਼ੈਫਰਡ ਕੁੱਤੇ। ਇਨ੍ਹਾਂ ਦੋਵਾਂ ਤੋਂ ਇਲਾਵਾ ਕੋਈ ਹੋਰ ਤੀਜਾ ਉਨ੍ਹਾਂ ਦੇ ਆਸ-ਪਾਸ ਵੀ ਨਹੀਂ ਫਟਕ ਸਕਦਾ ਸੀ।" ਮਸ਼ਹੂਰ ਕਾਰੋਬਾਰੀ ਅਤੇ ਲੇਖਕ ਸੁਹੇਲ ਸੇਠ ਵੀ ਇੱਕ ਕਿੱਸਾ ਸੁਣਾਦੇ ਹਨ ਕਿ "6 ਫਰਵਰੀ, 2018 ਨੂੰ ਬ੍ਰਿਟੇਨ ਦੇ ਪ੍ਰਿੰਸ ਚਾਰਲਸ ਨੇ ਬਕਿੰਘਮ ਪੈਲੇਸ ਵਿੱਚ ਰਤਨ ਟਾਟਾ ਨੂੰ ਪਰੋਪਕਾਰ ਦੇ ਲਈ 'ਰੌਕਫੇਲਰ ਫਾਊਂਡੇਸ਼ਨ ਲਾਈਫਟਾਈਮ ਅਚੀਵਮੈਂਟ' ਪੁਰਸਕਾਰ ਨਾਲ ਸਨਮਾਨਿਤ ਕਰਨਾ ਸੀ।" "ਪਰ ਸਮਾਗਮ ਤੋਂ ਕੁਝ ਘੰਟੇ ਪਹਿਲਾਂ ਰਤਨ ਟਾਟਾ ਨੇ ਪ੍ਰਬੰਧਕਾਂ ਨੂੰ ਸੂਚਿਤ ਕੀਤਾ ਕਿ ਉਹ ਉੱਥੇ ਨਹੀਂ ਆ ਸਕਦੇ ਹਨ ਕਿਉਂਕਿ ਉਨ੍ਹਾਂ ਦਾ ਕੁੱਤਾ ਟੀਟੋ ਅਚਾਨਕ ਬਿਮਾਰ ਹੋ ਗਿਆ ਹੈ। ਜਦੋਂ ਚਾਰਲਸ ਨੂੰ ਇਹ ਕਹਾਣੀ ਦੱਸੀ ਗਈ ਤਾਂ ਉਨ੍ਹਾਂ ਨੇ ਕਿਹਾ ਕਿ ਇਹ ਅਸਲੀ ਮਰਦ ਦੀ ਪਛਾਣ ਹੈ।"

### ਦਿਖਾਵੇ ਤੋਂ ਦੂਰੀ ਬਣਾਉਣ ਵਾਲੀ ਸ਼ਖ਼ਸੀਅਤ

ਜੇਆਰਡੀ ਦੀ ਤਰ੍ਹਾਂ ਹੀ ਰਤਨ ਟਾਟਾ ਨੂੰ ਵੀ ਉਨ੍ਹਾਂ ਦੇ ਸਮੇਂ ਦੀ ਪਾਬੰਦੀ ਕਰ ਕੇ ਜਾਣਿਆ ਜਾਂਦਾ ਸੀ। ਉਹ ਠੀਕ 6:30 ਵਜੇ ਆਪਣੇ ਦਫ਼ਤਰ ਤੋਂ ਨਿਕਲ ਜਾਂਦੇ ਸਨ। ਜੇਕਰ ਕੋਈ ਦਫ਼ਤਰ ਨਾਲ ਸਬੰਧਤ ਕੰਮ ਦੇ ਲਈ ਉਨ੍ਹਾਂ ਨੂੰ ਘਰ 'ਚ ਸੰਪਰਕ ਕਰਦਾ ਤਾਂ ਉਹ ਅਕਸਰ ਹੀ ਗੁੱਸੇ ਹੋ ਜਾਂਦੇ ਸਨ। ਉਹ ਘਰ ਦੇ ਇਕਾਂਤ 'ਚ ਫਾਈਲਾਂ ਅਤੇ ਦੂਜੇ ਕਾਗਜ਼ ਪੜ੍ਹਦੇ ਸਨ। ਜੇਕਰ ਉਹ ਮੁੰਬਈ 'ਚ ਹੁੰਦੇ ਸੀ ਤਾਂ ਉਹ ਆਪਣਾ ਵੀਕਐਂਡ ਅਲੀਬਾਗ ਦੇ ਆਪਣੇ ਫਾਰਮ ਹਾਊਸ 'ਚ ਬਿਤਾਉਂਦੇ ਸਨ। ਉਸ ਦੌਰਾਨ ਉਨ੍ਹਾਂ ਦੇ ਨਾਲ ਕੋਈ ਨਹੀਂ ਹੁੰਦਾ ਸੀ, ਸਿਵਾਏ ਉਨ੍ਹਾਂ ਦੇ ਕੁੱਤਿਆਂ ਦੇ। ਉਨ੍ਹਾਂ ਨੂੰ ਨਾ ਹੀ ਘੁੰਮਣ-ਫਿਰਨ ਦਾ ਸ਼ੌਕ ਸੀ ਅਤੇ ਨਾ ਹੀ ਭਾਸ਼ਣ ਦੇਣ ਦਾ। ਉਨ੍ਹਾਂ ਨੂੰ ਲੋਕ ਦਿਖਾਵੇ ਤੋਂ ਬਹੁਤ ਚਿੜ ਸੀ। ਬਚਪਨ 'ਚ ਜਦੋਂ ਪਰਿਵਾਰ ਦੀ ਰੋਲਸ-ਰੋਇਸ ਕਾਰ ਉਨ੍ਹਾਂ ਨੂੰ ਸਕੂਲ ਛੱਡਦੀ ਸੀ ਤਾਂ ਉਸ ਸਮੇਂ ਵੀ ਉਹ ਬਹੁਤ ਅਸਹਿਜ ਮਹਿਸੂਸ ਕਰਦੇ ਸਨ। ਰਤਨ ਟਾਟਾ ਨੂੰ ਨੇੜਿਓਂ ਜਾਣਨ ਵਾਲੇ ਲੋਕਾਂ ਦਾ ਕਹਿਣਾ ਹੈ ਕਿ ਜ਼ਿੱਦੀ ਸੁਭਾਅ ਰਤਨ ਦੀ ਖ਼ਾਨਦਾਨੀ ਵਿਸ਼ੇਸ਼ਤਾ ਸੀ, ਜੋ ਕਿ ਉਨ੍ਹਾਂ ਨੂੰ ਜੇਆਰਡੀ ਅਤੇ ਆਪਣੇ ਪਿਤਾ ਨੇਵਲ ਟਾਟਾ ਤੋਂ ਮਿਲੀ ਸੀ।



ਸੁਹੇਲ ਸੇਠ ਕਹਿੰਦੇ ਹਨ, "ਜੇਕਰ ਤੁਸੀਂ ਉਨ੍ਹਾਂ ਦੇ ਸਿਰ 'ਤੇ ਬੰਦੂਕ ਵੀ ਰੱਖ ਦਿਓ, ਫਿਰ ਵੀ ਉਹ ਕਹਿਣਗੇ ਕਿ ਮੈਨੂੰ ਗੋਲੀ ਮਾਰ ਦਿਓ ਪਰ ਮੈਂ ਰਸਤੇ ਤੋਂ ਨਹੀਂ ਹਟਾਂਗਾ।" ਬਾਂਬੇ ਡਾਇੰਗ ਦੇ ਮੁਖੀ ਨੁਸਲੀ ਵਾਡੀਆ ਆਪਣੇ ਪੁਰਾਣੇ ਦੋਸਤ ਬਾਰੇ ਕਹਿੰਦੇ ਹਨ, "ਰਤਨ ਟਾਟਾ ਇੱਕ ਬਹੁਤ ਹੀ ਗੁੰਝਲਦਾਰ ਕਿਰਦਾਰ ਹੈ। ਮੈਨੂੰ ਨਹੀਂ ਲੱਗਦਾ ਕਿ ਕਦੇ ਕਿਸੇ ਨੇ ਉਨ੍ਹਾਂ ਨੂੰ ਪੂਰੀ ਤਰ੍ਹਾਂ ਨਾਲ ਜਾਣਿਆ ਹੋਵੇਗਾ। ਉਹ ਬਹੁਤ ਹੀ ਡੂੰਘਾਈ ਵਾਲੀ ਸ਼ਖ਼ਸੀਅਤ ਸਨ। ਕਰੀਬੀ ਹੋਣ ਦੇ ਬਾਵਜੂਦ ਮੇਰੇ ਅਤੇ ਰਤਨ ਦਰਮਿਆਨ ਕਦੇ ਵੀ ਨਿੱਜੀ ਸਬੰਧ ਕਾਇਮ ਨਹੀਂ ਹੋਏ। ਉਹ ਬਿਲਕੁੱਲ ਇੱਕਲੇ ਰਹਿਣ ਵਾਲੇ ਵਿਅਕਤੀ ਹਨ।" ਕੂਮੀ ਕਪੂਰ ਆਪਣੀ ਕਿਤਾਬ 'ਐਨ ਇੰਟੀਮੇਟ ਹਿਸਟਰੀ ਆਫ਼ ਪਾਰਸਿਸ' 'ਚ ਲਿਖਦੇ ਹਨ, "ਰਤਨ ਨੇ ਖੁਦ ਮੇਰੇ ਅੱਗੇ ਮੰਨਿਆ ਸੀ ਕਿ ਉਹ ਆਪਣੀ ਨਿੱਜਤਾ ਨੂੰ ਬਹੁਤ ਮਹੱਤਵ ਦਿੰਦੇ ਹਨ। ਉਹ ਕਹਿੰਦੇ ਸਨ ਕਿ ਸ਼ਾਇਦ ਮੈਂ ਜ਼ਿਆਦਾ ਮਿਲਣਸਾਰ ਨਹੀਂ ਹਾਂ, ਪਰ ਅਸਮਾਜਿਕ ਵੀ ਨਹੀਂ ਹਾਂ।"

### ਰਤਨ ਦੀ ਦਾਦੀ ਨਵਾਜ਼ਬਾਈ ਟਾਟਾ ਨੇ ਕੀਤਾ ਪਾਲਣ-ਪੋਸ਼ਣ

ਟਾਟਾ ਦੀ ਜਵਾਨੀ ਦੇ ਉਨ੍ਹਾਂ ਦੇ ਇੱਕ ਮਿੱਤਰ ਯਾਦ ਕਰਦੇ ਹੋਏ ਦੱਸਦੇ ਹਨ ਕਿ ਟਾਟਾ ਗਰੁੱਪ 'ਚ ਆਪਣੇ ਸ਼ੁਰੂਆਤੀ ਦਿਨਾਂ 'ਚ ਰਤਨ ਨੂੰ ਆਪਣਾ ਉਪਨਾਮ (ਸਰਨੇਮ) ਬੋਝ ਲੱਗਦਾ ਸੀ। ਅਮਰੀਕਾ 'ਚ ਪੜ੍ਹਾਈ ਦੌਰਾਨ ਉਹ ਬੇਫਿਕਰ ਰਹਿੰਦੇ ਸਨ ਕਿਉਂਕਿ ਉਨ੍ਹਾਂ ਦੇ ਸਹਿਪਾਠੀਆਂ ਨੂੰ ਉਨ੍ਹਾਂ ਦੇ ਪਰਿਵਾਰਕ ਪਿਛੋਕੜ ਬਾਰੇ ਕੁਝ ਵੀ ਪਤਾ ਨਹੀਂ ਸੀ। ਰਤਨ ਟਾਟਾ ਨੇ ਕੂਮੀ ਕਪੂਰ ਨੂੰ ਦਿੱਤੇ ਇੱਕ ਇੰਟਰਵਿਊ 'ਚ ਮੰਨਿਆ ਸੀ ਕਿ "ਉਨ੍ਹਾਂ ਦਿਨਾਂ 'ਚ ਰਿਜ਼ਰਵ ਬੈਂਕ ਵਿਦੇਸ਼ਾਂ 'ਚ ਪੜ੍ਹਾਈ ਕਰਨ ਲਈ ਬਹੁਤ ਹੀ ਘੱਟ ਵਿਦੇਸ਼ੀ ਮੁਦਰਾ ਦੀ ਵਰਤੋਂ ਕਰਨ ਦੀ ਇਜਾਜ਼ਤ ਦਿੰਦਾ ਸੀ। ਮੇਰੇ ਪਿਤਾ ਜੀ ਕਾਨੂੰਨ ਤੋੜਨ ਦੇ ਹੱਕ 'ਚ ਨਹੀਂ ਸਨ, ਇਸ ਲਈ ਉਹ ਮੇਰੇ ਲਈ ਬਲੈਕ 'ਚ ਡਾਲਰ ਨਹੀਂ ਖਰੀਦਦੇ ਸਨ। ਇਸ ਲਈ ਅਕਸਰ ਅਜਿਹਾ ਹੁੰਦਾ ਸੀ ਕਿ ਮਹੀਨਾ ਖ਼ਤਮ ਹੋਣ ਤੋਂ ਪਹਿਲਾਂ ਹੀ ਮੇਰੇ ਸਾਰੇ ਪੈਸੇ ਖ਼ਤਮ ਹੋ ਜਾਂਦੇ ਸਨ। ਕਈ ਵਾਰ ਤਾਂ ਮੈਨੂੰ ਆਪਣੇ ਦੋਸਤਾਂ ਤੋਂ ਪੈਸੇ ਉਧਾਰ ਵੀ ਚੁੱਕਣੇ ਪੈਂਦੇ ਸਨ। ਕਈ ਵਾਰ ਤਾਂ ਕੁਝ ਵਾਧੂ ਪੈਸੇ ਕਮਾਉਣ ਲਈ ਮੈਂ ਭਾਂਡੇ ਤੱਕ ਸਾਫ ਕੀਤੇ ਹਨ।"

ਰਤਨ ਸਿਰਫ 10 ਸਾਲ ਦੇ ਸਨ, ਜਦੋਂ ਉਨ੍ਹਾਂ ਦੇ ਮਾਤਾ-ਪਿਤਾ ਦਾ ਤਲਾਕ ਹੋ ਗਿਆ ਸੀ। ਜਦੋਂ ਰਤਨ 18 ਸਾਲਾਂ ਦੇ ਹੋਏ ਤਾਂ ਉਨ੍ਹਾਂ ਦੇ ਪਿਤਾ ਨੇ ਇੱਕ ਸਵਿਸ ਔਰਤ ਸਿਮੋਨ ਡੁਨੋਏਰ ਨਾਲ ਵਿਆਹ ਕਰਵਾ ਲਿਆ। ਦੂਜੇ ਪਾਸੇ ਉਨ੍ਹਾਂ ਦੀ ਮਾਂ ਨੇ ਵੀ ਤਲਾਕ ਤੋਂ ਬਾਅਦ ਸਰ ਜਮਸੇਤਜੀ ਜੀਜੀਭੋਏ ਨਾਲ ਵਿਆਹ ਕਰ ਲਿਆ ਸੀ। ਇਸ ਲਈ ਰਤਨ ਨੂੰ ਉਨ੍ਹਾਂ ਦੀ ਦਾਦੀ ਲੇਡੀ ਨਵਾਜ਼ਬਾਈ ਟਾਟਾ ਨੇ ਪਾਲਿਆ-ਪੋਸਿਆ। ਰਤਨ 7 ਸਾਲ ਅਮਰੀਕਾ 'ਚ ਰਹੇ। ਉੱਥੇ ਉਨ੍ਹਾਂ ਨੇ ਕਾਰਨੇਲ ਯੂਨੀਵਰਸਿਟੀ ਤੋਂ ਆਰਕੀਟੈਕਚਰ ਅਤੇ ਇੰਜਨੀਅਰਿੰਗ ਦੀ ਡਿਗਰੀ ਹਾਸਲ ਕੀਤੀ। ਲਾਸ ਏਂਜਲਸ 'ਚ ਉਨ੍ਹਾਂ ਕੋਲ ਇੱਕ ਵਧੀਆ ਨੌਕਰੀ ਅਤੇ ਸ਼ਾਨਦਾਰ ਘਰ ਸੀ।

ਪਰ ਉਨ੍ਹਾਂ ਨੂੰ ਆਪਣੀ ਦਾਦੀ ਅਤੇ ਜੇਆਰਡੀ ਦੇ ਕਹਿਣ 'ਤੇ ਭਾਰਤ ਵਾਪਸ ਪਰਤਣਾ ਪਿਆ। ਰਤਨ ਦੇ ਨਾਲ ਉਨ੍ਹਾਂ ਦੀ ਅਮਰੀਕੀ ਗਰਲਫ੍ਰੈਂਡ ਵੀ ਭਾਰਤ ਆਈ, ਪਰ ਉਹ ਇੱਥੋਂ ਦੇ ਰਹਿਣ-ਸਹਿਣ ਨੂੰ ਅਪਣਾ ਨਾ ਸਕੀ ਅਤੇ ਅਮਰੀਕਾ ਵਾਪਸ ਚਲੀ ਗਈ। ਰਤਨ ਟਾਟਾ ਨੇ ਪੂਰੀ ਉਮਰ ਵਿਆਹ ਨਹੀਂ ਕਰਵਾਇਆ। 1962 'ਚ ਰਤਨ ਟਾਟਾ ਨੇ ਜਮਸ਼ੇਦਪੁਰ 'ਚ ਟਾਟਾ ਸਟੀਲ 'ਚ ਕੰਮ ਕਰਨਾ ਸ਼ੁਰੂ ਕੀਤਾ। ਗਿਰੀਸ਼ ਕੁਬੇਰ ਲਿਖਦੇ ਹਨ, "ਰਤਨ ਜਮਸ਼ੇਦਪੁਰ 'ਚ 6 ਸਾਲ ਤੱਕ ਰਹੇ, ਜਿੱਥੇ ਸ਼ੁਰੂਆਤੀ ਦਿਨਾਂ 'ਚ ਉਨ੍ਹਾਂ ਨੇ ਇੱਕ ਸ਼ੌਪਫਲੋਅਰ ਮਜ਼ਦੂਰ ਦੀ ਤਰ੍ਹਾਂ ਨੀਲਾ ਓਵਰਆਲ ਪਾ ਕੇ ਅਪ੍ਰੈਂਟਿਸਸ਼ਿਪ ਕੀਤੀ। ਇਸ ਤੋਂ ਬਾਅਦ ਉਨ੍ਹਾਂ ਨੂੰ ਪ੍ਰੋਜੈਕਟ ਮੈਨੇਜਰ ਬਣਾ ਦਿੱਤਾ ਗਿਆ। ਇਸ ਤੋਂ ਬਾਅਦ ਰਤਨ ਮੈਨੇਜਿੰਗ ਡਾਇਰੈਕਟਰ ਐਸ ਕੇ ਨਾਨਾਵਤੀ ਦੇ ਵਿਸ਼ੇਸ਼ ਸਹਾਇਕ ਬਣ ਗਏ ਸਨ। ਉਨ੍ਹਾਂ ਦੀ ਮਿਹਨਤ ਦੀ ਚਰਚਾ ਬੰਬਈ ਤੱਕ ਪਹੁੰਚੀ ਅਤੇ ਜੇਆਰਡੀ ਟਾਟਾ ਨੇ ਉਨ੍ਹਾਂ ਨੂੰ ਬੰਬਈ ਬੁਲਾ ਲਿਆ।" ਇਸ ਤੋਂ ਬਾਅਦ ਉਨ੍ਹਾਂ ਨੇ ਆਸਟ੍ਰੇਲੀਆ 'ਚ ਇੱਕ ਸਾਲ ਤੱਕ ਕੰਮ ਕੀਤਾ। ਜੇਆਰਡੀ ਨੇ ਉਨ੍ਹਾਂ ਨੂੰ ਘਾਟੇ 'ਚ ਜਾ ਰਹੀਆਂ ਕੰਪਨੀਆਂ ਸੈਂਟਰਲ ਇੰਡੀਆ ਮਿੱਲ ਅਤੇ ਨੇਲਕੋ ਨੂੰ ਸੁਧਾਰਨ ਦਾ ਕੰਮ ਸੌਂਪਿਆ। ਰਤਨ ਦੀ ਅਗਵਾਈ ਹੇਠ ਅਗਲੇ ਤਿੰਨ ਸਾਲਾਂ ਦੇ ਅੰਦਰ ਹੀ ਨੇਲਕੋ ਉਚਾਈਆਂ ਛੂਹਣ ਲੱਗੀ ਅਤੇ ਮੁਨਾਫ਼ਾ ਕਮਾਉਣਾ ਸ਼ੁਰੂ ਕਰ ਦਿੱਤਾ। 1981 'ਚ ਜੇਆਰਡੀ ਨੇ ਰਤਨ ਨੂੰ ਟਾਟਾ ਇੰਡਸਟਰੀਜ਼ ਦਾ ਮੁਖੀ ਬਣਾ ਦਿੱਤਾ। ਹਾਲਾਂਕਿ ਇਸ ਕੰਪਨੀ ਦਾ ਟਰਨਓਵਰ ਸਿਰਫ 60 ਲੱਖ ਸੀ, ਪਰ ਇਸ ਜ਼ਿੰਮੇਵਾਰੀ ਦੀ ਅਹਿਮੀਅਤ ਇਸ ਲਈ ਜ਼ਿਆਦਾ ਸੀ ਕਿਉਂਕਿ ਇਸ ਤੋਂ ਪਹਿਲਾਂ ਟਾਟਾ ਖੁਦ ਸਿੱਧੇ ਤੌਰ 'ਤੇ ਇਸ ਕੰਪਨੀ ਦਾ ਕੰਮਕਾਜ ਵੇਖਦੇ ਸਨ।

### ਸਾਦਗੀ ਭਰਪੂਰ ਜੀਵਨ ਸ਼ੈਲੀ

ਤਤਕਾਲੀ ਕਾਰੋਬਾਰੀ ਪੱਤਰਕਾਰ ਅਤੇ ਰਤਨ ਟਾਟਾ ਦੇ ਦੋਸਤ ਉਨ੍ਹਾਂ ਨੂੰ ਇੱਕ ਮਿਲਣਸਾਰ, ਬਿਨ੍ਹਾਂ ਨਾਜ਼-ਨੱਖਰੇ ਵਾਲੇ ਸਮਝਦਾਰ ਅਤੇ ਦਿਲਚਸਪ ਵਿਅਕਤੀ ਵਜੋਂ ਯਾਦ ਕਰਦੇ ਹਨ। ਕੋਈ ਵੀ ਉਨ੍ਹਾਂ ਨੂੰ ਮਿਲ ਸਕਦਾ ਸੀ ਅਤੇ ਉਹ ਆਪਣਾ ਫੋਨ ਵੀ ਆਪ ਹੀ ਚੁੱਕਦੇ ਸਨ। ਕੂਮੀ ਕਪੂਰ ਲਿਖਦੇ ਹਨ, "ਜ਼ਿਆਦਾਤਰ ਭਾਰਤੀ ਅਰਬਪਤੀਆਂ ਦੇ ਮੁਕਾਬਲੇ ਰਾਤ ਟਾਟਾ ਦੀ ਜੀਵਨ ਸ਼ੈਲੀ ਬਹੁਤ ਹੀ ਨਿਯੰਤਰਿਤ ਅਤੇ ਸਾਦਗੀ ਭਰਪੂਰ ਸੀ। ਉਨ੍ਹਾਂ ਦੇ ਇੱਕ ਵਪਾਰਕ ਸਲਾਹਕਾਰ ਨੇ ਮੈਨੂੰ ਦੱਸਿਆ ਕਿ ਉਹ ਹੈਰਾਨ ਸਨ ਕਿ ਉਨ੍ਹਾਂ ਦੇ ਕੋਲ ਸਕੱਤਰਾਂ ਦੀ ਭੀੜ ਨਹੀਂ ਸੀ। ਇੱਕ ਵਾਰ ਮੈਂ ਉਨ੍ਹਾ ਦੇ ਘਰ ਦੀ ਘੰਟੀ ਵਜਾਈ ਤਾਂ ਇੱਕ ਛੋਟੇ ਜਿਹੇ ਮੁੰਡੇ ਨੇ ਦਰਵਾਜ਼ਾ ਖੋਲ੍ਹਿਆ।" "ਉੱਥੇ ਕੋਈ ਵਰਦੀਧਾਰੀ ਨੌਕਰ ਜਾਂ ਕੋਈ ਹੋਰ ਦਿਖਾਵਾ ਨਹੀਂ ਸੀ। ਕੁੰਬਲਾ ਹਿਲਜ਼ 'ਤੇ ਮੁਕੇਸ਼ ਅੰਬਾਨੀ ਦੇ 27 ਮੰਜ਼ਿਲਾ ਐਂਟੀਲੀਆ ਦੀ ਚਮਕ-ਦਮਕ ਦੇ ਬਿਲਕੁੱਲ ਉਲਟ ਕੋਲਾਬਾ 'ਚ ਸਮੁੰਦਰ ਵੱਲ ਵੇਖਦਾ ਹੋਇਆ ਉਨ੍ਹਾਂ ਦਾ ਘਰ ਉਨ੍ਹਾਂ ਦੀ ਖਾਨਦਾਨੀ ਅਤੇ ਰੁਚੀ ਨੂੰ ਦਰਸਾਉਂਦਾ ਹੈ।"

### ਜੇਆਰਡੀ ਨੇ ਚੁਣਿਆ ਆਪਣਾ ਉੱਤਰਾਧਿਕਾਰੀ

ਜਦੋਂ ਜੇਆਰਡੀ 75 ਸਾਲਾਂ ਦੇ ਹੋਏ ਤਾਂ ਇਸ ਗੱਲ ਨੂੰ ਲੈ ਕੇ ਬਹੁਤ ਹੀ ਕਿਆਸਰਾਈਆਂ ਸਨ ਕਿ ਹੁਣ ਉਨ੍ਹਾਂ ਤੋਂ ਬਾਅਦ ਕੌਣ ਉੱਤਰਾਧਿਕਾਰੀ ਹੋਵੇਗਾ। ਟਾਟਾ ਦੇ ਜੀਵਨੀਕਾਰ ਕੇ ਐਲ ਲਾਲਾ ਲਿਖਦੇ ਹਨ, "ਜੇਆਰਡੀ ਨਾਨੀ ਪਾਲਖੀਵਾਲਾ, ਰੂਸੀ ਮੋਦੀ, ਸਾਹਰੁਖ਼ ਸਾਬਵਾਲਾ ਅਤੇ ਐਚ ਐਨ ਸੇਠਾਨਾ 'ਚੋਂ ਕਿਸੇ ਇੱਕ ਨੂੰ ਆਪਣਾ ਉੱਤਰਾਧਿਕਾਰੀ ਬਣਾਉਣ ਬਾਰੇ ਸੋਚ ਰਹੇ ਸਨ। ਖੁਦ ਰਤਨ ਟਾਟਾ ਦਾ ਮੰਨਣਾ ਸੀ ਕਿ ਇਸ ਅਹੁਦੇ ਲਈ ਦੋ ਮੁੱਖ ਦਾਅਵੇਦਾਰ ਪਾਲਖੀਵਾਲਾ ਅਤੇ ਰੂਸੀ ਮੋਦੀ ਹੋਣਗੇ।" 1991 'ਚ ਜੇਆਰਡੀ ਨੇ 86 ਸਾਲ ਦੀ ਉਮਰ 'ਚ ਪ੍ਰਧਾਨਗੀ ਛੱਡ ਦਿੱਤੀ। ਇਸ ਮੌਕੇ ਉਨ੍ਹਾਂ ਨੇ ਰਤਨ ਵੱਲ ਰੁਖ਼ ਕੀਤਾ, ਜੋ ਕਿ ਇਕਲੌਤੇ ਸਮਰੱਥ ਟਾਟਾ ਬਚੇ ਸਨ।

ਜੇਆਰਡੀ ਦਾ ਮੰਨਣਾ ਸੀ ਕਿ ਰਤਨ ਦੇ ਪੱਖ 'ਚ ਸਭ ਤੋਂ ਅਹਿਮ ਗੱਲ ਸੀ ਉਨ੍ਹਾਂ ਦਾ 'ਟਾਟਾ' ਉਪਨਾਮ ਹੋਣਾ। ਟਾਟਾ ਦੇ ਦੋਸਤ ਨੁਸਲੀ ਵਾਡੀਆ ਅਤੇ ਸਹਾਇਕ ਸ਼ਾਹਰੁਖ਼ ਸਾਬਵਾਲਾ ਨੇ ਵੀ ਰਤਨ ਦੇ ਨਾਮ ਦੀ ਵਕਾਲਤ ਕੀਤੀ ਸੀ। 25 ਮਾਰਚ, 1991 ਨੂੰ ਜਦੋਂ ਰਤਨ ਟਾਟਾ ਗਰੁੱਪ ਦੇ ਮੁਖੀ ਬਣੇ ਤਾਂ ਉਨ੍ਹਾਂ ਦੇ ਸਾਹਮਣੇ ਸਭ ਤੋਂ ਪਹਿਲੀ ਚੁਣੌਤੀ ਸੀ ਕਿ ਗਰੁੱਪ ਦੇ ਤਿੰਨ ਮੁੱਖ ਧਿਰਾਂ ਦਰਬਾਰੀ ਸੇਠ, ਰੂਸੀ ਮੋਦੀ ਅਤੇ ਅਜੀਤ ਕੇਰਕਰ ਨੂੰ ਕਿਵੇਂ ਕਮਜ਼ੋਰ ਕੀਤਾ ਜਾਵੇ। ਇਹ ਲੋਕ ਹੁਣ ਤੱਕ ਟਾਟਾ ਦੀਆਂ ਕੰਪਨੀਆਂ 'ਚ ਮੁੱਖ ਦਫ਼ਤਰ ਦੀ ਦਖਲਅੰਦਾਜ਼ੀ ਤੋਂ ਬਿਨ੍ਹਾਂ ਹੀ ਕੰਮ ਕਰਦੇ ਆਏ ਸਨ। ਰਤਨ ਦੇ ਪਿਤਾ ਜੀ ਨੇ ਉਨ੍ਹਾਂ ਨੂੰ ਚਿਤਾਵਨੀ ਵੀ ਦਿੱਤੀ ਸੀ ਕਿ ਟਾਟਾ ਦੀ ਹਰ ਕੰਪਨੀ 'ਚ ਇੱਕ ਮੁਗਲ ਸਮਰਾਟ ਮੌਜੂਦ ਹੈ।

### ਟੈਟਲੀ, ਕੋਰਸ ਅਤੇ ਜੈਗੁਆਰ ਦੀ ਪ੍ਰਾਪਤੀ

ਸ਼ੁਰੂਆਤ 'ਚ ਲੋਕਾਂ ਨੇ ਰਤਨ ਟਾਟਾ ਦੀ ਕਾਰੋਬਾਰੀ ਸਮਝ 'ਤੇ ਕਈ ਸਵਾਲ ਵੀ ਖੜ੍ਹੇ ਕੀਤੇ। ਪਰ

(ਬਾਕੀ ਅਗਲੇ ਸਫੇ 'ਤੇ)

# ਇਮਊਨਿਟੀ ਵਧਾਉਣ ਲਈ ਖਾਓ ਸਿਹਤਮੰਦ ਖ਼ੁਰਾਕ

(ਸਫਾ 11 ਦੀ ਬਾਕੀ)

ਵਿਚਲੇ ਫੈਟੀ ਐਸਿਡ ਇਮਿਊਨ ਸੈੱਲ ਵਧਾਉਂਦੇ ਹਨ। ਜੇ ਇਸ ਦੀ ਘਾਟ ਹੋ ਜਾਵੇ ਤਾਂ ਸਰੀਰ 'ਚ ਇਨਫੈਕਸ਼ਨ ਨਾਲ ਲੜਨ ਦੀ ਸਮਰੱਥਾ ਘਟ ਜਾਂਦੀ ਹੈ। ਇਨ੍ਹਾਂ ਤੋਂ ਓਮੇਗਾ-3 ਫੈਟੀ ਐਸਿਡ ਮਿਲਦਾ ਹੈ, ਜੋ ਸੋਜ਼ ਘਟਾਉਣ, ਇਮਊਨ ਸਿਸਟਮ ਨੂੰ ਬੂਸਟ ਕਰਨ ਤੇ ਆਮ ਜ਼ੁਕਾਮ ਵਰਗੀਆਂ ਬਿਮਾਰੀਆਂ ਤੋਂ ਬਚਾਉਣ 'ਚ ਸਹਾਇਕ ਹੈ। ਬਾਲਗਾਂ ਨੂੰ 15 ਮਿ:ਗ੍ਰਾ: ਵਿਟਾਮਿਨ-ਈ ਰੋਜ਼ਾਨਾ ਚਾਹੀਦਾ ਹੈ। 100 ਗ੍ਰਾਮ ਮੂੰਗਫਲੀ 'ਚ 4.93 ਮਿਲੀਗ੍ਰਾਮ, 100 ਗ੍ਰਾਮ ਅਖਰੋਟ 'ਚ 21 ਮਿਲੀਗ੍ਰਾਮ ਤੇ 100 ਗ੍ਰਾਮ ਬਦਾਮਾਂ 'ਚ 25.63 ਮਿਲੀਗ੍ਰਾਮ ਵਿਟਾਮਿਨ-ਈ ਹੁੰਦਾ ਹੈ।

ਵਿਟਾਮਿਨ-ਏ ਦੀ ਪ੍ਰਾਪਤੀ ਲਈ ਗਾਜਰਾਂ, ਮਟਰ, ਬੰਦਗੋਭੀ, ਨਾਸ਼ਪਾਤੀ, ਅੰਬ ਖ਼ੁਰਾਕ 'ਚ ਵਧੇਰੇ ਸ਼ਾਮਲ ਕੀਤੇ ਜਾ ਸਕਦੇ ਹਨ। ਡੇਅਰੀ ਉਤਪਾਦ, ਆਂਡੇ ਵਿਟਾਮਿਨ-ਏ ਦੇ ਸਰੋਤ ਹਨ। ਇਹ ਸਰੀਰ ਦੇ ਇਮਿਊਨ ਸਿਸਟਮ ਨੂੰ ਤਕੜਾ ਕਰਨ 'ਚ ਮਦਦ ਕਰਦੇ ਹਨ। ਬਾਲਗ ਆਦਮੀ ਨੂੰ ਰੋਜ਼ਾਨਾ 900 ਮਾਈਕ੍ਰੋਗ੍ਰਾਮ ਤੇ ਔਰਤ ਨੂੰ 700 ਮਾਈਕ੍ਰੋਗ੍ਰਾਮ ਵਿਟਾਮਿਨ-ਏ ਦੀ ਜ਼ਰੂਰਤ ਹੁੰਦੀ ਹੈ। ਇਕ ਦਰਮਿਆਨੇ ਸਾਈਜ਼ ਦੀ ਗਾਜਰ (61 ਗ੍ਰਾਮ 'ਚ 509 ਮਾਈਕ੍ਰੋਗ੍ਰਾਮ ਜਾਂ 100 ਗ੍ਰਾਮ ਗਾਜਰ 'ਚ 835 ਮਾਈਕ੍ਰੋਗ੍ਰਾਮ ਵਿਟਾਮਿਨ-ਏ ਹੁੰਦਾ ਹੈ।

### ਵਿਟਾਮਿਨ-ਡੀ ਦੀ ਪ੍ਰਾਪਤੀ

ਇਸ ਲਈ ਖ਼ੁਰਾਕ 'ਚ ਫੋਰਟੀਫਾਈਡ ਅਨਾਜ, ਦੁੱਧ, ਦਹੀਂ, ਪਨੀਰ ਤੇ ਸਪਲੀਮੈਂਟਸ ਸ਼ਾਮਲ ਕਰੋ। ਦਹੀਂ ਇਕ ਪ੍ਰੋਬਾਇਓਟਿਕ ਖ਼ੁਰਾਕ ਹੈ ਤੇ ਇਮਿਊਨ ਸਿਸਟਮ ਦਾ ਸੁਪਰ ਚਾਰਜਰ ਹੈ। ਖੋਜਾਂ ਦੱਸਦੀਆਂ ਹਨ ਕਿ ਦਿਨ ਵਿਚ ਇੱਕ ਪ੍ਰਬਾਇਓਟਿਕ ਖ਼ੁਰਾਕ ਖਾਣ ਨਾਲ ਜ਼ੁਕਾਮ ਤੇ ਮਿਹਦੇ ਦੀ ਇਨਫੈਕਸ਼ਨ ਦੀ ਦਰ 40 ਫ਼ੀਸਦੀ ਘਟ ਜਾਂਦੀ ਹੈ। ਵਿਟਾਮਿਨ-ਡੀ (ਡਿਟਅਮਿਨ ਧ) ਸਾਹ ਪ੍ਰਣਾਲੀ ਦੀਆਂ ਇਨਫੈਕਸ਼ਨਜ਼ ਨੂੰ ਘਟਾਉਂਦਾ ਹੈ। 15-20 ਮਿੰਟ ਸੂਰਜ ਦੀ ਰੋਸ਼ਨੀ 'ਚ ਬੈਠਣ ਨਾਲ ਵੀ ਵਿਟਾਮਿਨ-ਡੀ ਦੀ ਪ੍ਰਾਪਤੀ ਹੁੰਦੀ ਹੈ। ਇਕ ਬਾਲਗ ਵਿਅਕਤੀ ਨੂੰ 400-800 ਆਈਯੂ ਵਿਟਾਮਿਨ-ਡੀ ਰੋਜ਼ਾਨਾ ਜ਼ਰੂਰਤ ਹੁੰਦੀ ਹੈ। ਇਸ ਦੀ ਲੋੜ ਉਮਰ ਵਧਣ ਨਾਲ ਵਧਦੀ ਹੈ। ਬਾਰ੍ਹਾਂ ਸਾਲ ਦੀ ਉਮਰ ਤਕ 400, ਸੱਤਰ ਸਾਲ ਦੀ ਉਮਰ ਤਕ 600 ਅਤੇ ਸੱਤਰ ਸਾਲ ਦੀ ਉਮਰ ਤੋਂ ਉੱਪਰ ਵਿਅਕਤੀਆਂ ਨੂੰ 900 ਆਈਯੂ ਵਿਟਾਮਿਨ-ਡੀ ਦੀ ਰੋਜ਼ਾਨਾ ਲੋੜ ਹੁੰਦੀ ਹੈ। ਇਕ ਕੱਪ ਦੁੱਧ ਜਾਂ ਇਕ ਕੌਲੀ ਦਹੀਂ 'ਚ 100 ਆਈਯੂ ਵਿਟਾਮਿਨ-ਡੀ ਹੁੰਦਾ ਹੈ।

### ਚਾਹ ਤੇ ਸ਼ਹਿਦ

ਗ੍ਰੀਨ-ਟੀ ਵਿਚ ਈਜੀਸੀਜੀ ਨਾਂ ਦਾ ਐਂਟੀਆਕਸੀਡੈਂਟ ਤੇ ਅਮੀਨੋ ਐਸਿਡ ਐੱਲ ਥੀਆਨੀਨ ਹੁੰਦਾ ਹੈ, ਜੋ ਸੈੱਲਾਂ 'ਚ ਜਰਾਸੀਮਾਂ ਨਾਲ ਲੜਨ ਦੀ ਤਾਕਤ ਪੈਦਾ ਕਰਦਾ ਹੈ। ਖੋਜਾਂ ਤੋਂ ਪਤਾ ਲਗਦਾ ਹੈ ਕਿ ਇਹ ਇਮਿਊਨ ਸਿਸਟਮ ਨੂੰ ਮਜ਼ਬੂਤ ਕਰਦੀ ਹੈ। ਚਾਹ ਬਲੈਕ, ਗ੍ਰੀਨ ਦੋਨੋਂ ਐਂਟੀਆਕਸੀਡੈਂਟ ਭਰਪੂਰ ਹਨ ਤੇ ਇਸ 'ਚ ਕੈਂਸਰ ਨਾਲ ਲੜਨ ਦੇ ਗੁਣ ਹੁੰਦੇ ਹਨ। ਸ਼ਹਿਦ ਐਂਟੀਆਕਸੀਡੈਂਟ ਹੈ ਤੇ ਐਂਟੀ ਬੈਕਟੀਰੀਅਲ ਗੁਣ ਵੀ ਰੱਖਦਾ ਹੈ। ਪਾਚਨ ਸਿਸਟਮ ਨੂੰ ਸੁਧਾਰਦਾ ਹੈ, ਇਮਿਊਨਿਟੀ ਵਧਾਉਂਦਾ ਹੈ ਤੇ ਸਰੀਰ 'ਚੋਂ ਫ੍ਰੀ ਰੈਡੀਕਲਜ਼ ਨੂੰ ਘਟਾਉਂਦਾ ਹੈ। ਗੂੜ੍ਹੇ ਰੰਗਾਂ (ਹਰਾ, ਲਾਲ, ਪੀਲਾ) ਦੇ ਫਲ ਅਤੇ ਸਬਜ਼ੀਆਂ ਜਿਵੇਂ ਅਨਾਰ, ਤਰਬੂਜ਼, ਸੇਬ, ਲਾਲ ਅੰਗੂਰ, ਚੁਕੰਦਰ, ਬੈਂਗਣ, ਪਿਆਜ਼, ਬੀਨਜ਼, ਦਾਲਾਂ ਅਤੇ ਡਾਰਕ ਚਾਕਲੇਟ ਐਂਟੀਆਕਸੀਡੈਂਟ ਭਰਪੂਰ ਹਨ।

### ਪਰਹੇਜ਼

ਖੋਜਾਂ ਦੱਸਦੀਆਂ ਹਨ ਕਿ ਮੈਦਾ, ਲੂਣ, ਚੀਨੀ, ਮਿੱਠੀਆਂ ਤੇ ਤਲੀਆਂ ਵਸਤਾਂ, ਬੇਕਰੀ, ਡੱਬਾਬੰਦ ਖ਼ੁਰਾਕ, ਕੋਲਡ ਡ੍ਰਿੰਕਸ, ਪ੍ਰੋਸੈਸਡ ਫੂਡ, ਰਿਫਾਇੰਡ ਕਾਰਬੋਜ਼, ਸਿਗਰਟ, ਅਲਕੋਹਲ ਤੇ ਕੁਝ ਦਵਾਈਆਂ ਇਮਿਊਨ ਸਿਸਟਮ ਨੂੰ ਕਮਜ਼ੋਰ ਕਰਦੀਆਂ ਹਨ। ਇਸ ਲਈ ਇਨ੍ਹਾਂ ਤੋਂ ਪਰਹੇਜ਼ ਕਰਨਾ ਚਾਹੀਦਾ ਹੈ। ਵਿਅਕਤੀ ਦੇ ਸਰੀਰ ਦੀ ਇਮਿਊਨਿਟੀ ਖਾਧੀ ਗਈ ਖ਼ੁਰਾਕ ਨਾਲ ਬਣਦੀ ਹੈ। ਬੇਸ਼ੱਕ ਖ਼ੁਰਾਕ ਤੋਂ ਇਲਾਵਾ ਹੋਰ ਬਹੁਤ ਸਾਰੇ ਤੱਤ ਜਿਵੇਂ ਕਸਰਤ, ਨੀਂਦ, ਉਮਰ, ਤਣਾਅ, ਕੋਈ ਬਿਮਾਰੀ ਆਦਿ ਵੀ ਨੂੰ ਇਮਿਊਨਿਟੀ ਨੂੰ ਪ੍ਰਭਾਵਿਤ ਕਰਦੇ ਹਨ। ਇਮਊਨਿਟੀ ਵਧਾਉਣ ਲਈ ਉਪਰੋਕਤ ਖ਼ੁਰਾਕੀ ਪਦਾਰਥਾਂ 'ਚੋਂ ਰੋਜ਼ਾਨਾ ਖ਼ੁਰਾਕ ਦਾ ਹਿੱਸਾ ਬਣਾ ਕੇ ਸਰੀਰ ਦੀ ਰੋਗਾਂ ਪ੍ਰਤੀ ਲੜਨ ਦੀ ਸਮਰੱਥਾ ਵਧਾਈ ਜਾ ਸਕਦੀ ਹੈ।

# ਕੀ ਖਾਂਦੇ ਹਨ ਤੇ ਕਿਵੇਂ ਸੌਂਦੇ ਹਨ ਨੇ ਪੁਲਾੜ ਵਿਚ ਰਹਿਣ ਵਾਲੇ ਲੋਕ


ਜੂਨ ਵਿੱਚ ਦੋ ਅਮਰੀਕੀ ਪੁਲਾੜ ਯਾਤਰੀਆਂ ਸੁਨੀਤਾ ਵਿਲੀਅਮਜ਼ ਅਤੇ ਬੁਚ ਵਿਲਮੋਰ ਕੌਮਾਂਤਰੀ ਪੁਲਾੜ ਸਟੇਸ਼ਨ ਵਿੱਚ (ਆਈਐੱਸਐੱਸ) ਅੱਠ ਦਿਨਾਂ ਲਈ ਗਏ। ਪਰ ਉਨ੍ਹਾਂ ਨੂੰ ਲੈ ਕੇ ਜਾਣ ਵਾਲੇ ਬੋਇੰਗ ਸਟਾਰਲਾਈਨਰ ਵਿੱਚ ਤਕਨੀਕੀ ਖ਼ਰਾਬੀ ਆ ਗਈ ਅਤੇ ਉਨ੍ਹਾਂ ਦੋਵਾਂ ਨੂੰ 2025 ਤੱਕ ਉੱਥੇ ਰੁਕਣਾ ਪੈ ਰਿਹਾ ਹੈ। ਉਹ ਹੁਣ ਨੌਂ ਹੋਰ ਲੋਕਾਂ ਨਾਲ ਛੇ-ਬੈੱਡਰੂਮ ਵਾਲੇ ਘਰ ਦੇ ਆਕਾਰ ਜਿੰਨੀ ਬਣੀ ਜਗ੍ਹਾਂ ਨੂੰ ਸਾਂਝੀ ਕਰ ਰਹੇ ਹਨ। ਸੁਨੀਤਾ ਨੇ ਇਸ ਨੂੰ "ਖ਼ੁਸ਼ੀ ਵਾਲੀ ਥਾਂ" ਅਤੇ ਵਿਲਮੋਰ ਨੇ ਇਸ ਨੂੰ "ਸ਼ੁਕਰਗੁਜ਼ਾਰ" ਦੱਸਿਆ ਹੈ। ਪਰ ਧਰਤੀ ਤੋਂ 400 ਕਿਲੋਮੀਟਰ ਉੱਤੇ ਹੋਣਾ ਅਸਲ ਵਿੱਚ ਕਿਵੇਂ ਦਾ ਹੁੰਦਾ ਹੈ? ਉਹ ਕਸਰਤ ਕਿਵੇਂ ਕਰਦੇ ਹਨ ਅਤੇ ਆਪਣੇ ਕੱਪੜੇ ਕਿਵੇਂ ਧੋਂਦੇ ਹਨ? ਕੀ ਖਾਂਦੇ ਹਨ ਅਤੇ ਖ਼ਾਸ ਤੌਰ 'ਤੇ 'ਪੁਲਾੜ ਦੀ ਖ਼ੁਸ਼ਬੂ' ਕਿਹੋ-ਜਿਹੀ ਹੁੰਦੀ ਹੈ?

### ਪੁਲਾੜ 'ਚ ਕਿਵੇਂ ਸੌਂਦੇ ਹਨ

ਉਹ ਜਲਦੀ ਉੱਠ ਜਾਂਦੇ ਹਨ। ਲਗਭਗ 06:30 (ਜੀਐੱਮਟੀ) 'ਤੇ, ਪੁਲਾੜ ਯਾਤਰੀ ਹਾਰਮਨੀ ਨਾਮਕ ਕੌਮਾਂਤਰੀ ਪੁਲਾੜ ਸਟੇਸ਼ਨ ਮੋਡਿਊਲ ਵਿੱਚ ਫੋਨ-ਬੂਥ ਦੇ ਆਕਾਰ ਦੇ ਸਲੀਪਿੰਗ ਕੁਆਰਟਰ ਤੋਂ ਬਾਹਰ ਆਉਂਦੇ ਹਨ। ਅਮਰੀਕੀ ਪੁਲਾੜ ਯਾਤਰੀ ਨਿਕੋਲ ਸਟੌਟ ਨੇ ਦੱਸਿਆ, "ਇਸ ਵਿੱਚ ਦੁਨੀਆ ਦਾ ਸਭ ਤੋਂ ਵਧੀਆ ਸਲੀਪਿੰਗ ਬੈਗ਼ ਹੈ।" ਨਿਕੋਲ ਨੇ ਨਾਸਾ ਵਿੱਚ 2009 ਅਤੇ 2011 ਵਿੱਚ ਦੋ ਮਿਸ਼ਨਾਂ 'ਤੇ ਪੁਲਾੜ ਵਿੱਚ 104 ਦਿਨ ਬਿਤਾਏ ਸਨ। ਪੁਲਾੜ ਸਟੇਸ਼ਨ ਦੇ ਡਿੱਬਿਆਂ ਵਿੱਚ ਲੈਪਟਾਪ ਹੁੰਦੇ ਹਨ ਤਾਂ ਜੋ ਚਾਲਕ ਦਲ ਪਰਿਵਾਰ ਦੇ ਸੰਪਰਕ ਵਿੱਚ ਰਹਿ ਸਕਣ ਅਤੇ ਇਸ ਦੇ ਨਾਲ ਫੋਟੋਆਂ ਜਾਂ ਕਿਤਾਬਾਂ ਵਰਗੀਆਂ ਨਿੱਜੀ ਚੀਜ਼ਾਂ ਰੱਖਣ ਦੀ ਵੀ ਥਾਂ ਹੁੰਦੀ ਹੈ। ਪੁਲਾੜ ਯਾਤਰੀ ਜਿਸ ਬਾਥਰੂਮ ਦੀ ਵਰਤੋਂ ਕਰਦੇ ਹਨ, ਉਹ ਇੱਕ ਸਕਸ਼ਨ ਸਿਸਟਮ ਵਾਂਗ ਕੰਮ ਕਰਦਾ ਹੈ। ਪੁਲਾੜ ਸਟੇਸ਼ਨ 'ਤੇ ਆਮ ਤੌਰ 'ਤੇ ਪਸੀਨੇ ਅਤੇ ਪਿਸ਼ਾਬ ਨੂੰ ਪੀਣ ਵਾਲੇ ਪਾਣੀ ਵਿੱਚ ਰੀਸਾਈਕਲ ਕੀਤਾ ਜਾਂਦਾ ਹੈ ਪਰ ਆਈਐੱਸਐੱਸ 'ਤੇ ਇੱਕ ਤਕਨੀਕੀ ਖ਼ਰਾਬੀ ਕਾਰਨ ਚਾਲਕ ਦਲ ਫਿਲਹਾਲ ਆਪਣਾ ਪਿਸ਼ਾਬ ਸਟੋਰ ਕਰ ਰਿਹਾ ਹੈ। ਫਿਰ ਪੁਲਾੜ ਯਾਤਰੀ ਕੰਮ 'ਤੇ ਲੱਗ ਜਾਂਦੇ ਹਨ। ਆਈਐੱਸਐੱਸ ਵਿੱਚ ਬਹੁਤ ਸਾਰੇ ਰੱਖ-ਰਖਾਅ ਜਾਂ ਵਿਗਿਆਨਕ ਪ੍ਰਯੋਗਾਂ ਕੀਤੇ ਜਾਂਦੇ ਹਨ।

### ਪੁਲਾੜ ਸਟੇਸ਼ਨ ਕਿੰਨਾ ਵੱਡਾ ਹੈ

ਪੁਲਾੜ ਸਟੇਸ਼ਨ ਦਾ ਆਕਾਰ ਬਘਿੰਕਮ ਪੈਲੇਸ ਜਾਂ ਇੱਕ ਅਮਰੀਕੀ ਫੁੱਟਬਾਲ ਮੈਦਾਨ ਜਿੰਨਾ ਵੱਡਾ ਹੈ। 2012-13 ਵਿੱਚ ਐਕਸਪੀਡੀਸ਼ਨ 35 ਮਿਸ਼ਨ ਦੇ ਕਮਾਂਡਰ, ਕੈਨੇਡੀਅਨ ਪੁਲਾੜ ਯਾਤਰੀ ਕ੍ਰਿਸ ਹੈਡਫੀਲਡ ਦੱਸਦੇ ਹਨ, "ਪੁਲਾੜ ਸਟੇਸ਼ਨ ਦੇ ਅੰਦਰ ਇੰਝ ਲੱਗਦਾ ਹੈ ਕਿ ਬਹੁਤ ਸਾਰੀਆਂ ਬੱਸਾਂ ਲਾਗੇ-ਲਾਗੇ ਖੜ੍ਹੀਆਂ ਹਨ।" ਉਨ੍ਹਾਂ ਨੇ ਅੱਗੇ ਦੱਸਿਆ, "ਆਈਐੱਸਐੱਸ ਵਿਸ਼ਾਲ ਅਤੇ ਸ਼ਾਂਤ ਹੈ ਪਰ ਉੱਥੇ ਪੁਲਾੜ ਯਾਤਰੀ ਸਿਰਫ਼ ਘੁੰਮਦੇ ਨਹੀਂ ਹਨ।" ਆਈਐੱਸਐੱਸ ਕੋਲ ਪ੍ਰਯੋਗਾਂ ਲਈ ਛੇ ਸਮਰਪਿਤ ਪ੍ਰਯੋਗਸ਼ਾਲਾਵਾਂ ਹਨ ਅਤੇ ਪੁਲਾੜ ਯਾਤਰੀ ਚੁਣੌਤੀਪੂਰਨ ਭੌਤਿਕ ਵਾਤਾਵਰਣ ਨਜਿੱਠਣ ਲਈ ਦਿਲ, ਦਿਮਾਗ਼ ਜਾਂ ਖ਼ੂਨ ਨੂੰ ਮੌਨੀਟਰ ਕਰਨ ਲਈ ਜੰਤਰ ਪਹਿਨਦੇ ਹਨ। ਸਟੌਟ ਆਖਦੇ ਹਨ, "ਅਸੀਂ ਗਿਨੀ ਪਿਗ ਵਾਂਗ ਹਾਂ। ਪੁਲਾੜ ਵਿੱਚ



ਸਿਫਰ ਗੁਰੂਤਾਕਰਸ਼ਨ ਵਿੱਚ ਕੰਮ ਕਰਨ ਕਾਰਨ, ਅਸੀਂ ਧਰਤੀ ਵਾਂਗ ਆਪਣੇ ਪੈਰ ਅਤੇ ਹੱਥ ਨਹੀਂ ਹਿਲਾ ਸਕਦੇ।" "ਇਹੀ ਕਾਰਨ ਹੈ ਕਿ ਮਾਸਪੇਸ਼ੀ ਅਤੇ ਹੱਡੀਆਂ ਕਮਜ਼ੋਰ ਹੋ ਜਾਂਦੀਆਂ ਹਨ ਅਤੇ ਛੇਤੀ ਬੁੱਢੇ ਹੋ ਜਾਂਦੇ ਹਾਂ।" ਹੈਡਫੀਲਡ ਦੱਸਦੇ ਹਨ, "ਤੁਹਾਡੀ ਸਭ ਤੋਂ ਵੱਡੀ ਚੁਣੌਤੀ ਯਾਤਰੀਆਂ ਦੇ ਮਸਰੂਫ਼ ਪ੍ਰੋਗਰਾਮਾਂ ਵਿਚੋਂ ਪੰਜ ਮਿੰਟ ਦਾ ਵਾਧੂ ਸਮਾਂ ਕੱਢਣਾ ਹੈ। ਜਦੋਂ ਸਾਨੂੰ ਸਮਾਂ ਮਿਲਦਾ ਤਾਂ ਅਸੀਂ ਖਿੜਕੀ ਕੋਲ ਜਾ ਕੇ ਬਾਹਰ ਦਾ ਨਜ਼ਾਰਾ ਦੇਖਦੇ ਜਾਂ ਸੰਗੀਤ ਸੁਣਦੇ, ਤਸਵੀਰਾਂ ਲੈਂਦੇ ਹਾਂ, ਬੱਚਿਆਂ ਲਈ ਕੁਝ ਲਿਖਦੇ ਹਾਂ।"

### ਪੁਲਾੜ ਦੀ ਖ਼ੁਸ਼ਬੂ ਕਿਹੋ-ਜਿਹੀ ਹੈ

ਹੈਡਫੀਲਡ ਨੇ ਆਈਐੱਸਐੱਸ ਤੋਂ ਬਾਹਰ ਆਉਣ ਅਤੇ ਸਪੇਸ ਵਾਕ ਦੇ ਤਜਰਬੇ ਨੂੰ ਸਾਂਝਾ ਕਰਦੇ ਹੋਏ ਦੱਸਿਆ, "ਅਸੀਂ ਆਈਐੱਸਐੱਸ ਦੇ ਬਾਹਰ 15 ਘੰਟੇ ਬਿਤਾਏ।" "ਉਸ ਵੇਲੇ ਤਾਂ ਮੈਂ ਸੂਟ ਪਾਇਆ ਸੀ। ਉਸ ਤੋਂ ਇਲਾਵਾ ਮੇਰੇ ਅਤੇ ਬ੍ਰਹਿਮੰਡ ਦੇ ਵਿਚਕਾਰ ਕੁਝ ਵੀ ਨਹੀਂ ਸੀ, ਇਸ ਨੇ ਉਤਸ਼ਾਹ ਅਤੇ ਸੱਚ ਨਾ ਲੱਗਣ ਵਾਲਾ ਅਹਿਸਾਸ ਪੈਦਾ ਕੀਤਾ।" ਪਰ ਉਨ੍ਹਾਂ ਸਪੇਸਵਾਕ ਦੌਰਾਨ ਕੁਝ ਨਵਾਂ ਮਹਿਸੂਸ ਹੋਇਆ ਤੇ ਉਹ ਸੀ ਪੁਲਾੜ ਸਟੇਸ਼ਨ ਦੀ ਖ਼ੁਸ਼ਬੂ। ਹੇਲੇਨ ਸ਼ਰਮਨ ਦੱਸਦੇ ਹਨ, "ਧਰਤੀ 'ਤੇ ਸਾਡੀ ਖ਼ੁਸ਼ਬੂ ਵੱਖ-ਵੱਖ ਹੁੰਦੀ ਹੈ।

ਪਰ ਪੁਲਾੜ ਵਿੱਚ ਸਿਰਫ਼ ਇੱਕੋ ਖ਼ੁਸ਼ਬੂ ਹੈ ਤੇ ਸਾਨੂੰ ਇਸ ਦੀ ਆਦਤ ਹੋ ਗਈ ਹੈ।" ਹੈਲਨ ਸ਼ਰਮਨ ਪਹਿਲੀ ਬ੍ਰਿਟਿਸ਼ ਪੁਲਾੜ ਯਾਤਰੀ ਹਨ, ਜਿਨ੍ਹਾਂ 1991 ਵਿੱਚ ਸੋਵੀਅਤ ਸਪੇਸ ਸਟੇਸ਼ਨ ਮੀਰ ਉੱਤੇ ਅੱਠ ਦਿਨ ਬਿਤਾਏ ਸਨ। ਪੁਲਾੜ ਸਟੇਸ਼ਨ ਤੋਂ ਬਾਹਰ ਨਿਕਲਣ ਵੇਲੇ ਵਿਗਿਆਨੀ ਕਿਟ ਅਤੇ ਸੂਟ, ਪੁਲਾੜ ਵਿੱਚ ਸਖ਼ਤ ਰੇਡੀਏਸ਼ਨ ਨਾਲ ਪ੍ਰਭਾਵਿਤ ਹੁੰਦੇ ਹਨ। "ਪੁਲਾੜ ਦਾ ਵਾਤਾਵਰਨ ਰੇਡੀਏਸ਼ਨ ਮੁਕਤ ਕਣ ਬਣਾਉਂਦਾ ਹੈ ਅਤੇ ਉਹ ਸਪੇਸ ਸਟੇਸ਼ਨ ਦੇ ਅੰਦਰ ਆਕਸੀਜਨ ਨਾਲ ਪ੍ਰਤੀਕਿਰਿਆ ਕਰਦੇ ਹਨ, ਜਿਸ ਨਾਲ ਇੱਕ ਧਾਤੂ ਵਾਂਗ ਖ਼ੁਸ਼ਬੂ ਪੈਦਾ ਹੁੰਦੀ ਹੈ।" "ਪੁਲਾੜ ਵਿੱਚ ਕੋਈ ਮੌਸਮ ਨਹੀਂ ਹੈ।

ਇਸ ਦਾ ਮਤਲਬ ਹੈ ਮੂੰਹ 'ਤੇ ਮੀਂਹ ਦੀਆਂ ਬੂੰਦਾਂ ਨਹੀਂ ਪੈਣਗੀਆਂ, ਵਾਲਾਂ ਨੂੰ ਹਵਾ ਦਾ ਬੁਲ੍ਹਾਂ ਨਹੀਂ ਛੂਹੇਗਾ। ਇਸ ਲਈ ਮੈਂ ਅੱਜ ਕੱਲ੍ਹ ਇਨ੍ਹਾਂ ਦੀ ਬਹੁਤ ਕਦਰ ਕਰਦੀ ਹਾਂ।"

### ਕਸਰਤ ਕਿਵੇਂ ਕਰਦੇ ਹਨ

ਕੰਮ ਵਿਚਾਲੇ, ਲੰਬੇ ਠਹਿਰਨ ਵਾਲੇ ਪੁਲਾੜ ਯਾਤਰੀਆਂ ਨੂੰ ਰੋਜ਼ਾਨਾ ਦੋ ਘੰਟੇ ਦੀ ਕਸਰਤ ਕਰਨੀ ਚਾਹੀਦੀ ਹੈ। ਤਿੰਨ ਵੱਖ-ਵੱਖ ਮਸ਼ੀਨਾਂ ਜ਼ੀਰੋ ਗਰੈਵਿਟੀ ਵਿੱਚ ਰਹਿਣ ਦੇ ਪ੍ਰਭਾਵ ਕਾਰਨ ਕਮਜ਼ੋਰ ਹੋਣ ਵਾਲੀਆਂ ਹੱਡੀਆਂ ਨਾਲ ਨਜਿੱਠਣ ਵਿੱਚ ਮਦਦ ਕਰਦੀਆਂ ਹਨ। ਐਡਵਾਂਸਡ ਰੈਸਿਸਟਿਵ ਐਕਸਰਸਾਈਜ਼ ਡਿਵਾਈਸ (ਏਆਰਈਡੀ) ਦੀ ਵਰਤੋਂ ਮਾਸਪੇਸ਼ੀਆਂ ਲਈ ਲਗਭਗ ਸਾਰੀਆਂ ਕਸਰਤਾਂ ਲਈ ਕੀਤੀ ਜਾ ਸਕਦੀ ਹੈ। ਪੁਲਾੜ ਸਟੇਸ਼ਨ ਟ੍ਰੈਡਮਿੱਲਾਂ ਦੀ ਵਰਤੋਂ ਵੀ ਹੁੰਦੀ ਹੈ। ਪਰ ਇਸ ਦੀਆਂ ਪੱਟੀਆਂ ਸਖ਼ਤ ਕਰ ਦਿੱਤੀਆਂ ਜਾਂਦੀਆਂ ਤਾਂ ਉਹ ਉਸ 'ਤੇ ਤੈਰਨ ਨਹੀਂ। ਸਾਈਕਲ ਐਰਗੋਮੀਟਰ ਦੀ ਵਰਤੋਂ ਵੀ ਹੁੰਦੀ ਹੈ।

### 'ਤਿੰਨ ਮਹੀਨਿਆਂ ਲਈ ਟਰਾਊਜ਼ਰ ਦਾ ਇੱਕ ਜੋੜਾ'

ਸਟੌਟ ਦੱਸਦੇ ਹਨ ਕਿ ਕੰਮ ਕਾਰਨ ਬਹੁਤ ਜ਼ਿਆਦਾ ਪਸੀਨਾ ਆਉਂਦਾ ਹੈ, ਜਿਸ ਕਾਰਨ ਇੱਕ ਅਹਿਮ ਮੁੱਦਾ ਕੱਪੜੇ ਧੋਣ ਦਾ ਖੜ੍ਹਾ ਹੋ ਜਾਂਦਾ ਹੈ। ਉਹ ਦੱਸਦੀ ਹੈ, "ਸਾਡੇ ਕੋਲ ਲਾਂਡਰੀ ਨਹੀਂ ਹੈ ਸਿਰਫ਼ ਪਾਣੀ ਜੋ ਬਲੌਬ ਅਤੇ ਕੁਝ ਸਾਬਣ ਵਾਲਾ ਸਮਾਨ ਬਦਲ ਜਾਂਦਾ ਹੈ, ਸਿਰਫ਼ ਉਹੀ ਹੁੰਦਾ ਹੈ।" ਪਸੀਨਾ ਵੱਧ ਆਉਣ ਨਾਲ ਕੱਪੜੇ ਇੰਨੇ ਗੰਦੇ ਹੋ ਜਾਂਦੇ ਹਨ ਕਿ ਉਨ੍ਹਾਂ ਨੂੰ ਇਕ ਮਾਲ ਗੱਡੀ ਵਿਚ ਸੁੱਟ ਦਿੱਤਾ ਜਾਂਦਾ ਹੈ ਜੋ ਵਾਤਾਵਰਣ ਵਿੱਚ ਸੜ ਜਾਂਦੇ ਹਨ। ਉਹ ਅੱਗੇ ਦੱਸਦੇ ਹਨ ਕਿ ਪਰ ਉਨ੍ਹਾਂ ਦੇ ਰੋਜ਼ਾਨਾ ਪਹਿਨਣ ਵਾਲੇ ਕੱਪੜੇ ਸਾਫ-ਸੁਥਰੇ ਹੁੰਦੇ ਹਨ। ਉਨ੍ਹਾਂ ਮੁਤਾਬਕ, "ਉਨ੍ਹਾਂ ਨੂੰ ਕੋਲ ਤਿੰਨ ਮਹੀਨਿਆਂ ਤੱਕ ਪਹਿਨਣ ਲਈ ਪੈਂਟ ਦਾ ਇੱਕੋ ਜੋੜਾ ਸੀ।"

### ਖਾਣਾ ਕੀ ਖਾਂਦੇ ਹਨ

ਜਿੱਥੋਂ ਤੱਕ ਭੋਜਨ ਦੀ ਗੱਲ ਹੈ, ਸਪੇਸ ਵਿੱਚ ਭੋਜਨ ਨੂੰ ਖੋਲ੍ਹਣਾ ਉਲਝਣ ਭਰਿਆ ਕਾਰਾ ਹੋ ਸਕਦਾ ਹੈ। ਸਬਜ਼ੀ ਦੀ ਗ੍ਰੇਵੀ ਗੇਂਦਾਂ ਵਾਂਗ ਬਣ ਕੇ ਤੈਰਦੀ ਰਹਿੰਦੀ ਹੈ। ਦਿਨ ਭਰ ਦੀ ਸਖ਼ਤ ਮਿਹਨਤ ਤੋਂ ਬਾਅਦ, ਰਾਤ ਦੇ ਖਾਣੇ ਦਾ ਸਮਾਂ ਆ ਜਾਂਦਾ ਹੈ। ਸਟੇਸ਼ਨ 'ਤੇ ਭੋਜਨ ਜ਼ਿਆਦਾਤਰ ਪੈਕਟਾਂ ਵਿੱਚ ਹੁੰਦਾ ਹੈ। ਸਟੌਟ ਦੱਸਦੇ ਹਨ, "ਇਹ ਫੌਜੀ ਰਾਸ਼ਨ ਵਰਗਾ ਹੈ ਪਰ ਸਿਹਤਮੰਦ ਹੁੰਦਾ ਹੈ। ਮੇਰੀ ਮਨਪਸੰਦ ਜਾਪਾਨੀ ਕਰੀਆਂ ਜਾਂ ਰੂਸੀ ਅਨਾਜ ਸੂਪ ਹਨ।" ਪਰਿਵਾਰਾਂ ਨੂੰ ਆਪਣਿਆਂ ਲਈ ਬੋਨਸ ਫੂਡ ਪੈਕ ਭੇਜਣ ਲਈ ਕਿਹਾ ਜਾਂਦਾ ਹੈ। ਸਪੇਸ ਸਟੇਸ਼ਨ 'ਤੇ ਚਾਲਕ ਦਲ ਦੇ ਮੈਂਬਰ ਅਕਸਰ ਖਾਣਾ ਸਾਂਝਾ ਕਰਦੇ ਹਨ। ਸਟੌਟ ਮੁਤਾਬਕ, "ਅਸੀਂ 8 ਘੰਟੇ ਸੌਂਦੇ ਹਾਂ ਪਰ ਕਈ ਲੋਕ ਖਿੜਕੀ ਕੋਲ ਰਹਿ ਕੇ ਧਰਤੀ ਵੱਲ ਦੇਖਦੇ ਹਨ।"

ਪਰ ਤਿੰਨੋਂ ਪੁਲਾੜ ਯਾਤਰੀਆਂ ਨੇ ਕਿਹਾ ਕਿ ਉਹ ਇਹ ਨਹੀਂ ਸਮਝਦੇ ਕਿ ਹਰ ਕੋਈ ਕਿਉਂ ਸੋਚਦਾ ਹੈ ਕਿ ਸੁਨੀਤਾ ਵਿਲੀਅਮਜ਼ ਅਤੇ ਬੁਚ ਵਿਲਮੋਰ ਸਿਖ਼ਰ 'ਤੇ ਫਸੇ ਹੋਏ ਹਨ। ਉਹ ਆਖਦੇ ਹਨ, "ਅਸੀਂ ਪੁਲਾੜ ਵਿੱਚ ਵੱਧ ਤੋਂ ਵੱਧ ਸਮਾਂ ਬਿਤਾਉਣਾ ਚਾਹੁੰਦੇ ਸੀ। ਅਸੀਂ ਸਖ਼ਤ ਮਿਹਨਤ ਕੀਤੀ।" "ਤੁਸੀਂ ਇੱਕ ਪੇਸ਼ੇਵਰ ਪੁਲਾੜ ਯਾਤਰੀ ਨੂੰ, ਜਿੰਨਾ ਚਿਰ ਸੰਭਵ ਹੋ ਸਕੇ ਪੁਲਾੜ ਵਿੱਚ ਰੱਖ ਕੇ ਸਭ ਤੋਂ ਵੱਡਾ ਤੋਹਫ਼ਾ ਦੇ ਸਕਦੇ ਹੋ।"

# ਸਧਾਰਨ ਨੌਜਵਾਨ ਤੋਂ ਰਤਨ ਟਾਟਾ ਹੋਣ ਤੱਕ ਦਾ ਸਫ਼ਰ

(ਸਫਾ 15 ਦੀ ਬਾਕੀ)

2000 'ਚ ਉਨ੍ਹਾਂ ਨੇ ਆਪਣੇ ਤੋਂ ਦੁੱਗਣੇ ਬ੍ਰਿਟਿਸ਼ 'ਟੈਟਲੀ' ਗਰੁੱਪ ਨੂੰ ਹਾਸਲ ਕਰਕੇ ਲੋਕਾਂ ਨੂੰ ਹੈਰਾਨ-ਪ੍ਰੇਸ਼ਾਨ ਕਰ ਦਿੱਤਾ। ਅੱਜ ਟਾਟਾ ਦੀ ਗਲੋਬਲ ਬੇਵੇਰੇਜਸ ਦੁਨੀਆ ਦੀ ਦੂਜੀ ਸਭ ਤੋਂ ਵੱਡੀ ਚਾਹ ਕੰਪਨੀ ਹੈ। ਇਸ ਤੋਂ ਬਾਅਦ ਉਨ੍ਹਾਂ ਨੇ ਯੂਰਪ ਦੀ ਦੂਜੀ ਸਭ ਤੋਂ ਵੱਡੀ ਸਟੀਲ ਨਿਰਮਾਣ ਕੰਪਨੀ 'ਕੋਰਸ' ਨੂੰ ਖਰੀਦਿਆ। ਆਲੋਚਕਾਂ ਨੇ ਇਸ ਸੌਦੇ ਦੀ ਸਮਝਦਾਰੀ 'ਤੇ ਸਵਾਲ ਚੁੱਕੇ, ਪਰ ਟਾਟਾ ਗਰੁੱਪ ਨੇ ਇਸ ਕੰਪਨੀ ਨੂੰ ਹਾਸਲ ਕਰਕੇ ਇੱਕ ਤਰ੍ਹਾਂ ਨਾਲ ਆਪਣੀ ਸਮਰੱਥਾ ਸਾਬਤ ਕੀਤੀ। 2009 ਦੇ ਦਿੱਲੀ ਆਟੋ ਐਕਸਪੋ 'ਚ ਉਨ੍ਹਾਂ ਨੇ ਪੀਪਲਜ਼ ਕਾਰ 'ਨੈਨੋ' ਨੂੰ ਜਨਤਕ ਕੀਤਾ, ਜੋ ਕਿ ਇੱਕ ਲੱਖ ਰੁਪਏ ਦੀ ਕੀਮਤ ਵਾਲੀ ਕਾਰ ਸੀ। ਨੈਨੋ ਤੋਂ ਪਹਿਲਾਂ 1998 'ਚ ਟਾਟਾ ਮੋਟਰਸ ਨੇ 'ਇੰਡੀਕਾ' ਕਾਰ ਬਾਜ਼ਾਰ 'ਚ ਉਤਾਰੀ ਸੀ, ਜੋ ਕਿ ਭਾਰਤ 'ਚ ਡਿਜ਼ਾਈਨ ਕੀਤੀ ਗਈ ਪਹਿਲੀ ਕਾਰ ਸੀ।

ਸ਼ੁਰੂ 'ਚ ਤਾਂ ਇਹ ਕਾਰ ਅਸਫਲ ਰਹੀ ਅਤੇ ਰਤਨ ਨੇ ਇਸ ਨੂੰ ਫੋਰਡ ਮੋਟਰ ਕੰਪਨੀ ਨੂੰ ਵੇਚਣ ਦਾ ਫੈਸਲਾ ਕੀਤਾ। ਜਦੋਂ ਰਤਨ ਡੈਟਰਾਇਟ ਗਏ ਤਾਂ ਬਿਲ ਫੋਰਡ ਨੇ ਉਨ੍ਹਾਂ ਤੋਂ ਪੁੱਛਿਆ ਕਿ ਉਹ ਇਸ ਕਿੱਤੇ ਦੀ ਲੋੜੀਂਦੀ ਜਾਣਕਾਰੀ ਤੋਂ ਬਿਨ੍ਹਾਂ ਇਸ ਖੇਤਰ 'ਚ ਕਿਉਂ ਆਏ? ਉਨ੍ਹਾਂ ਨੇ ਟਾਟਾ 'ਤੇ ਤਾਅਨਾ ਮਾਰਿਆ ਕਿ ਜੇਕਰ ਉਹ 'ਇੰਡੀਕਾ' ਨੂੰ ਖਰੀਦਦੇ ਹਨ ਤਾਂ ਉਹ ਭਾਰਤੀ ਕੰਪਨੀ 'ਤੇ ਬਹੁਤ ਅਹਿਸਾਨ ਕਰਨਗੇ।

ਇਸ ਰਵੱਈਏ ਕਾਰਨ ਰਤਨ ਟਾਟਾ ਦੀ ਟੀਮ ਬਹੁਤ ਨਾਰਾਜ਼ ਹੋ ਗਈ ਅਤੇ ਗੱਲਬਾਤ ਮੁਕੰਮਲ ਕੀਤੇ ਬਿਨ੍ਹਾਂ ਹੀ ਉੱਥੋਂ ਚਲੀ ਗਈ। ਇੱਕ ਦਹਾਕੇ ਬਾਅਦ ਸਥਿਤੀ ਬਦਲ ਗਈ ਅਤੇ 2008 'ਚ ਫੋਰਡ ਕੰਪਨੀ ਡੂੰਗੇ ਵਿੱਤੀ ਸੰਕਟ ਦਾ ਸ਼ਿਕਾਰ ਹੋ ਗਈ ਅਤੇ ਉਸ ਨੇ ਬ੍ਰਿਟਿਸ਼ ਲਗਜ਼ਰੀ ਬ੍ਰਾਂਡਾ ਜੈਗੁਆਰ ਅਤੇ ਲੈਂਡਰੋਵਰ ਨੂੰ ਵੇਚਣ ਦਾ ਫੈਸਲਾ ਕੀਤਾ। ਕੂਮੀ ਕਪੂਰ ਲਿਖਦੇ ਹਨ, "ਉਸ ਸਮੇਂ ਬਿਲ ਫੋਰਡ ਨੇ ਮੰਨਿਆ ਕਿ ਭਾਰਤੀ ਕੰਪਨੀ ਫੋਰਡ ਦੀ ਲਗਜ਼ਰੀ ਕਾਰ ਕੰਪਨੀ ਖਰੀਦ ਕੇ ਉਸ 'ਤੇ ਵੱਡਾ ਉਪਕਾਰ ਕਰੇਗੀ। ਰਤਨ ਟਾਟਾ ਨੇ 2.3 ਅਰਬ ਅਮਰੀਕੀ ਡਾਲਰ 'ਚ ਇਨ੍ਹਾਂ ਦੋਵੇਂ ਮਸ਼ਹੂਰ ਬ੍ਰਾਂਡਾਂ ਨੂੰ ਖਰੀਦ ਲਿਆ ਸੀ।"

### ਜੈਗੁਆਰ ਖਰੀਦਣ 'ਤੇ ਟਾਟਾ ਦੀ ਹੋਈ ਆਲੋਚਨਾ

ਪਰ ਕੁਝ ਕਾਰੋਬਾਰੀ ਵਿਸ਼ਲੇਸ਼ਕਾਂ ਨੇ ਰਤਨ ਟਾਟਾ ਦੀਆਂ ਇਨ੍ਹਾਂ ਵੱਡੀਆਂ ਖਰੀਦਾਰੀਆਂ 'ਤੇ ਸਵਾਲ ਵੀ ਚੁੱਕੇ। ਉਨ੍ਹਾਂ ਦੀ ਦਲੀਲ ਸੀ ਕਿ ਰਤਨ ਦੇ ਕਈ ਮਹਿੰਗੇ ਵਿਦੇਸ਼ੀ ਬ੍ਰਾਂਡ ਉਨ੍ਹਾਂ ਦੇ ਲਈ ਮਹਿੰਗੇ ਸਾਬਤ ਹੋਏ ਹਨ। ਟਾਟਾ ਸਟੀਲ ਯੂਰਪ ਇੱਕ ਚਿੱਟਾ ਹਾਥੀ ਸਾਬਤ ਹੋਇਆ ਅਤੇ ਉਸ ਨੇ ਗਰੁੱਪ ਨੂੰ ਇੱਕ ਵੱਡੇ ਕਰਜ਼ੇ ਹੇਠ ਦਬਾ ਦਿੱਤਾ। ਟੀ।ਐਨ ਨੈਨਨ ਲਿਖਦੇ ਹਨ ਕਿ ਰਤਨ ਦੇ ਗਲੋਬਲ ਦਾਅ ਗਰੂਰ ਅਤੇ ਗਲਤ ਸਮੇਂ ਦਾ ਮਿਸ਼ਰਨ ਸਨ। ਇੱਕ ਵਿੱਤੀ ਵਿਸ਼ਲੇਸ਼ਕ ਨੇ ਕਿਹਾ, "ਪਿਛਲੇ 2 ਦਹਾਕਿਆਂ 'ਚ ਭਾਰਤੀ ਵਪਾਰ 'ਚ ਸਭ ਤੋਂ ਵੱਡਾ ਮੌਕਾ ਦੂਰਸੰਚਾਰ ਦੇ ਖੇਤਰ 'ਚ ਸੀ, ਪਰ ਰਤਨ ਨੇ ਘੱਟ ਤੋਂ ਘੱਟ ਸ਼ੁਰੂ 'ਚ ਇਸ ਨੂੰ ਗੁਆ ਹੀ ਦਿੱਤਾ।"

ਮਸ਼ਹੂਰ ਪੱਤਰਕਾਰ ਸੁਚੇਤਾ ਦਲਾਲ ਨੇ ਕਿਹਾ, "ਰਤਨ ਕੋਲੋਂ ਇੱਕ ਤੋਂ ਬਾਅਦ ਇੱਕ ਗਲਤੀ ਹੋਈ। ਉਨ੍ਹਾਂ ਦਾ ਗਰੁੱਪ ਜੈਗੁਆਰ ਨੂੰ ਖਰੀਦ ਕੇ ਵਿੱਤੀ ਸੰਕਟ ਹੇਠ ਆ ਗਿਆ। ਪਰ ਟਾਟਾ ਕੰਸਲਟੈਂਸੀ ਸਰਵਿਸ ਮਤਲਬ ਟੀਸੀਐਸ ਨੇ ਹਮੇਸ਼ਾ ਟਾਟਾ ਗਰੁੱਪ ਨੂੰ ਮੋਹਰੀ ਰੱਖਿਆ। ਇਸ ਕੰਪਨੀ ਨੇ ਸਾਲ 2015 'ਚ ਟਾਟਾ ਗਰੁੱਪ ਦੇ ਸ਼ੁੱਧ ਲਾਭ 'ਚ 60% ਤੋਂ ਵੱਧ ਦਾ ਯੋਗਦਾਨ ਦਿੱਤਾ। 2016 'ਚ ਅੰਬਾਨੀ ਦੀ ਰਿਲਾਇੰਸ ਤੋਂ ਵੀ ਅੱਗੇ ਕਿਸੇ ਵੀ ਭਾਰਤੀ ਫਰਮ ਦੀ ਸਭ ਤੋਂ ਵੱਡੀ ਮਾਰਕਿਟ ਪੂੰਜੀ ਇਸ ਕੰਪਨੀ ਕੋਲ ਹੀ ਸੀ।"

### ਨੀਰਾ ਰਾਡੀਆ, ਤਨਿਸ਼ਕਾ ਅਤੇ ਸਾਇਰਸ ਮਿਸਤਰੀ ਨਾਲ ਜੁੜੇ ਵਿਵਾਦ

2010 'ਚ ਰਤਨ ਟਾਟਾ ਇੱਕ ਵੱਡੇ ਵਿਵਾਦ 'ਚ ਫਸ ਗਏ, ਜਦੋਂ ਲਾਬੀਸਟ ਨੀਰਾ ਰਾਡੀਆ ਨਾਲ ਉਨ੍ਹਾਂ ਦੀ ਟੈਲੀਫੋਨਿਕ ਗੱਲਬਾਤ ਲੀਕ ਹੋ ਗਈ ਸੀ। ਅਕਤੂਬਰ 2020 'ਚ ਟਾਟਾ ਗਰੁੱਪ ਦੇ ਆਪਣੇ ਗਹਿਣਿਆਂ ਦੇ ਬ੍ਰਾਂਡ ਤਨਿਸ਼ਕ ਵੱਲੋਂ ਇੱਕ ਇਸ਼ਤਿਹਾਰ ਨੂੰ ਜਲਦੀ ਨਾਲ ਵਾਪਸ ਲੈਣ 'ਤੇ ਵੀ ਰਤਨ ਟਾਟਾ ਦੀ ਕਾਫ਼ੀ ਆਲੋਚਨਾ ਹੋਈ ਸੀ। ਇਸ ਇਸ਼ਤਿਹਾਰ 'ਚ ਸਾਰੇ ਧਰਮਾਂ ਨੂੰ ਬਰਾਬਰ ਮੰਨਣ ਵਾਲੇ ਇੱਕ ਏਕੀਕ੍ਰਿਤ ਭਾਰਤ ਦਾ ਪ੍ਰਭਾਵਸ਼ਾਲੀ ਚਿਤਰਨ ਕੀਤਾ ਗਿਆ ਸੀ। ਇਸ ਇਸ਼ਤਿਹਾਰ ਨੂੰ ਸੱਜੇ-ਪੱਖੀ ਟ੍ਰੋਲਸ ਦਾ ਸਾਹਮਣਾ ਤੱਕ ਕਰਨਾ ਪਿਆ ਸੀ।

ਆਖਰਕਾਰ ਤਨਿਸ਼ਕ ਨੂੰ ਦਬਾਅ ਦੇ ਮੱਦੇਨਜ਼ਰ ਇਸ ਇਸ਼ਤਿਹਾਰ ਨੂੰ ਤੁਰੰਤ ਵਾਪਸ ਲੈਣਾ ਪਿਆ ਸੀ। ਕੁਝ ਲੋਕਾਂ ਦਾ ਮੰਨਣਾ ਸੀ ਕਿ ਜੇਕਰ ਜੇਆਰਡੀ ਅੱਜ ਜ਼ਿੰਦਾ ਹੁੰਦੇ ਤਾਂ ਉਹ ਇਸ ਤਰ੍ਹਾਂ ਦੇ ਦਬਾਅ ਅੱਗੇ ਨਾ ਝੁੱਕਦੇ। ਰਤਨ ਉਸ ਸਮੇਂ ਵੀ ਸਵਾਲਾਂ ਦੇ ਘੇਰੇ 'ਚ ਆਏ ਜਦੋਂ ਉਨ੍ਹਾਂ ਨੇ 24 ਅਕਤੂਬਰ, 2016 ਨੂੰ ਟਾਟਾ ਸਮੂਹ ਦੇ ਮੁਖੀ ਸਾਇਰਸ ਮਿਸਤਰੀ ਨੂੰ ਇੱਕ ਘੰਟੇ ਤੋਂ ਵੀ ਘੱਟ ਸਮੇਂ ਦੇ ਨੋਟਿਸ 'ਤੇ ਬਰਖਾਸਤ ਕਰ ਦਿੱਤਾ ਸੀ।

### ਟਾਟਾ ਨੂੰ ਬਣਾਇਆ ਭਰੋਸੇਮੰਦ ਬ੍ਰਾਂਡ

ਪਰ ਇਸ ਸਭ ਦੇ ਬਾਵਜੂਦ ਰਤਨ ਟਾਟਾ ਦੀ ਗਿਣਤੀ ਹਮੇਸ਼ਾਂ ਹੀ ਭਾਰਤ ਦੇ ਸਭ ਤੋਂ ਭਰੋਸੇਮੰਦ ਉਦਯੋਗਪਤੀਆਂ 'ਚ ਰਹੀ ਹੈ। ਜਦੋਂ ਭਾਰਤ 'ਚ ਕੋਵਿਡ ਮਹਾਮਾਰੀ ਫੈਲੀ ਤਾਂ ਰਤਨ ਨੇ ਤੁਰੰਤ ਟਾਟਾ ਟਰੱਸਟਾਂ ਵੱਲੋਂ 500 ਕਰੋੜ ਰੁਪਏ ਅਤੇ 1000 ਕਰੋੜ ਰੁਪਏ ਟਾਟਾ ਕੰਪਨੀਆਂ ਵੱਲੋਂ ਜਾਰੀ ਕੀਤੇ ਤਾਂ ਜੋ ਮਹਾਮਾਰੀ ਅਤੇ ਤਾਲਾਬੰਦੀ ਕਾਰਨ ਆਰਥਿਕ ਨਤੀਜਿਆਂ ਨਾਲ ਨਜਿੱਠਿਆ ਜਾ ਸਕੇ।

ਖੁਦ ਨੂੰ ਗੰਭੀਰ ਜੋਖਮ 'ਚ ਪਾਉਣ ਵਾਲੇ ਡਾਕਟਰਾਂ ਅਤੇ ਸਿਹਤ ਕਰਮਚਾਰੀਆਂ ਦੇ ਰਹਿਣ ਲਈ ਆਪਣੇ ਲਗਜ਼ਰੀ ਹੋਟਲਾਂ ਦੀ ਵਰਤੋਂ ਦੀ ਪੇਸ਼ਕਸ਼ ਕਰਨ ਵਾਲੇ ਪਹਿਲੇ ਵਿਅਕਤੀ ਵੀ ਰਤਨ ਟਾਟਾ ਹੀ ਸਨ। ਅੱਜ ਵੀ ਭਾਰਤੀ ਟਰੱਕ ਡਰਾਇਵਰ ਆਪਣੇ ਵਾਹਨਾਂ ਦੇ ਪਿੱਛੇ 'ਓਕੇ ਟਾਟਾ' ਲਿਖਵਾਉਂਦੇ ਹਨ ਤਾਂ ਜੋ ਇਹ ਪਤਾ ਲੱਗ ਸਕੇ ਕਿ ਇਹ ਟਰੱਕ ਟਾਟਾ ਦਾ ਹੈ ਅਤੇ ਇਸ ਲਈ ਭਰੋਸੇਮੰਦ ਹੈ।

ਟਾਟਾ ਦੇ ਕੋਲ ਇੱਕ ਵਿਸ਼ਾਲ ਆਲਮੀ ਫੁੱਟਪ੍ਰਿੰਟ ਵੀ ਹੈ। ਇਹ ਜੈਗੁਆਰ ਅਤੇ ਲੈਂਡਰੋਵਰ ਕਾਰਾਂ ਦਾ ਨਿਰਮਾਣ ਕਰਦਾ ਹੈ ਅਤੇ ਟਾਟਾ ਕੰਸਲਟੈਂਸੀ ਸਰਵਿਸਿਜ਼ ਦੁਨੀਆ ਦੀਆਂ ਪ੍ਰਸਿੱਧ ਸਾਫਟਵੇਅਰ ਕੰਪਨੀਆਂ 'ਚੋਂ ਇੱਕ ਹੈ।

# ਹੁਣ ਚਿਹਰਾ ਦੇਖ ਕੇ ਬੀਪੀ-ਸ਼ੂਗਰ ਤੇ ਦਿਲ ਦੀ ਧੜਕਣ ਦੱਸ ਦੇਵੇਗਾ ਸਾਫਟਵੇਅਰ

ਸਿਹਤ ਸੇਵਾਵਾਂ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਨਵੀਂ ਵਰਤੋਂ ਮੈਡੀਕਲ ਵਿਗਿਆਨ ਨੂੰ ਇੱਕ ਨਵੇਂ ਆਯਾਮ ਵੱਲ ਲੈ ਜਾ ਰਹੀ ਹੈ। ਸਟਾਰਟਅੱਪ ਏਆਈ-ਵੋਟ ਨੇ ਇੱਕ ਏ. ਆਈ. ਅਧਾਰਿਤ ਸਾਫਟਵੇਅਰ ਤਿਆਰ ਕੀਤਾ ਹੈ ਜੋ ਚਿਹਰੇ ਨੂੰ ਪੜ੍ਹੇਗਾ ਅਤੇ ਬਲੱਡ ਪ੍ਰੈਸ਼ਰ, ਸ਼ੂਗਰ, ਦਿਲ ਦੀ ਧੜਕਣ, ਹੀਮੋਗਲੋਬਿਨ ਅਤੇ ਤਣਾਅ ਦੇ ਪੱਧਰਾਂ ਬਾਰੇ ਸਹੀ ਜਾਣਕਾਰੀ ਦੇਵੇਗਾ। ਇਸ ਤਕਨੀਕ ਨੂੰ ਏਆਈ-ਵੋਟ ਮੈਨੇਜਿੰਗ ਡਾਇਰੈਕਟਰ ਪ੍ਰਦੀਪ ਗੁਪਤਾ ਅਤੇ ਸੀਈਓ ਆਲੋਕ ਤਿਵਾਰੀ ਦੁਆਰਾ ਵਿਕਸਤ ਕੀਤਾ ਗਿਆ ਹੈ।

### ਸਾਫਟਵੇਅਰ ਦੀਆਂ ਖ਼ੂਬੀਆਂ

ਮੋਤੀ ਲਾਲ ਨਹਿਰੂ ਨੈਸ਼ਨਲ ਇੰਸਟੀਚਿਊਟ ਆਫ ਟੈਕਨਾਲੋਜੀ ਵਿਖੇ ਆਯੋਜਿਤ ਸਟਾਰਟਅੱਪ ਸੰਗਮ ਪ੍ਰੋਗਰਾਮ ਦੇ ਆਖਰੀ ਦਿਨ, ਮੋਤੀ ਲਾਲ ਨਹਿਰੂ ਨੈਸ਼ਨਲ ਇੰਸਟੀਚਿਊਟ ਆਫ ਟੈਕਨਾਲੋਜੀ ਦੇ 1983 ਬੈਚ ਦੇ ਸਾਬਕਾ ਵਿਦਿਆਰਥੀ ਪ੍ਰਦੀਪ ਗੁਪਤਾ ਨੇ ਤਿਆਰ ਕੀਤੇ ਗਏ ਸਾਫਟਵੇਅਰ ਦੀਆਂ ਖ਼ੂਬੀਆਂ ਨੂੰ ਸਾਂਝਾ ਕੀਤਾ।

ਇਸ ਸਾਫਟਵੇਅਰ 'ਚ ਫੋਟੋ ਪਲੇਥੀਸਮੋਗ੍ਰਾਫੀ ਤਕਨੀਕ ਦੀ ਵਰਤੋਂ ਕੀਤੀ ਗਈ ਹੈ, ਜੋ ਚਮੜੀ ਦੇ ਹੇਠਾਂ ਖ਼ੂਨ ਦੇ ਵਹਾਅ ਨੂੰ ਮਾਪਣ 'ਚ ਸਮਰੱਥ ਹੈ। ਪ੍ਰਦੀਪ ਗੁਪਤਾ ਦਾ ਕਹਿਣਾ ਹੈ ਕਿ ਪੀਪੀਜੀ ਦਾ ਮੁੱਖ ਸਿਧਾਂਤ ਇਹ ਹੈ ਕਿ ਜਦੋਂ ਚਮੜੀ 'ਤੇ ਰੋਸ਼ਨੀ ਚਮਕਦੀ ਹੈ, ਤਾਂ ਖ਼ੂਨ ਦੀ ਮਾਤਰਾ ਦੇ ਆਧਾਰ 'ਤੇ ਇਸ ਦਾ ਸੋਖਣ ਅਤੇ ਪ੍ਰਤੀਬਿੰਬ ਬਦਲਦਾ ਹੈ।

ਜਦੋਂ ਕੋਈ ਵਿਅਕਤੀ ਮੋਬਾਈਲ ਕੈਮਰੇ ਨੂੰ ਇੱਕ ਮਿੰਟ ਲਈ ਚਿਹਰੇ 'ਤੇ ਫੋਕਸ ਕਰਦਾ ਹੈ, ਤਾਂ ਸਾਫਟਵੇਅਰ ਵੱਖ-ਵੱਖ ਸਿਹਤ ਮਾਪਦੰਡਾਂ ਨੂੰ ਰਿਕਾਰਡ ਕਰਦਾ ਹੈ ਅਤੇ ਸਰਵਰ ਨੂੰ ਨਿਯਮਿਤ ਤੌਰ 'ਤੇ ਡਾਟਾ ਭੇਜਦਾ ਹੈ। ਜਿਸ ਨੂੰ ਡਾਕਟਰ ਅਤੇ ਪਰਿਵਾਰਕ ਮੈਂਬਰ ਦੇਖ ਸਕਦੇ ਹਨ।

ਸਿਹਤ ਨਾਲ ਸਬੰਧਤ ਸਮੱਸਿਆ ਦੀ ਸਥਿਤੀ ਵਿੱਚ, ਸਾਫਟਵੇਅਰ ਤੁਰੰਤ ਚੇਤਾਵਨੀ ਸੁਨੇਹਾ ਭੇਜਦਾ ਹੈ। ਸ਼ੁਰੂਆਤੀ ਟੈਸਟਾਂ ਵਿੱਚ, ਇਸ ਸਾਫਟਵੇਅਰ ਦੀ ਸ਼ੁੱਧਤਾ ਦਾ ਅੰਦਾਜ਼ਾ 95 ਫੀਸਦੀ ਲਗਾਇਆ ਗਿਆ ਹੈ। ਕੁਝ ਵੱਡੇ ਹਸਪਤਾਲਾਂ ਨੇ ਵੀ ਇਸ ਦੀ ਵਰਤੋਂ ਕਰਨੀ ਸ਼ੁਰੂ ਕਰ ਦਿੱਤੀ ਹੈ, ਅਤੇ ਇਹ ਮਰੀਜ਼ਾਂ ਨੂੰ ਉਨ੍ਹਾਂ ਦੀ ਸਿਹਤ ਦੀ ਨਿਯਮਤ ਨਿਗਰਾਨੀ ਕਰਨ ਵਿੱਚ ਮਦਦ ਕਰ ਰਿਹਾ ਹੈ।

# ਕਿਸਾਨ ਅੰਦੋਲਨ, ਅਗਨੀਪੱਥ ਸਕੀਮ ਜਿਹੇ ਮੁੱਦਿਆਂ ਦੇ ਬਾਵਜੂਦ ਕਾਂਗਰਸ ਕਿਉਂ ਹਾਰੀ?

ਹਰਿਆਣਾ 'ਚ ਕਿਸਾਨ ਅੰਦੋਲਨ, ਅਗਨੀਪੱਥ ਸਕੀਮ, ਭਲਵਾਨਾਂ ਦੇ ਰੋਸ ਜਿਹੇ ਮੁੱਦਿਆਂ ਦੇ ਹੁੰਦਿਆਂ ਵੀ ਭਾਜਪਾ ਪਹਿਲਾਂ ਨਾਲੋਂ ਵੀ ਜ਼ੋਰਦਾਰ ਰੂਪ 'ਚ ਸੱਤਾ 'ਚ ਵਾਪਸੀ ਕਰਨ ਜਾ ਰਹੀ ਹੈ। ਭਾਰਤੀ ਜਨਤਾ ਪਾਰਟੀ ਨੇ 90 ਵਿੱਚੋਂ 48 ਸੀਟਾਂ ਉੱਤੇ ਜਿੱਤ ਹਾਸਲ ਕੀਤੀ ਹੈ ਜਦਕਿ ਕਾਂਗਰਸ 37 ਸੀਟਾਂ ਨਾਲ ਬਹੁਮਤ ਤੋਂ ਖੁੰਝ ਗਈ। ਭਾਰਤੀ ਜਨਤਾ ਪਾਰਟੀ ਨੂੰ 39।94 ਫ਼ੀਸਦ ਵੋਟਾਂ ਪਈਆਂ ਜਦਕਿ ਕਾਂਗਰਸ ਨੂੰ 39।04 ਫ਼ੀਸਦ ਵੋਟਾਂ ਪਈਆਂ। ਜਿੱਤ ਮਗਰੋਂ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ, "ਹਰਿਆਣਾ ਦੇ ਗਰੀਬਾਂ, ਕਿਸਾਨਾਂ, ਮਹਿਲਾਵਾਂ ਤੇ ਨੌਜਵਾਨਾਂ ਨੇ ਭਾਰਤੀ ਜਨਤਾ ਪਾਰਟੀ ਦੇ ਕੰਮਾਂ ਉੱਤੇ ਤੀਜੀ ਵਾਰ ਮੋਹਰ ਲਾਈ ਹੈ।"

ਉੱਥੇ ਹੀ ਹਰਿਆਣਾ ਵਿੱਚ ਕਾਂਗਰਸ ਦਾ ਦਲਿਤ ਚਿਹਰਾ ਮੰਨੀ ਜਾਂਦੀ ਐੱਮਪੀ ਕੁਮਾਰੀ ਸ਼ੈਲਜਾ ਨੇ ਕਿਹਾ, "ਨਤੀਜੇ ਨਿਰਾਸ਼ਾਜਨਕ ਹਨ, ਸ਼ਾਇਦ ਕਿਸਾਨ, ਜਵਾਨ ਤੇ ਭਲਵਾਨਾਂ ਦੇ ਮੁੱਦੇ ਉੱਨੇ ਭਾਰੇ ਨਹੀਂ ਪਏ, ਪਰ ਅਜਿਹਾ ਸਾਰੀਆਂ ਸੀਟਾਂ ਉੱਤੇ ਨਹੀਂ ਹੋਇਆ, ਹਾਰ ਲਈ ਹੋਰ ਵੀ ਕਾਰਨ ਹੋ ਸਕਦੇ ਹਨ।" ਚੋਣਾਂ ਤੋਂ ਪਹਿਲਾਂ ਸਿਆਸੀ ਤੇ ਮੀਡੀਆ ਹਲਕਿਆਂ ਵਿੱਚ ਇਹ ਚਰਚਾ ਸੀ ਕਿ ਹਰਿਆਣਾ 'ਚ 'ਕਾਂਗਰਸ ਦੀ ਹਵਾ' ਦਾ ਭਾਜਪਾ ਨੂੰ ਭਾਰੀ ਨੁਕਸਾਨ ਪਹੁੰਚੇਗਾ। ਇਸੇ ਸਾਲ(2024) ਵਿੱਚ ਹੋਈਆਂ ਲੋਕ ਸਭਾ ਚੋਣਾਂ ਵਿੱਚ ਕਾਂਗਰਸ ਪਾਰਟੀ ਨੇ ਸੂਬੇ ਦੀਆਂ ਕੁਲ 10 ਲੋਕ ਸਭਾ ਸੀਟਾਂ ਵਿੱਚੋਂ 5 ਉੱਤੇ ਜਿੱਤ ਹਾਸਲ ਕੀਤੀ ਸੀ।ਇਨ੍ਹਾਂ ਚੋਣਾਂ ਵਿੱਚ ਭਾਰਤੀ ਜਨਤਾ ਪਾਰਟੀ ਨੂੰ 46.11 ਫ਼ੀਸਦ ਜਦਕਿ ਕਾਂਗਰਸ ਨੂੰ 43।67 ਫ਼ੀਸਦ ਵੋਟਾਂ ਪਈਆਂ ਸਨ।

2019 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਭਾਰਤੀ ਜਨਤਾ ਪਾਰਟੀ ਨੇ 90 ਵਿੱਚੋਂ 40 ਸੀਟਾਂ ਉੱਤੇ ਜਿੱਤ ਹਾਸਲ ਕੀਤੀ ਸੀ। ਭਾਜਪਾ ਨੂੰ 36.49 ਫ਼ੀਸਦੀ ਵੋਟਾਂ ਮਿਲੀਆਂ ਸਨ। ਕਾਂਗਰਸ ਨੂੰ 31 ਸੀਟਾਂ 'ਤੇ ਜਿੱਤ ਮਿਲੀ ਸੀ ਤੇ ਇਸ ਨੇ 28.08 ਫ਼ੀਸਦੀ ਵੋਟਾਂ ਹਾਸਲ ਕੀਤੀਆਂ ਸਨ। 2019 'ਚ ਭਾਰਤੀ ਜਨਤਾ ਪਾਰਟੀ ਨੇ ਜਨਤਾ ਜਨਨਾਇਕ ਪਾਰਟੀ (10 ਸੀਟਾਂ, 14.84 ਫ਼ੀਸਦ) ਤੇ ਕਈ ਆਜ਼ਾਦ ਉਮੀਦਵਾਰਾਂ ਨਾਲ ਰਲ ਕੇ ਸਰਕਾਰ ਬਣਾਈ ਸੀ। ਸਾਲ 2019 ਦੀਆਂ ਲੋਕਸਭਾ ਚੋਣਾਂ 'ਚ ਭਾਰਤੀ ਜਨਤਾ ਪਾਰਟੀ ਨੇ 10 ਦੀਆਂ 10 ਸੀਟਾਂ ਵਿੱਚ ਜਿੱਤ ਹਾਸਲ ਕੀਤੀ ਸੀ।ਭਾਜਪਾ ਦਾ ਵੋਟ ਸ਼ੇਅਰ 58 ਫ਼ੀਸਦ ਤੋਂ ਵੀ ਵੱਧ ਸੀ। ਇਹ ਉਮੀਦ ਕੀਤੀ ਜਾ ਰਹੀ ਸੀ ਕਿ ਹਰਿਆਣਾ ਵਿੱਚ ਸੱਤਾ ਵਿਰੋਧੀ ਲਹਿਰ ਦੇ ਦਮ ਉੱਤੇ ਕਾਂਗਰਸ ਸੂਬੇ ਦੀ ਸੱਤਾ ਉੱਤੇ 10 ਸਾਲਾਂ ਬਾਅਦ ਵਾਪਸੀ ਕਰੇਗੀ। ਮਾਹਰਾਂ ਦਾ ਕਹਿਣਾ ਹੈ ਕਿ ਹਾਲਾਂਕਿ ਕਿਸਾਨ ਅੰਦੋਲਨ, ਅਗਨੀਪੱਥ ਸਕੀਮ, ਭਲਵਾਨਾਂ ਦਾ ਰੋਸ, ਪਰਵਾਸ ਅਤੇ ਬੇਰੁਜ਼ਗਾਰੀ ਜਿਹੇ ਮੁੱਦੇ ਵੋਟਾਂ 'ਚ ਅਸਰਦਾਰ ਤਾਂ ਰਹੇ ਪਰ ਕਾਂਗਰਸ ਨੂੰ ਸੱਤਾ ਤੱਕ ਨਹੀਂ ਪਹੁੰਚਾ ਸਕੇ। ਮਾਹਰਾਂ ਦਾ ਮੰਨਣਾ ਹੈ ਕਿ ਭਾਜਪਾ ਨੇ ਇਨ੍ਹਾਂ ਮੁੱਦਿਆਂ ਦਾ ਪਛਾਣਾਂ ਦੇ ਜੋੜ-ਤੋੜ ਦੀ ਸਿਆਸਤ ਨਾਲ ਮੁਕਾਬਲਾ ਕੀਤਾ। ਇਸ ਦੇ ਨਾਲ ਹੀ ਕਾਂਗਰਸ ਵਿਚਲੀ ਅੰਦਰੂਨੀ ਫੁੱਟ ਤੇ ਭਾਜਪਾ ਦੇ ਓਬੀਸੀ ਚਿਹਰਾ ਲਿਆਉਣ ਜਿਹੇ ਕਦਮਾਂ ਨੇ ਵੀ ਚੋਣਾਂ ਦੇ ਨਤੀਜਿਆਂ ਉੱਤੇ ਅਸਰ ਪਾਇਆ। ਹਰਿਆਣਾ ਚੋਣਾਂ ਦੇ ਨਤੀਜਿਆਂ ਨਾਲ ਜੁੜੇ ਮੁੱਖ ਸਵਾਲਾਂ ਬਾਰੇ ਅਸੀਂ ਇੱਥੇ ਵਿਸਤਾਰ ਨਾਲ ਚਰਚਾ ਕਰਾਂਗੇ।

**ਕਿਸਾਨ ਅੰਦੋਲਨ 'ਫੈਕਟਰ' ਕੰਮ ਕਿਉਂ ਨਹੀਂ ਕੰਮ ਕੀਤਾ**

2020-21 ਵਿੱਚ ਕੇਂਦਰ ਸਰਕਾਰ ਵੱਲੋਂ ਲਿਆਂਦੇ ਗਏ ਤਿੰਨ ਖੇਤੀ ਕਾਨੂੰਨਾਂ ਦੇ ਵਿਰੋਧ ਵਿੱਚ ਚੱਲੇ ਕਿਸਾਨ ਅੰਦੋਲਨ 'ਚ ਹਰਿਆਣਾ ਦੇ ਕਿਸਾਨਾਂ ਵੱਲੋਂ ਵੀ ਵੱਡੇ ਪੱਧਰ ਉੱਤੇ ਸ਼ਮੂਲੀਅਤ ਕੀਤੀ ਗਈ ਸੀ। ਕਿਸਾਨਾਂ ਵੱਲੋਂ ਐੱਮਐੱਸਪੀ ਦੀ ਕਾਨੂੰਨੀ ਗਾਰੰਟੀ ਜਿਹੀਆਂ ਮੰਗਾਂ ਨੂੰ ਲੈ ਕੇ ਅੰਦੋਲਨ ਸ਼ੁਰੂ ਕੀਤਾ ਗਿਆ ਸੀ। ਇਸ ਮਗਰੋਂ 2023 ਵਿੱਚ ਸ਼ੁਰੂ ਹੋਏ ਕਿਸਾਨ ਅੰਦੋਲਨ ਦਾ ਵੀ ਹਰਿਆਣਾ ਵਿੱਚ ਅਸਰ ਦੇਖਣ ਨੂੰ ਮਿਲਿਆ ਸੀ। ਵਿਧਾਨ ਸਭਾ ਚੋਣਾਂ ਦੇ ਪ੍ਰਚਾਰ ਦੌਰਾਨ ਵੀ ਉੱਤਰੀ ਹਰਿਆਣਾ 'ਚ ਭਾਜਪਾ ਆਗੂਆਂ ਨੂੰ



ਕਿਸਾਨਾਂ ਦੇ ਵਿਰੋਧ ਦਾ ਸਾਹਮਣਾ ਕਰਨਾ ਪਿਆ। ਪਰ ਇਸ ਦਾ ਚੋਣਾਂ 'ਚ ਅਸਰ ਕਿਉਂ ਨਹੀਂ ਦਿਖਿਆ?

ਹਰਿਆਣਾ ਦੀ ਸਿਆਸਤ ਬਾਰੇ 'ਪੌਲਿਟਿਕਸ ਆਫ ਚੌਧਰ' ਨਾਂ ਦੀ ਕਿਤਾਬ ਦੇ ਲੇਖਕ ਸਤੀਸ਼ ਤਿਆਗੀ ਕਹਿੰਦੇ ਹਨ, "ਕਿਸਾਨ ਅੰਦੋਲਨ, ਅਗਨੀਪੱਥ ਸਕੀਮ ਜਿਹੇ ਮੁੱਦੇ ਆਪਣੀ ਥਾਂ ਉੱਤੇ ਕਾਮਯਾਬ ਰਹੇ ਹਨ ਪਰ ਇਹ ਮੁੱਦੇ ਸਿੱਧੇ ਤੌਰ ਉੱਤੇ 'ਜਾਟ' ਭਾਈਚਾਰੇ ਨਾਲ ਜੁੜੇ ਸਨ ਅਤੇ ਬਾਕੀਆਂ 'ਤੇ ਇਨ੍ਹਾਂ ਦਾ ਉੱਨਾ ਪ੍ਰਭਾਵ ਨਹੀਂ ਸੀ।" ਉਹ ਦੱਸਦੇ ਹਨ, "ਜਿਹੜੇ ਲੋਕ ਹਰਿਆਣਾ ਵਿੱਚ ਜਾਟ ਡੋਮੀਨੈਂਸ (ਦਬਦਬੇ) ਤੋਂ ਦੁਖੀ ਸਨ ਉਨ੍ਹਾਂ ਨੂੰ ਇਹ ਵਿਸ਼ਵਾਸ ਨਹੀਂ ਹੋਇਆ ਕਿ ਕਾਂਗਰਸ ਜਾਟਾਂ ਦੇ ਦਬਦਬੇ 'ਚ ਉਨ੍ਹਾਂ ਦਾ ਭਲਾ ਕਰ ਸਕੇਗੀ।"

ਉਹ ਦੱਸਦੇ ਹਨ ਕਿ ਦੂਜੇ ਪਾਸੇ ਕਾਂਗਰਸ ਦੀ ਦਿੱਕਤ ਇਹ ਹੈ ਕਿ ਜੇਕਰ ਉਹ ਗ਼ੈਰ-ਜਾਟ ਨੂੰ ਮੁੱਖ ਮੰਤਰੀ ਦੇ ਅਹੁਦੇ ਲਈ ਪੇਸ਼ ਕਰਦੀ ਹੈ ਤਾਂ ਬਾਕੀ ਭਾਈਚਾਰੇ ਉਨ੍ਹਾਂ ਤੋਂ ਟੁੱਟ ਜਾਣਗੇ ਤੇ ਇੰਡੀਅਨ ਨੈਸ਼ਨਲ ਲੋਕ ਦਲ ਅਤੇ ਜਨਤਾ ਜਨਨਾਇਕ ਪਾਰਟੀ ਜਿਹੀਆਂ ਜਾਟ ਧਿਰਾਂ ਨੂੰ ਫਾਇਦਾ ਮਿਲੇਗਾ। ਹਰਿਆਣਾ ਵਿੱਚ ਪਿਛਲੇ ਚਾਰ ਦਹਾਕਿਆਂ ਤੋਂ ਪੱਤਰਕਾਰੀ ਕਰ ਰਹੇ ਸੁਮਨ ਭਟਨਾਗਰ ਦੱਸਦੇ ਹਨ ਕਿ ਕਿਸਾਨ ਅੰਦੋਲਨ ਦਾ ਲੋਕ ਸਭਾ ਚੋਣਾਂ ਵਿੱਚ ਤਾਂ ਅਸਰ ਦਿਖਿਆ, ਪਰ ਇਹ ਸੋਚਿਆ ਜਾ ਰਿਹਾ ਸੀ ਕਾਂਗਰਸ ਆਪਣਾ ਪ੍ਰਦਰਸ਼ਨ ਚੰਗਾ ਕਰੇਗੀ ਪਰ ਅਜਿਹਾ ਨਹੀਂ ਹੋਇਆ।

ਸਤੀਸ਼ ਤਿਆਗੀ ਕਹਿੰਦੇ ਹਨ ਕਿ ਚੋਣਾਂ ਵਿੱਚ ਕਿਸਾਨਾਂ ਦਾ ਵਿਰੋਧ, ਬੇਰੁਜ਼ਗਾਰੀ ਤੇ ਅਗਨੀਪੱਥ ਜਿਹੇ ਮੁੱਦੇ ਸਨ ਪਰ ਉਹ ਕੁਝ 'ਲੋਕਲ ਫੈਕਟਰਜ਼' ਦੇ ਅੱਗੇ ਇੰਨੇ ਪ੍ਰਭਾਵਸ਼ਾਲੀ ਨਹੀਂ ਰਹੇ।

ਅਗਨੀਪੱਥ ਸਕੀਮ ਤੇ ਭਲਵਾਨਾਂ ਦੇ ਮੁੱਦੇ ਦਾ ਅਸਰ ਕਿਉਂ ਨਹੀਂ ਹੋਇਆ। ਕੇਂਦਰ ਸਰਕਾਰ ਵੱਲੋਂ ਸਾਲ 2022 ਵਿੱਚ ਭਾਰਤੀ ਫੌਜ ਵਿੱਚ ਭਰਤੀ ਲਈ ਅਗਨੀਪੱਥ ਯੋਜਨਾ ਸ਼ੁਰੂ ਕੀਤੀ ਸੀ। ਇਸ ਤਹਿਤ ਭਰਤੀ ਹੋਏ ਜਵਾਨਾਂ ਦੀ ਨੌਕਰੀ 4 ਸਾਲ ਤੱਕ ਸੀਮਤ ਕਰ ਦਿੱਤੀ ਗਈ ਸੀ। ਇਸ ਯੋਜਨਾ ਮੁਤਾਬਕ ਭਰਤੀ ਹੋਏ ਨੌਜਵਾਨਾਂ ਵਿੱਚੋਂ 25 ਫ਼ੀਸਦ ਨੂੰ ਹੀ ਪੱਕੀ ਨੌਕਰੀ ਲਈ ਰੱਖਿਆ ਜਾਵੇਗਾ। ਹਰਿਆਣਾ ਵਿੱਚ ਫੌਜ ਦੀ ਭਰਤੀ ਲਈ ਜਾਣ ਵਾਲੇ ਨੌਜਵਾਨਾਂ ਵਿੱਚ ਸਰਕਾਰ ਦੇ ਇਸ ਫ਼ੈਸਲੇ ਕਾਰਨ ਨਿਰਾਸ਼ਾ ਸੀ।

ਇਹ ਮੰਨਿਆ ਜਾ ਰਿਹਾ ਸੀ ਕਿ ਇਹ ਮੁੱਦਾ ਚੋਣਾਂ ਵਿੱਚ ਫ਼ੈਸਲਾਕੁੰਨ ਮੁੱਦਿਆਂ ਵਜੋਂ ਸਾਬਤ ਹੋਵੇਗਾ। ਪੱਤਰਕਾਰ ਸੁਮਨ ਭਟਨਾਗਰ ਕਹਿੰਦੇ ਹਨ ਕਿ ਨਾਇਬ ਸਿੰਘ ਸੈਣੀ ਨੇ ਇਸ ਤੋਂ ਹੋਣ ਵਾਲੇ ਨੁਕਸਾਨ ਨੂੰ ਘਟਾਉਣ ਲਈ ਕਦਮ ਚੁੱਕੇ। ਅਗਸਤ ਮਹੀਨੇ ਵਿੱਚ ਹੀ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਵੱਲੋਂ 'ਹਰਿਆਣਾ ਅਗਨੀਵੀਰ ਨੀਤੀ 2024' ਲਿਆਂਦੀ ਗਈ ਸੀ। ਇਸ ਨੀਤੀ ਤਹਿਤ ਅਗਨੀਵੀਰਾਂ ਲਈ ਕਈ ਸਰਕਾਰੀ ਨੌਕਰੀਆਂ ਵਿੱਚ ਸਿੱਧੀ ਰਿਜ਼ਰਵੇਸ਼ਨ ਲਿਆਂਦੀ ਗਈ ਸੀ। ਇੰਦਰਾ ਗਾਂਧੀ ਨੈਸ਼ਨਲ ਕਾਲਜ ਲਾਡਵਾ ਦੇ ਪ੍ਰਿੰਸੀਪਲ ਡਾ ਕੁਸ਼ਲ ਪਾਲ ਸਿੰਘ ਦੱਸਦੇ ਹਨ ਕਿ ਹਰਿਆਣਾ ਵਿੱਚ ਮੁੱਦਿਆਂ ਦੀ ਥਾਂ ਪਛਾਣ ਦੇ ਮਸਲੇ ਨੇ ਵੱਧ ਭੂਮਿਕਾ ਨਿਭਾਈ।

ਸੁਮਨ ਭਟਨਾਗਰ ਦੱਸਦੇ ਹਨ ਹਿਸਾਰ, ਜੀਂਦ, ਸਿਰਸਾ, ਭਿਵਾਨੀ ਬੈਲਟ ਨੂੰ ਭਲਵਾਨਾਂ ਦੀ ਬੈਲਟ ਕਿਹਾ ਜਾਂਦਾ ਹੈ ਪਰ ਇਨ੍ਹਾਂ ਥਾਵਾਂ ਉੱਤੇ ਵੀ ਭਾਜਪਾ ਨੇ ਚੰਗੀਆਂ ਸੀਟਾਂ ਕੱਢੀਆਂ ਹਨ। ਉਹ ਕਹਿੰਦੇ ਹਨ ਕਿ ਇਸ ਤੋਂ ਲੱਗਦਾ ਹੈ ਕਿ ਇਹ ਮੁੱਦਾ ਚੋਣਾਂ ਵਿੱਚ ਇੰਨਾ ਕਾਰਗਰ ਨਹੀਂ ਰਿਹਾ।

**ਕਾਂਗਰਸ ਦੀ ਅੰਦਰੂਨੀ ਪਾਟੋਧਾੜ**

ਕਾਂਗਰਸ ਦੇ ਬਹੁਮਤ ਲਈ ਲੋੜੀਂਦੀਆਂ ਸੀਟਾਂ ਹਾਸਲ ਕਰਨ ਤੋਂ ਖੁੰਝ ਜਾਣ ਕਾਰਨ ਕਾਂਗਰਸ ਦੀ ਆਪਸੀ ਫੁੱਟ ਵੀ ਮੰਨੀ ਜਾ ਰਹੀ ਹੈ। ਕਈ ਸੀਟਾਂ ਉੱਤੇ ਕਾਂਗਰਸ ਤੋਂ ਬਾਗ਼ੀ ਹੋ ਕੇ ਆਜ਼ਾਦ ਤੌਰ 'ਤੇ ਲੜ ਰਹੇ ਉਮੀਦਵਾਰਾਂ ਨੇ ਵੀ ਪਾਰਟੀ ਨੂੰ ਪੈਣ ਵਾਲੀਆਂ ਵੋਟਾਂ ਨੂੰ ਪ੍ਰਭਾਵਿਤ ਕੀਤਾ। ਕੁਸ਼ਲ ਪਾਲ ਸਿੰਘ ਦੱਸਦੇ ਹਨ ਕਿ ਕਾਂਗਰਸ ਦੀ ਅੰਦਰੂਨੀ ਪਾਟੋਧਾੜ ਨੇ ਵੀ ਕਾਂਗਰਸ ਨੂੰ ਨੁਕਸਾਨ ਪਹੁੰਚਾਇਆ। ਪਾਰਟੀ ਦੇ ਦਲਿਤ ਚਿਹਰੇ ਕੁਮਾਰੀ ਸ਼ੈਲਜਾ ਅਤੇ ਭੁਪਿੰਦਰ ਹੁੱਡਾ ਵਿਚਾਲੇ ਨਾਰਾਜ਼ਗੀ ਹਰੇਕ ਦੇ ਸਾਹਮਣੇ ਸੀ। ਉਹ ਦੱਸਦੇ ਹਨ ਕਿ ਜਿੱਥੇ ਕਾਂਗਰਸ ਵਿੱਚ ਕੌਂਫਿਡੈਂਸ ਵੱਧ ਗਿਆ ਸੀ ਅਤੇ ਵਰਕਰਾਂ ਵੱਲੋ ਇਹ ਕਿਹਾ ਜਾਣਾ ਸ਼ੁਰੂ ਹੋ ਗਿਆ ਸੀ ਕਿ ਭੁਪਿੰਦਰ ਹੁੱਡਾ ਹੀ ਪਾਰਟੀ ਦਾ ਮੁੱਖ ਮੰਤਰੀ ਚਿਹਰਾ ਹੋਣਗੇ ਜਿਸ ਨੇ ਇਸ ਨੂੰ ਨੁਕਸਾਨ ਪਹੁੰਚਾਇਆ। ਉਹ ਕਹਿੰਦੇ ਹਨ ਕਿ ਚੋਣ ਦੰਗਲ ਵਿੱਚ ਪਛਾਣ ਅਤੇ ਮੁੱਦੇ ਦੋਵੇਂ ਆਪਣੀ-ਆਪਣੀ ਥਾਂ ਕੰਮ ਕਰਦੇ ਹਨ ਤੇ ਇਨ੍ਹਾਂ ਚੋਣਾਂ ਵਿੱਚ ਪਛਾਣਾਂ ਦਾ ਜੋੜ-ਤੋੜ ਕਾਂਗਰਸ ਦੇ ਕੰਮ ਆਇਆ ਹੈ। ਪਿਛਲੇ 40 ਸਾਲਾਂ ਤੋਂ ਹਰਿਆਣਾ ਵਿੱਚ ਪੱਤਰਕਾਰੀ ਕਰ ਰਹੇ ਸੁਮਨ ਭਟਨਾਗਰ ਦੱਸਦੇ ਹਨ ਕਿ ਅਜਿਹਾ ਲੱਗਦਾ ਹੈ ਕੁਮਾਰੀ ਸ਼ੈਲਜਾ ਨੂੰ ਕਾਂਗਰਸ 'ਚ ਸਨਮਾਨ ਨਾ ਮਿਲਣ ਦੀ ਗੱਲ ਲੋਕਾਂ ਵਿੱਚ ਫੈਲਣ ਦਾ ਕਾਂਗਰਸ ਨੂੰ ਇਹ ਨੁਕਸਾਨ ਹੋਇਆ। ਉਹ ਦੱਸਦੇ ਹਨ ਕਿ ਸ਼ਾਇਦ ਇਸ ਕਾਰਨ ਕਾਂਗਰਸ ਨੂੰ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਦਲਿਤ ਹਲਕਿਆਂ ਵਿੱਚੋਂ ਮਿਲਿਆ ਸਮਰਥਨ ਚਲਾ ਗਿਆ।

ਭੁਪਿੰਦਰ ਸਿੰਘ ਹੁੱਡਾ ਦੀ ਅਗਵਾਈ ਬਾਰੇ ਉਹ ਕਹਿੰਦੇ ਹਨ, "ਕਾਂਗਰਸ ਨੇ ਜਦੋਂ 72 ਸੀਟਾਂ ਹੁੱਡਾ ਦੇ ਕਹਿਣ ਉੱਤੇ ਦਿੱਤੀਆਂ ਉਸ ਦਿਨ ਇਹ ਸਪਸ਼ਟ ਹੋ ਗਿਆ ਸੀ ਕਿ ਹੁੱਡਾ ਹੀ ਮੁੱਖ ਮੰਤਰੀ ਦਾ ਚਿਹਰਾ ਹੋਣਗੇ।" ਜਿਸ ਕਾਰਨ ਦੂਜੇ ਭਾਈਚਾਰਿਆਂ ਵਿੱਚ ਇੱਕ ਡਰ ਦੀ ਭਾਵਨਾ ਪੈਦਾ ਹੋਈ ਜਿਸ ਨੂੰ ਭਾਜਪਾ ਨੇ ਉਤਸ਼ਾਹਿਤ ਕੀਤਾ। ਉਹ ਦੱਸਦੇ ਹਨ ਕਿ ਕੁਮਾਰੀ ਸ਼ੈਲਜਾ ਨੇ ਚੋਣ ਸਰਗਰਮੀਆਂ ਤੋਂ ਦੂਰੀ ਬਣਾ ਕੇ ਆਪਣੇ ਭਾਈਚਾਰੇ ਨੂੰ ਸੁਨੇਹਾ ਦੇ ਦਿੱਤਾ ਸੀ, ਦੂਜੇ ਪਾਸੇ ਜਾਟ ਅਤੇ ਗ਼ੈਰ-ਜਾਟ ਦਾ ਪਾੜਾ ਵੱਧਦਾ ਚਲਾ ਗਿਆ। ਸੀਨੀਅਰ ਪੱਤਰਕਾਰ ਵਿਰੇਂਦਰ ਕੁਮਾਰ ਦੱਸਦੇ ਹਨ ਕਿ ਕਾਂਗਰਸ ਨਾਲ ਉਹੀ ਹੋਇਆ ਜੋ ਭਾਜਪਾ ਨਾਲ ਲੋਕ ਸਭਾ ਚੋਣਾਂ ਤੋਂ ਪਹਿਲਾਂ ਹੋਇਆ ਸੀ। ਉਹ ਦੱਸਦੇ ਹਨ ਕਿ ਕਾਂਗਰਸ ਆਪਣੇ ਹੀ ਪ੍ਰਾਪੇਗੰਡਾ ਵਿੱਚ ਫਸ ਗਈ ਅਤੇ ਗਰਾਊਂਡ ਦੀ ਅਸਲੀਅਤ ਨੂੰ ਚੰਗੇ ਤਰੀਕੇ ਨਹੀਂ ਸਮਝ ਸਕੀ। ਭੁਪਿੰਦਰ ਹੁੱਡਾ ਦੇ ਭਵਿੱਖ ਬਾਰੇ ਸਤੀਸ਼ ਤਿਆਗੀ ਦੱਸਦੇ ਹਨ ਕਿ ਸ਼ਾਇਦ ਕਾਂਗਰਸ ਪਾਰਟੀ ਦੀ ਸੂਬਾਈ ਲੀਡਰਸ਼ਿਪ ਵਿੱਚ ਅਗਲੇ ਫ਼ੇਰਬਦਲ ਵਿੱਚ ਸ਼ਾਇਦ ਹੁੱਡਾ ਦੀ ਸਥਿਤੀ ਪਹਿਲਾਂ ਵਾਲੀ ਨਾ ਰਹੇ।

**ਸਿਆਸੀ ਪਰਿਵਾਰਾਂ ਦਾ ਕੀ ਬਣਿਆ**

ਇਸ ਵਾਰ ਦੀਆਂ ਹਰਿਆਣਾ ਵਿਧਾਨ ਸਭਾ ਚੋਣਾਂ ਨੇ ਕਈ ਸਿਆਸੀ ਪਰਿਵਾਰਾਂ ਦੇ ਸਿਆਸੀ ਭਵਿੱਖ ਬਾਰੇ ਵੀ ਸੁਨੇਹਾ ਦਿੱਤਾ। ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਚੌਧਰੀ ਦੇਵੀ ਲਾਲ ਦੇ ਪੋਤੇ ਅਤੇ ਜਨਤਾ ਜਨਨਾਇਕ ਪਾਰਟੀ ਦੇ ਪ੍ਰਧਾਨ ਦੁਸ਼ਯੰਤ ਚੌਟਾਲਾ ਉਚਾਨਾ ਕਲਾਂ ਹਲਕੇ ਤੋਂ ਚੋਣਾਂ 'ਚ ਉੱਤਰੇ ਪਰ ਉਹ ਪੰਜਵੇਂ ਥਾਂ ਉੱਤੇ ਰਹੇ। ਉਨ੍ਹਾਂ ਦੀ ਪਾਰਟੀ ਜਨਤਾ ਜਨਨਾਇਕ ਪਾਰਟੀ ਇੱਕ ਵੀ ਸੀਟ ਨਹੀਂ ਜਿੱਤ ਸਕੀ।

ਇੰਡੀਅਨ ਨੈਸ਼ਨਲ ਲੋਕ ਦਲ ਦੇ ਅਭੈ ਚੌਟਾਲਾ ਦੇ ਪੁੱਤਰ ਅਰਜੁਨ ਚੌਟਾਲਾ ਨੇ ਰਾਨੀਆ ਵਿਧਾਨ ਸਭਾ ਹਲਕੇ ਤੋਂ ਜਿੱਤ ਹਾਸਲ ਕੀਤੀ। ਚੌਧਰੀ ਦੇਵੀ ਲਾਲ ਦੇ ਪੋਤੇ ਅਦਿੱਤਿਆ ਦੇਵੀ ਲਾਲ ਨੇ ਵੀ ਆਈਐੱਨਐੱਲਡੀ ਦੀ ਟਿਕਟ ਉੱਤੇ ਡੱਬਵਾਲੀ ਹਲਕੇ ਤੋਂ ਜਿੱਤ ਹਾਸਲ ਕੀਤੀ। ਤਿੰਨ ਵਾਰ ਹਰਿਆਣਾ ਦੇ ਮੁੱਖ ਮੰਤਰੀ ਰਹੇ ਬੰਸੀ ਲਾਲ ਦੇ ਪੁੱਤਰ ਸੁਰੇਂਦਰ ਸਿੰਘ ਦੀ ਧੀ ਸ਼ਰੂਤੀ ਚੌਧਰੀ ਤੋਸ਼ਮ ਹਲਕੇ ਤੋਂ ਭਾਜਪਾ ਵੱਲੋਂ ਚੋਣ ਲੜੇ ਅਤੇ ਜੇਤੂ ਰਹੇ।

ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਭਜਨ ਲਾਲ ਦੇ ਪੁੱਤਰ ਕੁਲਦੀਪ ਬਿਸ਼ਨੋਈ ਦੇ ਪੁੱਤਰ ਭਾਵਿਆ ਬਿਸ਼ਨੋਈ ਆਦਮਪੁਰ ਹਲਕੇ ਤੋਂ 1200 ਤੋਂ ਵੱਧ ਵੋਟਾਂ ਦੇ ਫਰਕ ਨਾਲ ਹਾਰ ਗਏ।

# ਉਮਰ ਅਬਦੁੱਲਾ ਦੀ ਲੋਕ ਸਭਾ ਚੋਣਾਂ 'ਚ ਹਾਰ ਤੋਂ ਬਾਅਦ ਜ਼ਬਰਦਸਤ ਵਾਪਸੀ

ਮੰਗਲਵਾਰ ਨੂੰ ਜੰਮੂ-ਕਸ਼ਮੀਰ ਵਿਧਾਨ ਸਭਾ ਦੇ ਨਤੀਜੇ ਸਪੱਸ਼ਟ ਹੁੰਦਿਆਂ ਹੀ ਜੰਮੂ-ਕਸ਼ਮੀਰ ਨੈਸ਼ਨਲ ਕਾਨਫ਼ਰੰਸ ਦੇ ਪ੍ਰਧਾਨ ਫਾਰੂਕ ਅਬਦੁੱਲਾ ਨੇ ਕਿਹਾ ਕਿ ਉਮਰ ਅਬਦੁੱਲਾ ਜੰਮੂ-ਕਸ਼ਮੀਰ ਦੇ ਨਵੇਂ ਮੁੱਖ ਮੰਤਰੀ ਹੋਣਗੇ। 54 ਸਾਲਾ ਉਮਰ ਅਬਦੁੱਲਾ, ਜੰਮੂ-ਕਸ਼ਮੀਰ ਦੇ ਇੱਕ ਪ੍ਰਮੁੱਖ ਸਿਆਸੀ ਪਰਿਵਾਰ ਨਾਲ ਸਬੰਧ ਰੱਖਦੇ ਹਨ ਅਤੇ ਦੂਜੀ ਵਾਰ ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਬਣਨ ਜਾ ਰਹੇ ਹਨ। ਉਹ ਸਾਲ 2009 ਵਿੱਚ ਪਹਿਲੀ ਵਾਰ ਮੁੱਖ ਮੰਤਰੀ ਬਣੇ ਸਨ। ਜੰਮੂ-ਕਸ਼ਮੀਰ ਵਿੱਚ ਦਸ ਸਾਲਾਂ ਦੇ ਵਕਫ਼ੇ ਮਗਰੋਂ ਚੋਣਾਂ ਹੋਈਆਂ ਹਨ ਅਤੇ ਇਸ ਦੇ ਵਿਸ਼ੇਸ਼ ਰਾਜ ਦਾ ਦਰਜਾ ਖ਼ਤਮ ਹੋਏ ਨੂੰ ਵੀ ਪੰਜ ਸਾਲ ਹੋ ਚੁੱਕੇ ਹਨ।

ਜਿੱਤ ਤੋਂ ਬਾਅਦ ਪੱਤਰਕਾਰਾਂ ਨਾਲ ਗੱਲ ਕਰਦਿਆਂ ਉਮਰ ਅਬਦੁੱਲਾ ਨੇ ਕਿਹਾ, "2018 ਤੋਂ ਬਾਅਦ ਇੱਕ ਲੋਕਤੰਤਰਿਕ ਵਿਵਸਥਾ ਜੰਮੂ-ਕਸ਼ਮੀਰ ਦੀ ਜ਼ਿੰਮੇਵਾਰੀ ਸੰਭਾਲੇਗੀ। ਭਾਜਪਾ ਨੇ ਕਸ਼ਮੀਰ ਦੀਆਂ ਪਾਰਟੀਆਂ ਖ਼ਾਸ ਕਰਕੇ ਨੈਸ਼ਨਲ ਕਾਨਫ਼ਰੰਸ ਨੂੰ ਨਿਸ਼ਾਨਾ ਬਣਾਇਆ।"

"ਸਾਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕੀਤੀ ਗਈ। ਸਾਡੇ ਵਿਰੁੱਧ ਪਾਰਟੀਆਂ ਬਣਾਉਣ ਦੀਆਂ ਕੋਸ਼ਿਸ਼ਾਂ ਵੀ ਹੋਈਆਂ, ਪਰ ਇਨ੍ਹਾਂ ਚੋਣਾਂ ਨੇ ਉਨ੍ਹਾਂ ਸਾਰੀਆਂ ਕੋਸ਼ਿਸ਼ਾਂ ਨੂੰ ਨਾਕਾਮ ਕਰ ਦਿੱਤਾ ਹੈ।" ਉਮਰ ਅਬਦੁੱਲਾ ਇਸ ਸਾਲ ਹੋਈਆਂ ਲੋਕ ਸਭਾ ਚੋਣਾਂ ਵਿੱਚ ਬਾਰਾਮੂਲਾ ਤੋਂ ਉਮੀਦਵਾਰ ਸਨ ਪਰ ਉਹ ਉਸ ਸਮੇਂ ਤਿਹਾੜ ਜੇਲ੍ਹ ਤੋਂ ਚੋਣ ਲੜ ਰਹੇ ਇੰਜੀਨੀਅਰ ਰਸ਼ੀਦ ਤੋਂ ਚੋਣ ਹਾਰ ਗਏ ਸਨ।

ਸੂਬੇ ਨੂੰ ਸੰਵਿਧਾਨ ਤਹਿਤ ਵਿਸ਼ੇਸ਼ ਰਾਜ ਦਾ ਦਰਜਾ ਦੇਣ ਵਾਲੀ ਧਾਰਾ 370 ਨੂੰ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੇ 5 ਅਗਸਤ, 2019 ਨੂੰ ਖ਼ਤਮ ਕਰ ਦਿੱਤਾ ਸੀ।

ਜੰਮੂ-ਕਸ਼ਮੀਰ ਹੁਣ ਮੁਕੰਮਲ ਸੂਬਾ ਨਹੀਂ ਬਲਕਿ ਕੇਂਦਰੀ ਸ਼ਾਸ਼ਿਤ ਪ੍ਰਦੇਸ਼ ਹੈ ਅਤੇ ਲਦਾਖ ਇਸ ਖੇਤਰ ਤੋਂ ਅਲੱਗ ਹੋ ਚੁੱਕਿਆ ਹੈ। ਜੰਮੂ-ਕਸ਼ਮੀਰ ਦੀ ਸਰਕਾਰ ਵੀ ਹੁਣ ਬਹੁਤ ਹੱਦ ਤੱਕ ਲੈਫ਼ਟੀਨੈਂਟ ਗਵਰਨਰ ਰਾਹੀਂ ਕੇਂਦਰ ਸਰਕਾਰ ਦੇ ਕੰਟਰੋਲ ਹੇਠ ਹੋਵੇਗੀ ਅਤੇ ਉਮਰ ਅਬਦੁੱਲਾ ਨੂੰ ਮੁੱਖ ਮੰਤਰੀ ਵਜੋਂ ਬਹੁਤਾ ਕੁਝ ਕਰਨ ਦਾ ਮੌਕਾ ਨਹੀਂ ਮਿਲੇਗਾ। ਹਾਲਾਂਕਿ ਮਾਹਰਾਂ ਦਾ ਮੰਨਣਾ ਹੈ ਕਿ ਉਮਰ ਅਬਦੁੱਲਾ ਇਹ ਸੁਨੇਹਾ ਦੇਣ 'ਚ ਸਫਲ ਰਹੇ ਹਨ ਕਿ ਕਸ਼ਮੀਰ ਦੇ ਲੋਕ ਅਜੇ ਵੀ ਉਨ੍ਹਾਂ 'ਤੇ ਭਰੋਸਾ ਕਰਦੇ ਹਨ। ਪਰ ਇਸ ਸਾਲ ਜੁਲਾਈ ਤੱਕ ਅਬਦੁੱਲਾ ਕਹਿ ਰਹੇ ਸਨ ਕਿ ਉਹ ਚੋਣਾਂ ਨਹੀਂ ਲੜਨਗੇ ਕਿਉਂਕਿ ਜੰਮੂ-ਕਸ਼ਮੀਰ ਹੁਣ ਕੇਂਦਰ ਸ਼ਾਸਤ ਪ੍ਰਦੇਸ਼ ਹੈ।

ਉਨ੍ਹਾਂ ਨੇ ਕਿਹਾ ਸੀ, "ਮੈਂ ਇੱਕ ਪੂਰੇ ਸੂਬੇ ਦਾ ਮੁੱਖ ਮੰਤਰੀ ਰਿਹਾ ਹਾਂ। ਮੈਂ ਆਪਣੇ ਆਪ ਨੂੰ ਅਜਿਹੀ ਸਥਿਤੀ ਵਿੱਚ ਨਹੀਂ ਦੇਖ ਸਕਦਾ ਜਿੱਥੇ ਮੈਨੂੰ ਚਪੜਾਸੀ ਦੀ ਚੁਣਨ ਲਈ ਵੀ ਉਪ-ਰਾਜਪਾਲ ਨੂੰ ਕਹਿਣਾ ਪਵੇ ਜਾਂ ਬਾਹਰ ਬੈਠ ਕੇ ਫਾਈਲ 'ਤੇ ਦਸਤਖ਼ਤ ਕਰਵਾਉਣ ਲਈ ਉਡੀਕ ਕਰਨੀ ਪਵੇ।"

# ਕਿਤੇ ਕੇਲੇ ਦੇ ਨਾਂ 'ਤੇ ਜ਼ਹਿਰ ਤਾਂ ਨਹੀਂ ਖਾ ਰਹੇ ਤੁਸੀਂ

ਕਾਰਬਾਈਡ ਇਕ ਜ਼ਹਿਰੀਲਾ ਰਸਾਇਣ ਹੈ ਜਿਸਦੇ ਸੰਪਰਕ ਨਾਲ ਕਈ ਸਿਹਤ ਸਮੱਸਿਆਵਾਂ ਜਿਵੇਂ ਕਿ ਸਿਰਦਰਦ, ਚੱਕਰ ਆਉਣੇ, ਜੀਅ ਕੱਚਾ ਹੋਣਾ ਤੇ ਇੱਥੋਂ ਤਕ ਕਿ ਕੈਂਸਰ ਵੀ ਹੋ ਸਕਦਾ ਹੈ। ਕੇਲਾ ਇਕ ਸੁਆਦੀ ਤੇ ਪੌਸ਼ਟਿਕ ਫਲ ਹੈ ਜੋ ਕਿ ਹਰ ਮੌਸਮ 'ਚ ਬਾਜ਼ਾਰ 'ਚ ਆਸਾਨੀ ਨਾਲ ਮਿਲ ਜਾਂਦਾ ਹੈ। ਪਰ ਕੀ ਤੁਸੀਂ ਜਾਣਦੇ ਹੋ ਕਿ ਅੱਜਕੱਲ੍ਹ ਜੋ ਕੇਲੇ ਤੁਸੀਂ ਖਰੀਦ ਰਹੇ ਹੋ, ਉਨ੍ਹਾਂ ਨੂੰ ਕੁਦਰਤੀ ਤਰੀਕੇ ਨਾਲ ਪਕਾਇਆ ਗਿਆ ਹੈ ਜਾਂ ਇਸ ਦੇ ਲਈ ਜ਼ਹਿਰੀਲੇ ਕਾਰਬਾਈਡ ਦੀ ਵਰਤੋਂ ਕੀਤੀ ਗਈ ਹੈ। ਜੀ ਹਾਂ, ਕਾਰਬਾਈਡ ਨਾਮਕ ਕੈਮੀਕਲ ਨਾਲ ਪਕਾਏ ਗਏ ਕੇਲੇ ਬਾਜ਼ਾਰ 'ਚ ਖ਼ੂਬ ਵਿਕ ਰਹੇ ਹਨ, ਜਿਨ੍ਹਾਂ ਨੂੰ ਖਾਣਾ ਤੁਹਾਡੇ ਲਈ ਨੁਕਸਾਨਦਾਇਕ ਹੋ ਸਕਦਾ ਹੈ। ਅਜਿਹੇ 'ਚ ਆਓ ਜਾਣਦੇ ਹਾਂ ਇਸ ਦੀ ਪਛਾਣ ਕਰਨ ਲਈ 5 ਟ੍ਰਿਕਸ

ਕੀ ਤੁਸੀਂ ਜਾਣਦੇ ਹੋ ਕਿ ਜੋ ਕੇਲਾ ਤੁਸੀਂ ਖਾ ਰਹੇ ਹੋ, ਉਹ ਕੁਦਰਤੀ ਤੌਰ 'ਤੇ ਪੱਕਿਆ ਹੋਇਆ ਹੈ ਜਾਂ ਕਾਰਬਾਈਡ ਵਰਗੇ ਖਤਰਨਾਕ ਰਸਾਇਣ ਨਾਲ? ਦਰਅਸਲ, ਕੁਦਰਤੀ ਤੌਰ 'ਤੇ ਪੱਕਿਆ ਕੇਲਾ ਨਾ ਸਿਰਫ ਸਵਾਦ ਹੁੰਦਾ ਹੈ ਸਗੋਂ ਸਿਹਤ ਲਈ ਵੀ ਫਾਇਦੇਮੰਦ ਹੁੰਦਾ ਹੈ। ਅਜਿਹੇ ਕੇਲਿਆਂ 'ਤੇ ਕਾਲੇ ਧੱਬੇ ਹੁੰਦੇ ਹਨ ਤੇ ਇਹ ਹਲਕੇ ਭੂਰੇ ਰੰਗ ਦੇ ਹੁੰਦੇ ਹਨ। ਇਨ੍ਹਾਂ ਦਾ ਛਿਲਕਾ ਦਾਗਦਾਰ ਹੁੰਦਾ ਹੈ ਤੇ ਗੂੜ੍ਹੇ ਪੀਲੇ ਰੰਗ ਦਾ ਹੁੰਦਾ ਹੈ।

ਕਾਰਬਾਈਡ ਨਾਲ ਪਕਾਇਆ ਹੋਇਆ ਕੇਲਾ ਤੁਹਾਡੀ ਸਿਹਤ ਲਈ ਹਾਨੀਕਾਰਕ ਹੋ ਸਕਦਾ ਹੈ। ਅਜਿਹੇ ਕੇਲੇ ਦਾ ਛਿਲਕਾ ਬਹੁਤ ਹੀ ਮੁਲਾਇਮ ਤੇ ਹਲਕੇ ਪੀਲੇ ਰੰਗ ਦਾ ਹੁੰਦਾ ਹੈ। ਇਸ ਦਾ ਅੰਦਰਲਾ ਹਿੱਸਾ ਹਲਕਾ ਹਰਾ ਹੁੰਦਾ ਹੈ ਜਦੋਂਕਿ ਕੁਦਰਤੀ ਕੇਲੇ 'ਚ ਇਹ ਹਿੱਸਾ ਕਾਲਾ ਹੁੰਦਾ ਹੈ। ਕਾਰਬਾਈਡ ਨਾਲ ਪੱਕੇ ਹੋਏ ਕੇਲੇ ਦੀ ਸ਼ੈਲਫ ਲਾਈਫ ਵੀ ਬਹੁਤ ਘੱਟ ਹੁੰਦੀ ਹੈ ਤੇ ਜਲਦੀ ਖਰਾਬ ਹੋ ਜਾਂਦੇ ਹਨ।

ਕੇਲੇ ਦੀ ਗੁਣਵੱਤਾ ਨੂੰ ਪਰਖਣ ਦਾ ਇਕ ਆਸਾਨ ਤਰੀਕਾ ਹੈ ਪਾਣੀ ਦੀ ਵਰਤੋਂ ਕਰਨਾ। ਜੀ ਹਾਂ, ਤੁਸੀਂ ਸਹੀ ਸੁਣਿਆ! ਪਾਣੀ ਨਾਲ, ਤੁਸੀਂ ਆਸਾਨੀ ਨਾਲ ਪਤਾ ਲਗਾ ਸਕਦੇ ਹੋ ਕਿ ਜੋ ਕੇਲਾ ਤੁਸੀਂ ਖਰੀਦ ਰਹੇ ਹੋ, ਉਹ ਕੁਦਰਤੀ ਤੌਰ 'ਤੇ ਪੱਕਿਆ ਹੋਇਆ ਹੈ ਜਾਂ ਕਾਰਬਾਈਡ ਵਰਗੇ ਹਾਨੀਕਾਰਕ ਰਸਾਇਣਾਂ ਨਾਲ। ਇਸ ਲਈ ਤੁਹਾਨੂੰ ਕਿਸੇ ਭਾਂਡੇ 'ਚ ਪਾਣੀ ਲੈਣਾ ਹੋਵੇਗਾ ਤੇ ਫਿਰ ਉਸ 'ਚ ਕੇਲਾ ਪਾ ਕੇ ਕੁਝ ਦੇਰ ਲਈ ਛੱਡ ਦਿਓ। ਜੇਕਰ ਕੇਲਾ ਪਾਣੀ 'ਚ ਡੁੱਬ ਜਾਵੇ ਤਾਂ ਸੰਭਾਵਨਾ ਹੈ ਕਿ ਇਹ ਕੁਦਰਤੀ ਤੌਰ 'ਤੇ ਪੱਕ ਗਿਆ ਹੈ ਪਰ ਜੇਕਰ ਕੇਲਾ ਪਾਣੀ ਉੱਪਰ ਤੈਰਦਾ ਹੈ ਤਾਂ ਇਹ ਇਸ ਗੱਲ ਦਾ ਸੰਕੇਤ ਹੋ ਸਕਦਾ ਹੈ ਕਿ ਇਸ ਨੂੰ ਕਾਰਬਾਈਡ ਨਾਲ ਪਕਾਇਆ ਗਿਆ ਹੈ ਜਾਂ ਕਿਸੇ ਹਰ ਕੈਮੀਕਲ ਨਾਲ।

ਕਾਰਬਾਈਡ ਨਾਲ ਪੱਕੇ ਹੋਏ ਕੇਲੇ ਸਾਰੇ ਪਾਸਿਆਂ ਤੋਂ ਬਰਾਬਰ ਪੱਕੇ ਨਹੀਂ ਹੁੰਦੇ। ਅਜਿਹੀ ਸਥਿਤੀ 'ਚ ਤੁਸੀਂ ਦੇਖੋਗੇ ਕਿ ਕੇਲੇ ਦੇ ਕੁਝ ਹਿੱਸਾ ਜ਼ਿਆਦਾ ਪੱਕਿਆ ਹੋਇਆ ਦਿਖਾਈ ਦਿੰਦਾ ਹੈ ਜਦੋਂ ਕਿ ਕੁਝ ਹਿੱਸਾ ਕੱਚਾ ਜਾਂ ਘੱਟ ਪੱਕਿਆ। ਇਸ ਲਈ, ਤੁਹਾਡੇ ਘਰ ਵਿਚ ਮੌਜੂਦ ਕੇਲਾ ਕੁਦਰਤੀ ਤੌਰ 'ਤੇ ਪਕਾਇਆ ਨਹੀਂ ਗਿਆ ਹੈ ਜਾ ਨਹੀਂ ਇਸ ਦਾ ਸਪਸ਼ਟ ਸੰਕੇਤ ਹੈ।

# ਇਜ਼ਰਾਈਲ ਦਾ ਉਹ ਕਿਹੜਾ ਡਿਫੈਂਸ ਸਿਸਟਮ ਹੈ ਜੋ ਕਈ ਹਮਲੇ ਨਾਕਾਮ ਕਰ ਰਿਹਾ ਹੈ

ਹਿਜ਼ਬੁੱਲ੍ਹਾ ਨੇ ਬੁੱਧਵਾਰ ਨੂੰ ਤੇਲ ਅਵੀਵ ਵਿੱਚ ਇਜ਼ਰਾਈਲੀ ਖ਼ੁਫ਼ੀਆ ਏਜੰਸੀ ਮੋਸਾਦ ਦੇ ਹੈੱਡਕੁਆਰਟਰ 'ਤੇ ਇੱਕ ਮਿਜ਼ਾਈਲ ਦਾਗ਼ੀ ਗਈ। ਦੱਸਿਆ ਜਾ ਰਿਹਾ ਹੈ ਕਿ ਇਹ ਈਰਾਨ ਵਲੋਂ ਬਣਾਈ ਗਈ ਕਾਦਿਰ-ਵਨ ਬੈਲਿਸਟਿਕ ਮਿਜ਼ਾਈਲ ਸੀ। ਇਹ ਮਿਜ਼ਾਈਲ 700 ਤੋਂ 1000 ਕਿਲੋਗ੍ਰਾਮ ਵਿਸਫੋਟਕ ਲੈ ਜਾ ਸਕਦੀ ਹੈ ਅਤੇ ਕਿਹਾ ਜਾਂਦਾ ਹੈ ਕਿ ਇਹ ਇੱਕ ਪੂਰੀ ਇਮਾਰਤ ਨੂੰ ਤਬਾਹ ਕਰਨ ਦੀ ਸਮਰੱਥਾ ਵੀ ਰੱਖਦੀ ਹੈ। ਇਜ਼ਰਾਈਲ ਸਰਕਾਰ ਦੇ ਬੁਲਾਰੇ ਡੇਵਿਡ ਮੈਨਸਰ ਦਾ ਕਹਿਣਾ ਹੈ ਕਿ ਇਜ਼ਰਾਈਲ ਹਿਜ਼ਬੁੱਲ੍ਹਾ ਦੇ ਇਸ ਹਮਲੇ ਨੂੰ ਰੋਕਣ ਵਿੱਚ ਕਾਮਯਾਬ ਰਿਹਾ ਕਿਉਂਕਿ ਉਸ ਕੋਲ ਡੇਵਿਡਜ਼ ਸਲਿੰਗ ਨਾਮ ਦਾ ਏਅਰ ਡਿਫੈਂਸ ਸਿਸਟਮ ਹੈ।




**ਡੇਵਿਡਜ਼ ਸਲਿੰਗ ਕੀ ਹੈ?**

ਡੇਵਿਡਜ਼ ਸਲਿੰਗ ਨੂੰ ਸ਼ੁਰੂ ਵਿੱਚ ਇਜ਼ਰਾਈਲੀ ਪੈਟ੍ਰੋਅਟ ਮਿਜ਼ਾਈਲ ਰੱਖਿਆ ਪ੍ਰਣਾਲੀ ਦੇ ਬਦਲ ਵਜੋਂ ਵਿਕਸਤ ਕੀਤਾ ਗਿਆ ਸੀ। ਪੱਛਮ ਏਸ਼ੀਆਈ ਫ਼ੌਜੀ ਮਾਮਲਿਆਂ 'ਤੇ ਅਮਰੀਕੀ ਵਿਦੇਸ਼ ਮੰਤਰਾਲੇ ਦੇ ਸਾਬਕਾ ਸਲਾਹਕਾਰ ਕਰਨਲ ਅੱਬਾਸ ਦੋਹਾਕ ਨੇ ਬੀਬੀਸੀ ਨੂੰ ਦੱਸਿਆ ਕਿ ਡੇਵਿਡ ਸਲਿੰਗ ਸਿਸਟਮ ਦੀ ਰੇਂਜ ਪੈਟ੍ਰਿਅਟ ਸਿਸਟਮ ਦੇ ਮੁਕਾਬਲੇ 100 ਕਿਲੋਮੀਟਰ ਜ਼ਿਆਦਾ ਹੈ। ਇਜ਼ਰਾਈਲ 'ਚ ਟੈਕਨਾਲੋਜੀ 'ਤੇ ਨਜ਼ਰ ਰੱਖਣ ਵਾਲੀ 21ਸੀ ਵੈੱਬਸਾਈਟ ਦੇ ਮੁਤਾਬਕ, ਇਜ਼ਰਾਈਲ ਦੀ ਏਅਰ ਡਿਫੈਂਸ ਸਿਸਟਮ ਤਿੰਨ ਪਰਤਾਂ 'ਤੇ ਆਧਾਰਿਤ ਹੈ। ਇਜ਼ਰਾਈਲੀ ਰੱਖਿਆ ਕੰਪਨੀ ਰਾਫ਼ਾਲ ਦੇ ਮੁਤਾਬਕ, ਡੇਵਿਡਜ਼ ਸਲਿੰਗ ਇਜ਼ਰਾਈਲ ਦੇ ਰੱਖਿਆ ਪ੍ਰਣਾਲੀਆਂ ਵਿੱਚੋਂ ਇੱਕ ਮੱਧਮ ਰੇਂਜ ਦੀ ਰੱਖਿਆ ਪ੍ਰਣਾਲੀ ਹੈ ਜੋ ਆਇਰਨ ਡੋਮ ਤੋਂ ਬਾਅਦ ਸਭ ਤੋਂ ਸਫ਼ਲ ਰੱਖਿਆ ਹਥਿਆਰ ਮੰਨਿਆ ਜਾਂਦਾ ਹੈ। ਡੇਵਿਡਜ਼ ਸਲਿੰਗ ਨੂੰ 'ਕੰਪਲੀਟ ਮੀਡੀਅਮ ਟੂ ਲਾਂਗ ਰੇਂਜ ਐਂਡ ਏਅਰ ਮਿਜ਼ਾਈਲ ਡਿਫੈਂਸ ਸਿਸਟਮ' ਵੀ ਮੰਨਿਆ ਜਾਂਦਾ ਹੈ।

ਟਾਈਮਜ਼ ਆਫ ਇਜ਼ਰਾਈਲ ਦੇ ਮੁਤਾਬਕ, ਹਥਿਆਰ ਦਾ ਨਾਮ ਬਾਈਬਲ ਵਿੱਚ ਦੱਸੀ ਗਈ ਇੱਕ ਕਹਾਣੀ ਦੇ ਆਧਾਰ ਉੱਤੇ ਰੱਖਿਆ ਗਿਆ ਹੈ, ਜਿਸ ਵਿੱਚ ਡੇਵਿਡ (ਦਾਊਦ) ਨੇ ਜਾਲੂਤ 'ਤੇ ਪੱਥਰਾਂ ਦੇ ਮੀਂਹ ਨੂੰ ਰੋਕਣ ਲਈ ਇੱਕ ਗੁਲੇਲ ਦੀ ਵਰਤੋਂ ਕੀਤੀ ਸੀ। ਇਜ਼ਰਾਈਲ ਦੇ ਰੱਖਿਆ ਮੰਤਰਾਲੇ ਮੁਤਾਬਕ ਡੇਵਿਡਜ਼ ਸਲਿੰਗ ਬੈਲਿਸਟਿਕ ਅਤੇ ਕਰੂਜ਼ ਮਿਜ਼ਾਈਲ ਹਮਲਿਆਂ ਨੂੰ ਨਾਕਾਮ ਕਰਨ ਲਈ ਤਿਆਰ ਕੀਤੀ ਗਈ ਹੈ। ਦੂਜੇ ਪਾਸੇ ਆਇਰਨ ਡੋਮ ਛੋਟੀ ਦੂਰੀ ਦੀਆਂ ਮਿਜ਼ਾਈਲਾਂ ਅਤੇ ਸ਼ੈੱਲਾਂ ਨੂੰ ਨਸ਼ਟ ਕਰਦਾ ਹੈ। ਇਜ਼ਰਾਈਲੀ ਫੌਜ ਦੇ ਮੁਤਾਬਕ, ਡੇਵਿਡ ਸਲਿੰਗ ਇਜ਼ਰਾਈਲੀ ਕੰਪਨੀ ਰਾਫੇਲ ਅਤੇ ਅਮਰੀਕੀ ਕੰਪਨੀ ਰੇਥੀਓਨ ਵੱਲੋਂ ਬਣਾਈ ਗਈ ਸੀ ਅਤੇ ਇਸ ਨੂੰ 2017 ਵਿੱਚ ਵਰਤੋਂ ਵਿੱਚ ਲਿਆਂਦਾ ਗਿਆ ਸੀ। ਡੇਵਿਡਜ਼ ਸਲਿੰਗ ਨੂੰ 'ਜਾਦੂ ਦੀ ਛੜੀ' ਵੀ ਕਿਹਾ ਜਾਂਦਾ ਹੈ ਜੋ 40 ਤੋਂ 300 ਕਿਲੋਮੀਟਰ ਦੀ ਦੂਰੀ 'ਤੇ ਰਾਕੇਟ ਅਤੇ ਮਿਜ਼ਾਈਲ ਹਮਲਿਆਂ ਨੂੰ ਰੋਕਣ ਦੀ ਸਮਰੱਥਾ ਰੱਖਦੀ ਹੈ।

ਮਿਜ਼ਾਈਲ ਥਰੇਟ ਨਾਂ ਦੀ ਵੈੱਬਸਾਈਟ ਮੁਤਾਬਕ ਡੇਵਿਡ ਸਲਿੰਗ 'ਚ ਮਿਜ਼ਾਈਲ ਲਾਂਚਰ, ਈਐੱਲਐੱਮ 2084 ਰਡਾਰ, ਇੱਕ ਆਪਰੇਟਿੰਗ ਸਿਸਟਮ ਦੇ ਇਲਾਵਾ ਸਟੇਨਰ ਇੰਟਰਸੈਪਟਰ ਮਿਜ਼ਾਈਲਾਂ ਮੌਜੂਦ ਹਨ। ਡੇਵਿਡਜ਼ ਸਲਿੰਗ ਦੇ ਇੱਕ ਲਾਂਚਰ ਸਿਸਟਮ ਵਿੱਚ 12 ਮਿਜ਼ਾਈਲਾਂ ਲਾਈਆਂ ਜਾ ਸਕਦੀਆਂ ਹਨ ਅਤੇ ਇਨ੍ਹਾਂ ਦੇ ਸਾਰੇ ਪੁਰਜ਼ੇ ਅਮਰੀਕਾ ਵਿੱਚ ਬਣਾਏ ਜਾਂਦੇ ਹਨ।

**ਸਟੇਨਰ ਮਿਜ਼ਾਈਲ**

ਸੈਂਟਰ ਫ਼ਾਰ ਸਟ੍ਰੈਟੇਜਿਕ ਐਂਡ ਇੰਟਰਨੈਸ਼ਨਲ ਸਟੱਡੀਜ਼ ਦੀ ਵੈੱਬਸਾਈਟ ਮਿਜ਼ਾਈਲ ਥਰੇਟ ਮੁਤਾਬਕ ਸਟੇਨਰ ਮਿਜ਼ਾਈਲ 4.6 ਮੀਟਰ ਲੰਬੀ ਹੈ ਅਤੇ ਇਹ 15 ਕਿਲੋਮੀਟਰ ਦੀ ਉਚਾਈ ਤੋਂ ਆਉਣ ਵਾਲੇ ਕਿਸੇ ਵੀ ਰਾਕੇਟ ਜਾਂ ਮਿਜ਼ਾਈਲ ਨੂੰ ਨਸ਼ਟ ਕਰਨ ਦੀ ਸਮਰੱਥਾ ਰੱਖਦੀ ਹੈ। ਇਸ ਮਿਜ਼ਾਈਲ ਦਾ ਅਗਲਾ ਹਿੱਸਾ ਡਾਲਫ਼ਿਨ ਦੀ ਸ਼ਕਲ ਵਰਗਾ ਹੈ। ਜਿਸ 'ਤੇ ਦੋ ਸੈਂਸਰ ਲਗਾਏ ਜਾਂਦੇ ਹਨ; ਇਲੈਕਟ੍ਰੋ ਆਪਟੀਕਲ ਇਮੇਜਰੀ ਸੈਂਸਰ ਅਤੇ ਇੱਕ ਰਾਡਾਰ ਸੀਕਰ। ਡੇਵਿਡ ਸਲਿੰਗ ਸਿਸਟਮ ਆਪਣੇ ਟਾਰਗੈਟ ਨੂੰ ਨਿਸ਼ਾਨਾ ਬਣਾਉਣ ਅਤੇ ਉਸ ਨੂੰ ਜਾਮ ਕਰਨ ਦੀ ਸਮਰੱਥਾ ਰੱਖਦਾ ਹੈ। ਸਟੇਨਰ ਮਿਜ਼ਾਈਲ ਵਿੱਚ ਠੋਸ ਫ੍ਰਿਊਲ ਸਿਸਟਮ (ਈਂਧਨ ਪ੍ਰਣਾਲੀ) ਹੈ ਅਤੇ ਇਹ ਇੱਕ ਤੇਜ਼ ਰਫ਼ਤਾਰ ਵਾਲਾ ਹਥਿਆਰ ਹੈ। 'ਹਾਰੇਟਜ਼' ਦਾ ਕਹਿਣਾ ਹੈ ਕਿ ਇੱਕ ਅੰਦਾਜ਼ੇ ਮੁਤਾਬਕ ਇੱਕ ਸਟੇਨਰ ਮਿਜ਼ਾਈਲ ਬਣਾਉਣ 'ਚ 10 ਲੱਖ ਡਾਲਰ ਦੀ ਲਾਗਤ ਆਉਂਦੀ ਹੈ। ਆਇਰਨ ਡੋਮ 'ਚ ਵਰਤੀ ਗਈ ਮਿਜ਼ਾਈਲ ਦੀ ਤੁਲਨਾ 'ਚ ਸਟੇਨਰ ਮਿਜ਼ਾਈਲ ਕੋਲ ਵਾਰਹੈੱਡ ਨਹੀਂ ਹੈ ਪਰ ਇਹ ਸਿੱਧਾ ਆਪਣੇ ਟਾਰਗੈਟ ਨੂੰ ਨਿਸ਼ਾਨਾ ਬਣਾਉਂਦੀ ਹੈ।

**ਰਡਾਰ ਸਿਸਟਮ**

ਡੇਵਿਡਜ਼ ਸਲਿੰਗ ਇੱਕ ਈਐੱਲਐੱਮ 2084 ਮਲਟੀ-ਮਿਸ਼ਨ ਰਡਾਰ ਨਾਲ ਵੀ ਲੈਸ ਹੈ ਜਿਸ ਵਿੱਚ ਜਹਾਜ਼ ਅਤੇ ਬੈਲਿਸਟਿਕ ਲੱਛਣਾਂ ਨੂੰ ਟਰੈਕ ਕਰਨ ਦੀ ਸਮਰੱਥਾ ਰੱਖਦਾ ਹੈ। ਇਸ ਰਡਾਰ ਦੀ ਵਰਤੋਂ ਹਵਾਈ ਨਿਗਰਾਨੀ ਜਾਂ ਅੱਗ ਕੰਟਰੋਲ ਮਿਸ਼ਨ ਦੋਵਾਂ ਲਈ ਕੀਤੀ ਜਾ ਸਕਦੀ ਹੈ। ਇਹ ਰਡਾਰ 474 ਕਿਲੋਮੀਟਰ ਦੇ ਦਾਇਰੇ ਵਿੱਚ ਤਕਰੀਬਨ 1100 ਟਾਰਗੈਟਸ ਨੂੰ ਟਰੈਕ ਕਰ ਸਕਦਾ ਹੈ ਜਦੋਂਕਿ ਇਹ ਇਲੈਕਟ੍ਰਿਕਲ ਸਿਸਟਮ ਰਾਹੀਂ ਹਰ ਚੀਜ਼ ਨੂੰ ਸਕੈਨ ਕਰਦਾ ਹੈ। ਜੇਕਰ ਅਸੀਂ ਫਾਇਰ ਕੰਟਰੋਲ ਮਿਸ਼ਨ ਦੀ ਗੱਲ ਕਰੀਏ ਤਾਂ ਇਹ 100 ਕਿਲੋਮੀਟਰ ਦੇ ਦਾਇਰੇ ਵਿੱਚ ਇੱਕ ਮਿੰਟ ਵਿੱਚ 200 ਲੱਛਣਾਂ ਨੂੰ ਟਰੈਕ ਕਰ ਸਕਦਾ ਹੈ।

**ਡੇਵਿਡਜ਼ ਸਲਿੰਗ ਕਦੋਂ ਬਣਾਈ ਗਈ ਸੀ?**

ਇਜ਼ਰਾਈਲ ਨੇ 2006 ਵਿੱਚ ਡੇਵਿਡਜ਼ ਸਲਿੰਗ ਸਿਸਟਮ ਉੱਤੇ ਕੰਮ ਕਰਨਾ ਸ਼ੁਰੂ ਕੀਤਾ ਸੀ ਅਤੇ ਫਿਰ ਇਸ ਨੇ ਇਸ ਪ੍ਰਣਾਲੀ ਨੂੰ ਬਣਾਉਣ ਲਈ ਅਗਸਤ 2008 ਵਿੱਚ ਅਮਰੀਕਾ ਨਾਲ ਇੱਕ ਸਮਝੌਤਾ ਵੀ ਕੀਤਾ। ਕਾਂਗਰੇਸ਼ਨਲ ਰਿਸਰਚ ਸਰਵਿਸ ਦੀ ਖੋਜ ਮੁਤਾਬਕ 2006 ਤੋਂ 2020 ਦਰਮਿਆਨ ਅਮਰੀਕਾ ਨੇ ਡੇਵਿਡਜ਼ ਸਲਿੰਗ ਬਣਾਉਣ ਲਈ ਇਜ਼ਰਾਈਲ ਨੂੰ ਦੋ ਅਰਬ ਡਾਲਰ ਦੀ ਰਕਮ ਦਿੱਤੀ ਹੈ। ਅਕਤੂਬਰ 2009 ਵਿੱਚ, ਇਜ਼ਰਾਈਲੀ ਕੰਪਨੀ ਰਾਫੇਲ ਐਡਵਾਂਸਡ ਡਿਫੈਂਸ ਸਿਸਟਮ ਨੇ ਅਮਰੀਕੀ ਕੰਪਨੀ ਰੇਥੀਓਨ ਨਾਲ ਇੰਟਰਨੈਸ਼ਨਲ ਮਿਜ਼ਾਈਲ ਅਤੇ ਲਾਂਚਰ ਬਣਾਉਣ ਲਈ 10 ਕਰੋੜ ਡਾਲਰ ਦਾ ਸਮਝੌਤਾ ਕੀਤਾ ਸੀ। ਫੌਜੀ ਸਾਜ਼ੋ-ਸਾਮਾਨ ਨੂੰ ਟ੍ਰੈਕ ਕਰਨ ਵਾਲੀ ਵੈੱਬਸਾਈਟ ਡਿਫੈਂਸ ਨਿਊਜ਼ ਦੇ ਮੁਤਾਬਕ, ਇਜ਼ਰਾਈਲੀ ਕੰਪਨੀ ਰਾਫੇਲ ਨੇ ਸਭ ਤੋਂ ਪਹਿਲਾਂ ਡੇਵਿਡਜ਼ ਸਲਿੰਗ ਨੂੰ 2013 ਵਿੱਚ ਪੈਰਿਸ ਏਅਰ ਸ਼ੋਅ ਵਿੱਚ ਪ੍ਰਦਰਸ਼ਿਤ ਕੀਤਾ ਸੀ। ਟਾਈਮਜ਼ ਆਫ਼ ਇਜ਼ਰਾਈਲ ਦੇ ਮੁਤਾਬਕ, ਡੇਵਿਡਜ਼ ਸਲਿੰਗ ਦਾ ਪਹਿਲਾ ਸਫਲ ਪ੍ਰੀਖਣ 2012 ਵਿੱਚ ਇੱਕ ਰੇਗਿਸਤਾਨ ਵਿੱਚ ਕੀਤਾ ਗਿਆ ਸੀ। ਡਿਫੈਂਸ ਨਿਊਜ਼ 'ਤੇ 2015 ਦੀ ਇੱਕ ਰਿਪੋਰਟ ਦੇ ਮੁਤਾਬਕ, ਡੇਵਿਡਜ਼ ਸਲਿੰਗ 302 ਐੱਮਐੱਮਓ ਰਾਕੇਟ ਅਤੇ ਈਰਾਨੀ ਫ਼ਤਿਹ 110 ਮਿਜ਼ਾਈਲ ਨੂੰ ਰੋਕਣ ਦੀ ਸਮਰੱਥਾ ਵੀ ਰੱਖਦਾ ਹੈ।




**ਇਜ਼ਰਾਈਲ ਨੇ ਇਸ ਦੀ ਵਰਤੋਂ ਕਦੋਂ-ਕਦੋਂ ਕੀਤੀ?**

2018 ਵਿੱਚ, ਇਜ਼ਰਾਈਲੀ ਅਖ਼ਬਾਰਾਂ ਨੇ ਰਿਪੋਰਟ ਦਿੱਤੀ ਕਿ ਜੁਲਾਈ 2018 ਵਿੱਚ, ਗੋਲਾਨ ਹਾਈਟਸ ਤੋਂ ਆਉਣ ਵਾਲੀਆਂ ਬੈਲਿਸਟਿਕ ਮਿਜ਼ਾਈਲਾਂ ਨੂੰ ਰੋਕਣ ਲਈ ਡੇਵਿਡਜ਼ ਸਲਿੰਗ ਦੀ ਵਰਤੋਂ ਪਹਿਲੀ ਵਾਰ ਕੀਤੀ ਗਈ ਸੀ। ਡਿਫੈਂਸ ਨਿਊਜ਼ ਵੈੱਬਸਾਈਟ ਦੇ ਮੁਤਾਬਕ, ਇਜ਼ਰਾਈਲ ਨੇ ਡੇਵਿਡਜ਼ ਸਲਿੰਗ ਦੀ ਵਰਤੋਂ ਕਰਦੇ ਹੋਏ ਦੋ ਟਰਸੇਪਟਰ ਮਿਜ਼ਾਈਲਾਂ ਦਾਗੀਆਂ। ਜਿਸ ਦਾ ਮਕਸਦ ਸੀਰੀਆ ਵੱਲੋਂ ਦਾਗ਼ੀਆਂ ਗਈਆਂ ਦੋ ਐੱਸਐੱਸ 21 ਬੈਲਿਸਟਿਕ ਮਿਜ਼ਾਈਲਾਂ ਨੂੰ ਰੋਕਣਾ ਸੀ। ਸੀਰੀਆ ਤੋਂ ਦਾਗੀਆਂ ਗਈਆਂ ਮਿਜ਼ਾਈਲਾਂ ਸੀਰੀਆ ਦੀ ਸਰਹੱਦ ਦੇ ਅੰਦਰ ਹੀ ਜਾ ਡਿੱਗੀਆਂ ਸਨ। ਜਦੋਂ ਕਿ ਇੱਕ ਇਜ਼ਰਾਈਲੀ ਮਿਜ਼ਾਈਲ ਗੋਲਾਨ ਹਾਈਟਸ ਉੱਤੇ ਆਪਣੇ ਆਪ ਹੀ ਨਸ਼ਟ ਹੋ ਗਈ ਸੀ। ਸੀਰੀਆਈ ਫ਼ੌਜ ਨੇ ਡੇਵਿਡ ਦੇ ਸਲਿੰਗ ਤੋਂ ਦਾਗ਼ੀ ਗਈ ਇੱਕ ਮਿਜ਼ਾਈਲ ਨੂੰ ਕਬਜ਼ੇ ਵਿੱਚ ਲੈ ਲਿਆ ਸੀ ਅਤੇ ਇਸ ਨੂੰ ਜਾਂਚ ਲਈ ਰੂਸ ਭੇਜ ਦਿੱਤਾ ਸੀ। ਮਈ 2023 ਵਿੱਚ ਵੀ ਇਜ਼ਰਾਈਲ ਨੇ ਡੇਵਿਡ ਸਲਿੰਗ ਦੀ ਵਰਤੋਂ ਕਰਨ ਦੀ ਜਾਣਕਾਰੀ ਦਿੱਤੀ ਸੀ।

ਇਸ ਵਾਰ ਇਸ ਰੱਖਿਆ ਪ੍ਰਣਾਲੀ ਨੇ ਗਾਜ਼ਾ ਤੋਂ ਦਾਗੀਆਂ ਉਨ੍ਹਾਂ ਮਿਜ਼ਾਈਲਾਂ ਨੂੰ ਰੋਕਿਆ ਸੀ, ਜਿਨ੍ਹਾਂ ਨੂੰ ਆਇਰਨ ਡੋਮ ਰੋਕਣ 'ਚ ਨਾਕਾਮ ਰਿਹਾ ਸੀ। ਪਿਛਲੇ ਬੁੱਧਵਾਰ, ਹਿਜ਼ਬੁੱਲ੍ਹਾ ਅਤੇ ਇਜ਼ਰਾਈਲ ਵਿਚਕਾਰ ਵਧ ਰਹੇ ਤਣਾਅ ਦੇ ਚਲਦਿਆਂ, ਇਜ਼ਰਾਈਲੀ ਸਰਕਾਰ ਦੇ ਬੁਲਾਰੇ ਡੇਵਿਡ ਮੈਨਲਪ ਨੇ ਕਿਹਾ ਸੀ ਕਿ ਉਨ੍ਹਾਂ ਦੇ ਬਲਾਂ ਨੇ ਲੇਬਨਾਨੀ ਸੰਗਠਨ ਵੱਲੋਂ ਦਾਗ਼ੀ ਇੱਕ ਮਿਜ਼ਾਈਲ ਨੂੰ ਨਸ਼ਟ ਕਰ ਦਿੱਤਾ ਹੈ।

ਡੇਵਿਡ ਮੈਨਸਰ ਦਾ ਕੀ ਕਹਿਣਾ ਹੈ,"ਇਤਿਹਾਸ ਵਿੱਚ ਇਹ ਪਹਿਲੀ ਵਾਰ ਹੈ ਕਿ ਹਿਜ਼ਬੁੱਲ੍ਹਾ ਦੇ ਅੱਤਵਾਦੀਆਂ ਨੇ ਤੇਲ ਅਵੀਵ 'ਤੇ ਇੱਕ ਮਿਜ਼ਾਈਲ ਦਾਗ਼ੀ, ਪਰ ਇਜ਼ਰਾਈਲੀ ਏਅਰ ਡਿਫੈਂਸ ਸਿਸਟਮ ਡੇਵਿਡਜ਼ ਸਲਿੰਗ ਨੇ ਕਾਮਯਾਬੀ ਨਾਲ ਇਸ ਨੂੰ ਬੇਅਸਰ ਕਰ ਦਿੱਤਾ ਅਤੇ ਦੱਖਣੀ ਲੇਬਨਾਨ ਵਿੱਚ ਲਾਂਚਿੰਗ ਪੈਡਾਂ ਨੂੰ ਵੀ ਨਸ਼ਟ ਕਰ ਦਿੱਤਾ।" ਕਰਨਲ ਅੱਬਾਸ ਦੋਹਾਕ ਕਹਿੰਦੇ ਹਨ ਕਿ ਇਜ਼ਰਾਈਲ ਦੀ ਹਵਾਈ ਰੱਖਿਆ ਪ੍ਰਣਾਲੀ, ਜਿਸ ਵਿੱਚ ਡੇਵਿਡਜ਼ ਸਲਿੰਗ ਵੀ ਸ਼ਾਮਲ ਹੈ, ਹਿਜ਼ਬੁੱਲ੍ਹਾ ਦੇ ਮਿਜ਼ਾਈਲ ਹਮਲਿਆਂ ਵਿਰੁੱਧ ਬਹੁਤ ਪ੍ਰਭਾਵਸ਼ਾਲੀ ਸਾਬਤ ਹੋਈ ਹੈ।ਉਨ੍ਹਾਂ ਦਾਅਵਾ ਕੀਤਾ, "ਇਸ ਨੇ ਨਾ ਸਿਰਫ਼ ਕਈ ਰਾਕੇਟ ਤਬਾਹ ਕੀਤੇ ਹਨ ਬਲਕਿ ਵੱਖ-ਵੱਖ ਦਿਸ਼ਾਵਾਂ ਅਤੇ ਥਾਵਾਂ ਤੋਂ ਦਾਗੇ ਗਏ ਡਰੋਨ ਅਤੇ ਮਿਜ਼ਾਈਲਾਂ ਨੂੰ ਵੀ ਨਾਕਾਮ ਕਰ ਦਿੱਤਾ ਹੈ।" ਜੌਰਡਨ ਦੇ ਫ਼ੌਜੀ ਮਾਮਲਿਆਂ ਦੇ ਮਾਹਰ ਬ੍ਰਿਗੇਡੀਅਰ ਜਨਰਲ ਮੂਸਾ ਅਲ-ਕਲਬ ਵੀ ਕਰਨਲ ਅੱਬਾਸ ਦੋਹਾਕ ਨਾਲ ਸਹਿਮਤ ਨਜ਼ਰ ਆਉਂਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਡੇਵਿਡਜ਼ ਸਲਿੰਗ ਸਿਸਟਮ ਦੇ ਕਾਰਨ, ਇਜ਼ਰਾਈਲ 2006 ਦੀ ਲੜਾਈ ਦੇ ਮੁਕਾਬਲੇ ਹਿਜ਼ਬੁੱਲ੍ਹਾ ਉੱਤੇ ਭਾਰੀ ਸਾਬਤ ਹੋਇਆ ਹੈ। ਉਹ ਕਹਿੰਦੇ ਹਨ ਕਿ ਸ਼ਾਇਦ ਹਿਜ਼ਬੁੱਲ੍ਹਾ ਦੀਆਂ ਕੁਝ ਮਿਜ਼ਾਈਲਾਂ ਡੇਵਿਡਜ਼ ਸਲਿੰਗ ਦੇ ਟਿਕਾਣੇ ਤੱਕ ਪਹੁੰਚਣ ਅਤੇ ਉਸ ਨੂੰ ਨੁਕਸਾਨ ਪਹੁੰਚਾਉਣ ਵਿੱਚ ਸਫ਼ਲ ਹੋ ਸਕਦੀਆਂ ਹਨ, ਪਰ ਇਸਦਾ ਅਸਰ ਸੀਮਤ ਹੋਵੇਗਾ।

ਕਰਨਲ ਅੱਬਾਸ ਦੋਹਕ ਦਾ ਕਹਿਣਾ ਹੈ ਕਿ ਡੇਵਿਡਜ਼ ਸਲਿੰਗ ਨੂੰ ਹਾਈਪਰਸੋਨਿਕ ਮਿਜ਼ਾਈਲਾਂ ਨੂੰ ਰੋਕਣ ਵਿੱਚ ਮੁਸ਼ਕਲ ਹੋ ਸਕਦੀ ਹੈ ਕਿਉਂਕਿ ਉਹ ਬਹੁਤ ਤੇਜ਼ ਰਫ਼ਤਾਰ ਹੁੰਦੀਆਂ ਹਨ। ਉਨ੍ਹਾਂ ਮੁਤਾਬਕ ਉਹ ਨਹੀਂ ਜਾਣਦੇ ਕਿ ਹਿਜ਼ਬੁੱਲ੍ਹਾ ਕੋਲ ਇਹ ਮਿਜ਼ਾਈਲ ਹੈ ਜਾਂ ਨਹੀਂ। ਪਰ ਮੂਸਾ ਅਲ-ਕਲਬ ਦਾ ਕਹਿਣਾ ਹੈ ਕਿ ਉਹ ਨਹੀਂ ਸੋਚਦੇ ਕਿ ਹਿਜ਼ਬੁੱਲ੍ਹਾ ਕੋਲ ਰੂਸ ਦੀ ਮਦਦ ਨਾਲ ਬਣੀ ਜ਼ਰਕੁਨ ਮਿਜ਼ਾਈਲ ਹੋ ਸਕਦੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਯਕੀਨੀ ਤੌਰ 'ਤੇ ਸੰਭਵ ਹੈ ਕਿ ਇਰਾਨ ਨੇ ਥੋੜ੍ਹੀ ਗਿਣਤੀ ਵਿੱਚ ਇਹ ਮਿਜ਼ਾਈਲਾਂ ਹਿਜ਼ਬੁੱਲ੍ਹਾ ਨੂੰ ਦਿੱਤੀਆਂ ਹੋਣ। ਪਰ ਉਹ ਨਹੀਂ ਸਮਝਦੇ ਕਿ ਅਜਿਹਾ ਹੋਇਆ ਹੋਵੇਗਾ ਕਿਉਂਕਿ ਇਹ ਫ਼ੈਸਲਾ ਈਰਾਨ ਦੀ ਉੱਚ ਪੱਧਰੀ ਲੀਡਰਸ਼ਿਪ ਦਾ ਵਿਸ਼ੇਸ਼ ਅਧਿਕਾਰ ਹੈ। ਨਵੰਬਰ 2023 ਵਿੱਚ, ਇਜ਼ਰਾਈਲੀ ਰੱਖਿਆ ਮੰਤਰਾਲੇ ਨੇ ਫਿਨਲੈਂਡ ਨੂੰ ਡੇਵਿਡਜ਼ ਸਲਿੰਗ ਮੁਹੱਈਆ ਕਰਵਾਉਣ ਲਈ 3515 ਕਰੋੜ ਡਾਲਰ ਦੇ ਸਮਝੌਤੇ 'ਤੇ ਹਸਤਾਖਰ ਕੀਤੇ ਸਨ। ਉਸ ਸਮੇਂ ਰੱਖਿਆ ਮੰਤਰਾਲੇ ਨੇ ਕਿਹਾ ਸੀ ਕਿ ਡੇਵਿਡਜ਼ ਸਲਿੰਗ ਬੈਲਿਸਟਿਕ, ਕਰੂਜ਼ ਮਿਜ਼ਾਈਲਾਂ, ਡਰੋਨ ਅਤੇ ਲੜਾਕੂ ਜਹਾਜ਼ਾਂ ਨੂੰ ਟਰੈਕ ਕਰਨ ਉਨ੍ਹਾਂ ਨੂੰ ਨਸ਼ਟ ਕਰਨ ਦੀ ਸਮਰੱਥਾ ਰੱਖਣ ਵਾਲੇ ਦੁਨੀਆ ਦੇ ਆਧੁਨਿਕ ਹਥਿਆਰਾਂ ਵਿੱਚੋਂ ਇੱਕ ਹੈ।

**ਕਮਜ਼ੋਰੀਆਂ**

ਮੂਸਾ ਅਲ-ਕਲਬ ਦਾ ਕਹਿਣਾ ਹੈ ਕਿ ਇਜ਼ਰਾਈਲੀ ਰੱਖਿਆ ਪ੍ਰਣਾਲੀ ਦੀਆਂ ਵੀ ਕੁਝ ਕਮਜ਼ੋਰੀਆਂ ਹਨ ਕਿਉਂਕਿ ਇਨ੍ਹਾਂ ਨੂੰ ਇੱਕ ਥਾਂ ਤੋਂ ਦੂਜੀ ਥਾਂ ਲਿਜਾਣਾ ਔਖਾ ਹੈ ਅਤੇ ਇਸ ਸਮੇਂ ਦੌਰਾਨ ਕੋਈ ਵੀ ਪਾਰਟੀ ਉਨ੍ਹਾਂ ਹਥਿਆਰਾਂ ਨੂੰ ਨਿਸ਼ਾਨਾ ਬਣਾ ਕੇ ਨਸ਼ਟ ਕਰ ਸਕਦੀ ਹੈ। ਉਹ ਕਹਿੰਦੇ ਹਨ ਕਿ ਡੇਵਿਡਜ਼ ਸਲਿੰਗ ਵਿੱਚ ਲੱਗਣ ਵਾਲੀ ਇੱਕ ਮਿਜ਼ਾਈਲ ਦੀ ਕੀਮਤ 10 ਲੱਖ ਡਾਲਰ ਹੈ। ਮੂਸਾ ਅਲ-ਕਲਬ ਦਾ ਵਿਚਾਰ ਹੈ ਕਿ ਇਜ਼ਰਾਈਲ ਤਕਨੀਕੀ ਕਾਰਨਾਂ ਕਰਕੇ ਆਇਰਨ ਡੋਮ ਵਾਂਗ ਡੇਵਿਡਜ਼ ਸਲਿੰਗ ਦੀ ਵਰਤੋਂ ਨਹੀਂ ਕਰੇਗਾ।

# ਪੰਜਾਬ 'ਚ ਪੰਚਾਇਤੀ ਚੋਣਾਂ: ਹਾਈ ਕੋਰਟ ਨੇ ਕਿਹੜੀਆਂ ਪੰਚਾਇਤਾਂ ਦੀ ਚੋਣ 'ਤੇ ਲਾਈ ਰੋਕ

ਪੰਜਾਬ-ਹਰਿਆਣਾ ਹਾਈ ਕੋਰਟ ਨੇ ਪੰਜਾਬ ਦੀਆਂ ਕੁਝ ਪੰਚਾਇਤਾਂ ਦੀਆਂ ਚੋਣਾਂ 'ਤੇ ਰੋਕ ਲਗਾ ਦਿੱਤੀ ਹੈ ਅਤੇ ਇੱਥੇ 15 ਅਕਤੂਬਰ ਨੂੰ ਚੋਣਾਂ ਨਹੀਂ ਹੋਣਗੀਆਂ। ਦਰਅਸਲ, ਪੰਜਾਬ ਵਿੱਚ 25 ਸਤੰਬਰ ਨੂੰ ਪੰਚਾਇਤੀ ਚੋਣਾਂ ਦਾ ਐਲਾਨ ਹੋਣ ਮਗਰੋਂ ਸੂਬੇ ਦੇ ਵੱਖ-ਵੱਖ ਹਿੱਸਿਆਂ ਤੋਂ ਚੋਣ ਨਾਲ ਸਬੰਧਿਤ ਹਿੰਸਾ ਅਤੇ ਧੱਕੇਸ਼ਾਹੀ ਦੀਆਂ ਖ਼ਬਰਾਂ ਦੇਖਣ-ਸੁਣਨ ਨੂੰ ਮਿਲਣ ਲੱਗੀਆਂ ਹਨ। ਇਨ੍ਹਾਂ ਵਿੱਚ ਇਨ੍ਹਾਂ ਕਥਿਤ ਧੱਕੇਸ਼ਾਹੀਆਂ ਦੇ ਮਾਮਲਿਆਂ ਵਿੱਚ ਇਲਜ਼ਾਮ ਲੱਗੇ ਹਨ ਕਿ ਵਿਰੋਧੀ ਪਾਰਟੀਆਂ ਨੇ ਇਲਜ਼ਾਮ ਲਾਇਆ ਕਿ ਉਨ੍ਹਾਂ ਦੇ ਉਮੀਦਵਾਰਾਂ ਨੂੰ ਚੋਣਾਂ ਲੜਨ ਤੋਂ ਰੋਕਣ ਵਾਸਤੇ ਸੱਤਾਧਾਰੀ ਧਿਰ ਮਸ਼ੀਨਰੀ ਦੀ ਦੁਰਵਰਤੋਂ ਕਰ ਰਹੀ ਹੈ। ਭਾਵੇਂ ਸੱਤਾਧਾਰੀ ਆਮ ਆਦਮੀ ਪਾਰਟੀ ਨੇ ਇਨ੍ਹਾਂ ਇਲਜ਼ਾਮਾਂ ਨੂੰ ਖਾਰਿਜ ਕੀਤਾ ਹੈ। ਇਸੇ ਸਬੰਧੀ ਕਈਆਂ ਲੋਕਾਂ ਨੇ ਸੱਤਾਧਾਰੀ ਧਿਰ ਖ਼ਿਲਾਫ਼ ਅਦਾਲਤ ਦਾ ਰੁਖ਼ ਕੀਤਾ, ਜਿਸ 'ਤੇ ਕਾਰਵਾਈ ਕਰਦਿਆਂ ਅਦਾਲਤ ਨੇ ਆਪਣੇ ਫ਼ੈਸਲਾ ਸੁਣਾਇਆ। ਪਟੀਸ਼ਨਕਰਤਾ ਦੇ ਵਕੀਲ ਹਾਕਮ ਸਿੰਘ ਨੇ ਦੱਸਿਆ ਕਿ ਨਾਮਜ਼ਦਗੀਆਂ ਰੱਦ ਹੋਣ ਸਬੰਧੀ ਸ਼ਿਕਾਇਤਾਂ ਕਰੀਬ 10 ਹਜ਼ਾਰ ਤੋਂ ਉੱਤੇ ਹਨ ਪਰ ਇਸ ਸਬੰਧੀ 250 ਪਟੀਸ਼ਨਾਂ ਅਦਾਲਤ ਵਿੱਚ ਦਾਇਰ ਹੋਈਆਂ ਸਨ। ਹਾਕਮ ਸਿੰਘ ਨੇ ਅੱਗੇ ਦੱਸਿਆ, "ਅਦਾਲਤ ਨੇ ਇਨ੍ਹਾਂ 250 ਪਿੰਡਾਂ ਵਿੱਚ ਚੋਣ 'ਤੇ ਰੋਕ ਲਗਾਈ ਹੈ। ਹਾਲਾਂਕਿ, ਅਗਲੇ ਦਿਨਾਂ ਵਿੱਚ ਪਟੀਸ਼ਨਾਂ ਹੋਰ ਵਧ ਸਕਦੀਆਂ ਹਨ।" "ਅਦਾਲਤ ਨੇ ਸਖ਼ਤ ਪ੍ਰਤੀਕਿਰਿਆ ਦਿੰਦਿਆਂ ਕਿਹਾ, ਸਰਕਾਰ ਅਤੇ ਚੋਣ ਕਮਿਸ਼ਨ ਅੱਖਾਂ ਬੰਦ ਕਰ ਸਕਦੇ ਹਨ ਪਰ ਅਦਾਲਤ ਅੱਖਾਂ ਨਹੀਂ ਬੰਦ ਕਰ ਸਕਦੀ।" ਮਾਮਲੇ ਦੀ ਅਗਲੀ ਸੁਣਵਾਈ 14 ਅਕਤੂਬਰ ਨੂੰ ਹੈ। ਸ਼੍ਰੋਮਣੀ ਅਕਾਲੀ ਦਲ ਨੇ ਅਦਾਲਤ ਦੇ ਇਸ ਫ਼ੈਸਲੇ ਦਾ ਸਵਾਗਤ ਕੀਤਾ ਹੈ।

ਪਾਰਟੀ ਪ੍ਰਧਾਨ ਸੁਖਬੀਰ ਬਾਦਲ ਨੇ ਆਪਣੇ ਐਕਸ ਅਕਾਊਂਟ 'ਤੇ ਲਿਖਦਿਆਂ ਕਿਹਾ, "ਉਹ 250 ਪਿੰਡ ਜਿੱਥੇ ਆਮ ਆਦਮੀ ਪਾਰਟੀ ਦੇ ਮੰਤਰੀਆਂ ਅਤੇ ਵਿਧਾਇਕਾਂ ਦੇ ਹੁਕਮਾਂ 'ਤੇ ਨਾਮਜ਼ਦਗੀ ਪੱਤਰ ਮਨਮਰਜ਼ੀ ਨਾਲ ਰੱਦ ਕੀਤੇ ਗਏ ਸਨ, ਉੱਥੇ ਚੋਣਾਂ 'ਤੇ ਲੱਗੀ ਰੋਕ ਦਾ ਸ਼੍ਰੋਮਣੀ ਅਕਾਲੀ ਦਲ ਸਵਾਗਤ ਕਰਦੀ ਹੈ।"

"ਇਹ ਤਾਂ ਸ਼ੁਰੂਆਤ ਹੈ। ਹਜ਼ਾਰਾਂ ਲੋਕ ਅਜਿਹੇ ਹਨ ਜਿਨ੍ਹਾਂ ਦੀਆਂ ਨਾਮਜ਼ਦਗੀਆਂ ਬਿਨਾਂ ਵਜ੍ਹਾ ਰੱਦ ਕੀਤੀਆਂ ਗਈਆਂ। ਮੈਂ ਹਰ ਪੀੜਤ ਨੂੰ ਹਾਈ ਕੋਰਟ ਤੱਕ ਪਹੁੰਚ ਕਰਨ ਦੀ ਅਪੀਲ ਕਰਦਾ ਹਾਂ ਕਿਉਂਕਿ ਲੋਕਤੰਤਰ ਨੂੰ ਬਚਾਉਣ ਦਾ ਇਹੀ ਇੱਕੋ ਇੱਕ ਰਸਤਾ ਹੈ।" ਉਧਰ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਫੈਸਲੇ ਨੂੰ ਲੋਕਤੰਤਰ ਦੀ ਰਾਖੀ ਲਈ ਜ਼ਰੂਰੀ ਅਤੇ ਅਤਿ ਜ਼ਰੂਰੀ ਦਖ਼ਲ ਕਰਾਰ ਦਿੱਤਾ ਹੈ। ਜਾਰੀ ਪ੍ਰੈੱਸ ਨੋਟ ਵਿੱਚ ਉਨ੍ਹਾਂ ਨੇ ਅਦਾਲਤ ਨੂੰ ਇਸ ਮਾਮਲੇ ਦਾ ਹੋਰ ਖ਼ੁਦ ਨੋਟਿਸ ਲੈਣ ਦੀ ਅਪੀਲ ਕੀਤੀ, ਕਿਉਂਕਿ ਬਹੁਤ ਸਾਰੇ ਹਾਸ਼ੀਏ ਵਾਲੇ ਵਿਅਕਤੀ, ਜੋ ਕਿ ਸੀਮਤ ਸਾਧਨਾਂ ਕਾਰਨ ਹਾਈ ਕੋਰਟ ਤੱਕ ਪਹੁੰਚ ਕਰਨ ਤੋਂ ਅਸਮਰੱਥ ਹਨ, ਇਹਨਾਂ ਚੋਣਾਂ ਲੜਨ ਦੇ ਆਪਣੇ ਮੌਲਿਕ ਅਧਿਕਾਰ ਤੋਂ ਵਾਂਝੇ ਰਹਿ ਗਏ ਹਨ।


**ਕਈ ਥਾਈਂ ਝੜਪਾਂ ਦੇ ਮਾਮਲੇ ਆਏ ਸਾਹਮਣੇ**

25 ਸਤੰਬਰ ਨੂੰ ਪੰਜਾਬ ਵਿੱਚ ਪੰਚਾਇਤੀ ਚੋਣਾਂ ਦਾ ਐਲਾਨ ਹੋਣ ਮਗਰੋਂ ਸੂਬੇ ਦੇ ਵੱਖ-ਵੱਖ ਹਿੱਸਿਆਂ ਤੋਂ ਚੋਣ ਨਾਲ ਸਬੰਧਿਤ ਹਿੰਸਾ ਅਤੇ ਧੱਕੇਸ਼ਾਹੀ ਦੀਆਂ ਖ਼ਬਰਾਂ ਦੇਖਣ-ਸੁਣਨ ਨੂੰ ਮਿਲਣ ਲੱਗੀਆਂ ਹਨ। ਇਸ ਵਿੱਚ ਪੱਥਰਬਾਜ਼ੀ, ਛੋਟੀਆਂ ਝੜਪਾਂ, ਬਲ ਅਤੇ ਪੈਸੇ ਦੀ ਤਾਕਤ ਤੋਂ ਲੈ ਕੇ ਗੋਲੀ ਚੱਲਣ ਤੱਕ ਦੀਆਂ ਘਟਨਾਵਾਂ ਸ਼ੁਮਾਰ ਹਨ। ਹਿੰਸਕ ਘਟਨਾਵਾਂ ਤੋਂ ਇਲਾਵਾ ਵੀ ਨਿੱਤ ਦਿਹਾੜੇ ਚੋਣਾਂ ਨਾਲ ਸਬੰਧਤ ਨਵੇਂ ਵਿਵਾਦ ਪੈਦਾ ਹੋ ਰਹੇ ਹਨ, ਜਿਨ੍ਹਾਂ ਵਿੱਚੋਂ ਵਧੇਰੇ ਮਾਮਲੇ ਉਮੀਦਵਾਰਾਂ ਨਾਲ ਕਥਿਤ ਧੱਕੇਸ਼ਾਹੀ ਦੇ ਹਨ। ਕਈ ਥਾਵਾਂ ਉੱਤੇ ਵਿਰੋਧੀ ਧਿਰ ਨੇ ਇਹ ਵੀ ਇਲਜ਼ਾਮ ਲਾਏ ਕਿ ਜਿਨ੍ਹਾਂ ਉਮੀਦਵਾਰਾਂ ਵੱਲੋਂ ਆਪਣੇ ਦਸਤਾਵੇਜ਼ ਪੂਰੇ ਕਰ ਲਏ ਗਏ, ਉਨ੍ਹਾਂ ਦੇ ਨਾਮਜ਼ਦਗੀ ਪੱਤਰ ਜਾਣਬੁੱਝ ਕੇ ਪਾੜ ਦਿੱਤੇ ਗਏ। ਇਹ ਵੀ ਇਲਜ਼ਾਮ ਲਗਾਏ ਗਏ ਕਿ ਨਾਮਜ਼ਦਗੀ ਪੱਤਰ ਦਾਖ਼ਲ ਹੋਣ ਮਗਰੋਂ ਵੀ ਪੜਤਾਲ ਦੌਰਾਨ, ਵਿਰੋਧੀ ਪਾਰਟੀਆਂ ਦੇ ਕਈ ਉਮੀਦਵਾਰਾਂ ਦੇ ਨਾਮਜ਼ਦਗੀ ਪੱਤਰ ਬਿਨਾਂ ਕਿਸੇ ਜਾਇਜ਼ ਕਾਰਨ ਦੇ ਰੱਦ ਕਰ ਦਿੱਤੇ ਗਏ। ਹਾਲਾਂਕਿ ਸੱਤਾਧਾਰੀ ਧਿਰ ਨੇ ਸਾਰੇ ਇਲਜ਼ਾਮਾਂ ਨੂੰ ਖਾਰਜ ਕੀਤਾ ਹੈ ਅਤੇ ਦਾਅਵਾ ਕੀਤਾ ਹੈ ਕਿ ਨਾਮਜ਼ਦਗੀ ਪੱਤਰ ਖਾਰਜ ਕਰਨ ਨਾਲ ਉਨ੍ਹਾਂ ਦਾ ਕੋਈ ਲੈਣਾ-ਦੇਣਾ ਨਹੀਂ ਹੈ। ਸੂਬੇ ਵਿੱਚ ਪੰਚਾਇਤੀ ਚੋਣਾਂ ਕਰਵਾਉਣ ਲਈ ਚੋਣ ਕਮਿਸ਼ਨ ਜ਼ਿੰਮੇਵਾਰ ਹੈ। ਕੁਝ ਮਾਮਲੇ ਅਜਿਹੇ ਵੀ ਹਨ ਜਿਨ੍ਹਾਂ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਝੜਪ ਦਾ ਸ਼ਿਕਾਰ ਹੋਏ।

ਅੰਮ੍ਰਿਤਸਰ ਪੁਲਿਸ ਵੱਲੋਂ ਚਾਰ ਵਿਅਕਤੀਆਂ ਨੂੰ 42 ਸਾਲਾ ਕੁਲਦੀਪ ਕੌਰ ਦੇ ਕਤਲ ਕਰਨ ਦੇ ਇਲਜ਼ਾਮ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ। 4 ਅਕਤੂਬਰ ਨੂੰ ਨਾਮਜ਼ਦਗੀਆਂ ਭਰਨ ਦੇ ਆਖ਼ਰੀ ਦਿਨ ਕੁਲਦੀਪ ਕੌਰ ਨੂੰ ਕਮਾਸਕਾ ਪਿੰਡ ਵਿੱਚ ਕਤਲ ਕਰ ਦਿੱਤਾ ਗਿਆ ਸੀ।

# ਜਗਜੀਤ ਸਿੰਘ: ਮਰਹੂਮ ਗਜ਼ਲ ਗਾਇਕ ਦਾ ਜੀਵਨ ਕਿਵੇਂ ਬਦਲਿਆ

ਘੱਟ ਲੋਕ ਇਸ ਗੱਲ ਤੋਂ ਜਾਣੂ ਹਨ ਕਿ ਮਸ਼ਹੂਰ ਨਿਰਦੇਸ਼ਕ ਸੁਭਾਸ਼ ਘਈ ਕਾਲਜ ਦੇ ਦਿਨਾਂ ਤੋਂ ਹੀ ਜਗਜੀਤ ਸਿੰਘ ਦੇ ਪਰਮ ਮਿੱਤਰ ਸਨ। ਇੱਕ ਵਾਰ ਉਹ ਆਪਣੀ ਯੂਨੀਵਰਸਿਟੀ ਵੱਲੋਂ ਇੱਕ ਯੂਥ ਫੈਸਟੀਵਲ 'ਚ ਸ਼ਾਮਲ ਹੋਣ ਲਈ ਬੰਗਲੌਰ ਗਏ ਸਨ। ਰਾਤ ਦੇ 11 ਵਜੇ ਜਗਜੀਤ ਸਿੰਘ ਦੀ ਵਾਰੀ ਆਈ ਅਤੇ ਮਾਈਕ 'ਤੇ ਜਦੋਂ ਇਹ ਐਲਾਨਿਆ ਗਿਆ ਕਿ ਹੁਣ ਪੰਜਾਬ ਯੂਨੀਵਰਸਿਟੀ ਦਾ ਇੱਕ ਵਿਦਿਆਰਥੀ ਸ਼ਾਸਤਰੀ ਸੰਗੀਤ ਗਾਏਗਾ, ਤਾਂ ਉੱਥੇ ਮੌਜੂਦ ਮੁੰਡੇ ਹੱਸਣ ਲੱਗ ਪਏ। ਮੁੰਡਿਆਂ ਨੂੰ ਲੱਗਦਾ ਸੀ ਕਿ ਪੰਜਾਬ ਤਾਂ ਸਿਰਫ਼ ਭੰਗੜੇ ਲਈ ਮਸ਼ਹੂਰ ਹੈ। ਜਿਵੇਂ ਹੀ ਜਗਜੀਤ ਸਿੰਘ ਸਟੇਜ 'ਤੇ ਆਏ ਤਾਂ ਲੋਕਾਂ ਨੇ ਸੀਟੀਆਂ ਵਜਾਉਣੀਆਂ ਸ਼ੁਰੂ ਕਰ ਦਿੱਤੀਆਂ। ਸੁਭਾਸ਼ ਨੇ ਸੋਚਿਆ ਕਿ ਹੁਣ ਜਗਜੀਤ ਬੁਰੀ ਤਰ੍ਹਾਂ ਨਾਲ ਅਸਫ਼ਲ ਹੋਣ ਵਾਲੇ ਹਨ ਪਰ ਅਜਿਹਾ ਨਾ ਹੋਇਆ। ਜਗਜੀਤ ਸਿੰਘ ਨੇ ਬੋਲ਼ਾ ਕਰ ਦੇਣ ਵਾਲੇ ਰੌਲੇ 'ਚ ਅੱਖਾਂ ਬੰਦ ਕਰਕੇ ਆਲਾਪ ਲੈਣਾ ਸ਼ੁਰੂ ਕੀਤਾ ਅਤੇ ਫਿਰ ਉਨ੍ਹਾਂ ਨੇ 30 ਸਕਿੰਟਾਂ ਬਾਅਦ ਗਾਉਣਾ ਸ਼ੁਰੂ ਕੀਤਾ। ਉੱਥੇ ਮੌਜੂਦ ਸਰੋਤਿਆਂ ਨੂੰ ਸ਼ਾਸਤਰੀ ਸੰਗੀਤ ਦੀ ਸਮਝ ਸੀ ਅਤੇ ਜਲਦੀ ਹੀ ਉਹ ਤਾੜੀਆਂ ਵਜਾਉਣ ਲੱਗ ਪਏ। ਜਦੋਂ ਉਨ੍ਹਾਂ ਨੇ ਆਪਣੀ ਗਾਇਕੀ ਖ਼ਤਮ ਕੀਤੀ ਤਾਂ ਇੰਨ੍ਹੀ ਜ਼ੋਰ ਨਾਲ ਤਾੜੀਆਂ ਵੱਜੀਆਂ ਕਿ ਸੁਭਾਸ਼ ਘਈ ਦੀਆਂ ਅੱਖਾਂ 'ਚ ਹੰਝੂ ਆ ਗਏ ਸਨ। ਇਸ ਯੂਥ ਫੈਸਟੀਵਲ 'ਚ ਹੀ ਜਗਜੀਤ ਸਿੰਘ ਨੂੰ ਪਹਿਲਾ ਇਨਾਮ ਮਿਲਿਆ ਸੀ।



### ਨਿੱਜੀ ਮਹਿਫ਼ਲਾਂ ਤੋਂ ਆਪਣੇ ਗਾਇਕੀ ਜੀਵਨ ਦੀ ਸ਼ੁਰੂਆਤ ਕੀਤੀ

ਸਾਲ 1965 'ਚ ਜਦੋਂ ਜਗਜੀਤ ਸਿੰਘ ਬੰਬਈ ਆਏ ਤਾਂ ਉਨ੍ਹਾਂ ਨੇ ਸ਼ੁਰੂ-ਸ਼ੁਰੂ 'ਚ ਬੇਰੀਜ਼ ਰੈਸਟੋਰੈਂਟ 'ਚ ਗਾਉਣਾ ਸ਼ੁਰੂ ਕੀਤਾ। ਫਿਰ ਉਹ ਲੋਕਾਂ ਦੀਆਂ ਨਿੱਜੀ ਮਹਿਫ਼ਲਾਂ 'ਚ ਗਾਉਣ ਲੱਗ ਪਏ ਸਨ। ਕਿਤੇ ਥੋੜੇ ਬਹੁਤ ਪੈਸੇ ਮਿਲ ਜਾਂਦੇ ਜਾਂ ਫਿਰ ਕਿਤੇ ਮੁਫ਼ਤ ਖਾਣਾ ਅਤੇ ਕਿਤੇ ਮੁਫ਼ਤ ਦੀ ਸ਼ਰਾਬ। ਅਜਿਹੀ ਹੀ ਇੱਕ ਮਹਿਫ਼ਲ 'ਚ 'ਇਲਸਟ੍ਰੇਟਿਡ ਵੀਕਲੀ' ਦੇ ਸੰਪਾਦਕ ਖੁਸ਼ਵੰਤ ਸਿੰਘ ਨੇ ਉਨ੍ਹਾਂ ਨੂੰ ਸੁਣਿਆ ਅਤੇ ਆਪਣੇ ਮੈਗਜ਼ੀਨ 'ਵੀਕਲੀ' 'ਚ ਉਨ੍ਹਾਂ ਦੇ ਬਾਰੇ 'ਚ ਕੁਝ ਸਤਰਾਂ ਲਿਖੀਆਂ। ਜਗਜੀਤ ਸਿੰਘ 'ਤੇ ਪ੍ਰਕਾਸ਼ਿਤ ਹੋਈ ਕਿਤਾਬ 'ਕਹਾਂ ਤੁਮ ਚਲੇ ਗਏ- ਦਾਸਤਾਨ-ਏ- ਜਗਜੀਤ' ਦੇ ਲੇਖਕ ਰਾਜੇਸ਼ ਬਾਦਲ ਲਿਖਦੇ ਹਨ, "ਉਨ੍ਹਾਂ ਦਿਨਾਂ 'ਚ ਜਗਜੀਤ ਸਿੰਘ 'ਵੀਕਲੀ' ਦੀ ਉਸ ਕਲਿੱਪਿੰਗ ਨੂੰ ਹਮੇਸ਼ਾ ਆਪਣੇ ਕੋਲ ਰੱਖਦੇ ਸਨ ਅਤੇ ਬਹੁਤ ਹੀ ਉਤਸ਼ਾਹ ਨਾਲ ਸਾਹਮਣੇ ਵੱਲੇ ਨੂੰ ਦੱਸਿਆ ਕਰਦੇ ਸਨ ਕਿ ਖੁਸ਼ਵੰਤ ਸਿੰਘ ਨੇ ਉਨ੍ਹਾਂ ਬਾਰੇ ਲਿਖਿਆ ਹੈ। ਬਾਦਲ ਅੱਗੇ ਲਿਖਦੇ ਹਨ, "ਉਸ ਸਮੇਂ ਉਨ੍ਹਾਂ ਨੇ ਇੱਕ ਥ੍ਰੀ ਪੀਸ ਸੂਟ ਸਵਾਇਆ ਸੀ, ਜਿਸ ਨੂੰ ਕਿ ਉਹ ਰੋਜ਼ਾਨਾ ਆਪ ਪ੍ਰੈਸ ਕਰਿਆ ਕਰਦੇ ਸਨ। ਉਹ ਇੱਕ ਵੱਖਰਾ ਹੀ ਨਜ਼ਾਰਾ ਹੁੰਦਾ ਸੀ ਕਿ ਥ੍ਰੀ ਪੀਸ ਸੂਟ 'ਚ ਇੱਕ ਸਰਦਾਰ ਗਲੇ 'ਚ ਹਾਰਮੋਨੀਅਮ ਟੰਗ ਕੇ ਗੀਤ ਗਾ ਰਿਹਾ ਹੈ।"

### ਐਚਐਮਵੀ ਦੇ ਕਹਿਣ 'ਤੇ ਸਿੱਖੀ ਸਰੂਪ ਤਿਆਗਿਆ

ਜਦੋਂ ਐਚਐਮਵੀ ਨੇ ਉਨ੍ਹਾਂ ਦਾ ਪਹਿਲਾ ਰਿਕਾਰਡ ਕੱਢਿਆ ਤਾਂ ਕੰਪਨੀ ਨੇ ਰਿਕਾਰਡ ਦੇ ਕਵਰ 'ਤੇ ਛਾਪਣ ਲਈ ਜਗਜੀਤ ਸਿੰਘ ਦੀ ਤਸਵੀਰ ਮੰਗੀ। ਉਨ੍ਹਾਂ ਨੂੰ ਕਿਹਾ ਗਿਆ ਕਿ ਸੰਗੀਤ ਪ੍ਰੇਮੀ ਇੱਕ ਸਿੱਖ ਨੂੰ ਗਜ਼ਲ ਗਾਉਂਦਾ ਸਵੀਕਾਰ ਨਹੀਂ ਕਰਨਗੇ, ਭਾਵੇਂ ਕਿ ਉਹ ਕਿੰਨਾ ਵੀ ਚੰਗਾ ਕਿਉਂ ਨਾ ਗਾਉਂਦਾ ਹੋਵੇ। ਰਾਜੇਸ਼ ਬਾਦਲ ਦੱਸਦੇ ਹਨ, "ਕੰਪਨੀ ਨੇ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਉਹ ਬਿਨ੍ਹਾਂ ਦਾੜੀ ਅਤੇ ਪੱਗ ਦੇ ਇੱਕ ਤਸਵੀਰ ਖਿੱਚਵਾਉਣ। ਜਗਜੀਤ ਸਿੰਘ ਨੂੰ ਇਹ ਸੁਣ ਕੇ ਬਹੁਤ ਹੈਰਾਨੀ ਹੋਈ ਪਰ ਆਪਣੇ ਕਰੀਅਰ ਦੀ ਖ਼ਾਤਰ ਉਨ੍ਹਾਂ ਨੇ ਆਪਣਾ ਸਿੱਖੀ ਸਰੂਪ ਤਿਆਗਣ ਦਾ ਫੈਸਲਾ ਲਿਆ।"

ਉਸ ਸ਼ਾਮ ਇੱਕ ਦਿਲਚਸਪ ਘਟਨਾ ਵਾਪਰੀ। ਰਾਜੇਸ਼ ਬਾਦਲ ਲਿਖਦੇ ਹਨ, ਜਦੋਂ ਉਹ ਆਪਣੇ ਵਾਲ ਕਟਵਾਉਣ ਤੋਂ ਬਾਅਦ ਇੱਕ ਵਿਆਹ ਦੀ ਰਿਸੈਪਸ਼ਨ 'ਤੇ ਗਾਉਣ ਲਈ ਪਹੁੰਚੇ ਤਾਂ ਪ੍ਰਬੰਧਕਾਂ ਨੇ ਉਨ੍ਹਾਂ ਨੂੰ ਗੀਤ ਗਵਾਉਣ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਨੇ ਕਿਹਾ ਕਿ ਸਾਡੀ ਤਾਂ ਇੱਕ ਸਿੱਖ ਨੌਜਵਾਨ ਨਾਲ ਗੱਲਬਾਤ ਹੋਈ ਸੀ। ਤੁਸੀਂ ਕਿਉਂ ਆਏ ਹੋ ? ਉਹ ਕਿੱਥੇ ਹੈ ? ਜਗਜੀਤ ਨੇ ਉਨ੍ਹਾਂ ਨੂੰ ਸਮਝਾਉਣ ਦੀ ਬਹੁਤ ਕੋਸ਼ਿਸ਼ ਕੀਤੀ ਕਿ ਮੈਂ ਹੀ ਉਹ ਸਿੱਖ ਹਾਂ ਪਰ ਉਨ੍ਹਾਂ ਨੇ ਜਗਜੀਤ ਦੀ ਇੱਕ ਨਾ ਸੁਣੀ।" ਪ੍ਰਬੰਧਕਾਂ ਨੇ ਕਿਹਾ ਕਿ ਤੁਸੀਂ ਇਹ ਕਿਉਂ ਨਹੀਂ ਕਹਿੰਦੇ ਕਿ ਸਰਦਾਰ ਜੀ ਨੂੰ ਕਿਸੇ ਹੋਰ ਪ੍ਰੋਗਰਾਮ 'ਚ ਵਧੇਰੇ ਪੈਸੇ ਮਿਲ ਰਹੇ ਸੀ, ਇਸ ਲਈ ਉਨ੍ਹਾਂ ਨੇ ਤੁਹਾਨੂੰ ਇੱਥੇ ਭੇਜ ਦਿੱਤਾ ਹੈ। ਜਗਜੀਤ ਸਿੰਘ ਨੇ ਕਿਹਾ ਤੁਸੀਂ ਇੱਕ ਵਾਰ ਮੇਰਾ ਗਾਣਾ ਤਾਂ ਸੁਣੋ। ਮੈਂ ਉਹੀ ਜਗਜੀਤ ਹਾਂ। ਜੇਕਰ ਮੇਰੀ ਆਵਾਜ਼ ਉਹੀ ਹੋਈ ਤਾਂ ਹੀ ਪੈਸੇ ਦੇਣਾ ਨਹੀਂ ਤਾਂ ਨਾ ਦੇਣਾ। ਪ੍ਰਬੰਧਕਾਂ ਨੇ ਕਿਹਾ ਠੀਕ ਹੈ ਤੁਸੀਂ ਗਾਓ, ਪਰ ਜੇਕਰ ਕਿਸੇ ਮਹਿਮਾਨ ਨੇ ਸ਼ਿਕਾਇਤ ਕੀਤੀ ਤਾਂ ਅਸੀਂ ਤੁਹਾਨੂੰ ਗੀਤ ਦੇ ਵਿਚਾਲੇ ਹੀ ਇੱਥੋਂ ਬਾਹਰ ਕਰ ਦੇਵਾਂਗੇ। ਜਿਵੇਂ ਹੀ ਜਗਜੀਤ ਨੇ ਗਾਉਣਾ ਸ਼ੁਰੂ ਕੀਤਾ ਸਾਰੇ ਹੀ ਮਹਿਮਾਨ ਵਾਹ-ਵਾਹ ਕਰਨ ਲੱਗ ਪਏ।

### 'ਬਾਤ ਨਿਕਲੇਗੀ ਤੋ ਦੂਰ ਤੱਕ ਜਾਏਗੀ'

ਜਦੋਂ ਜਗਜੀਤ ਸਿੰਘ ਦਾ ਪਹਿਲਾ ਰਿਕਾਰਡ ' ਦਿ ਅਨਫੋਰਗੇਟੇਬਲਜ਼' ਆਇਆ ਤਾਂ ਉਸ ਨੇ ਉਨ੍ਹਾਂ ਨੂੰ ਰਾਤੋਂ ਰਾਤ ਹੀ ਸਟਾਰ ਬਣਾ ਦਿੱਤਾ। ਇਸ ਐਲਪੀ ਦੀ ਪਹਿਲੀ ਨਜ਼ਮ ਸੀ, 'ਬਾਤ ਨਿਕਲੇਗੀ ਤੋ ਦੂਰ ਤੱਕ ਜਾਏਗੀ'। ਇਸ ਐਲਬਮ ਤੋਂ ਲੋਕਾਂ ਨੂੰ ਪਹਿਲੀ ਵਾਰ ਪਤਾ ਲੱਗਿਆ ਕਿ ਗ਼ਜ਼ਲਾਂ ਨੂੰ ਇਸ ਅੰਦਾਜ਼ 'ਚ ਵੀ ਗਾਇਆ ਜਾ ਸਕਦਾ ਹੈ। ਦਰਅਸਲ ਇਹ ਨਜ਼ਮ ਇੱਕ ਉਰਦੂ ਰਸਾਲੇ 'ਸ਼ਮਾ' 'ਚ ਪ੍ਰਕਾਸ਼ਿਤ ਹੋਈ ਸੀ, ਜਿਸ ਨੂੰ ਕਿ ਜਗਜੀਤ ਸਿੰਘ ਨੇ ਆਪਣੇ ਕੋਲ ਲਿਖ ਲਿਆ ਸੀ। ਜਦੋਂ ਉਨ੍ਹਾਂ ਨੇ ਇੱਕ ਐਲਬਮ 'ਚ ਸੰਗੀਤ ਦਿੱਤਾ ਤਾਂ ਉਨ੍ਹਾਂ ਨੇ ਭੁਪੇਂਦਰ ਤੋਂ ਇਹ ਨਜ਼ਮ ਗਵਾਈ ਸੀ। ਇਸ ਤੋਂ ਬਾਅਦ ਇੱਕ ਫਿਲਮ 'ਸ਼ਾਸ਼ਾ' ਲਈ ਇਸ ਨਜ਼ਮ ਨੂੰ ਰਿਕਾਰਡ ਕੀਤਾ ਗਿਆ, ਪਰ ਕੁਝ ਕਾਰਨਾਂ ਕਰਕੇ ਇਹ ਫਿਲਮ ਮੁਕੰਮਲ ਨਾ ਹੋ ਸਕੀ। ਪਰ ਜਦੋਂ ਐਚਐਮਵੀ ਨੇ ਉਨ੍ਹਾਂ ਨੂੰ ਐਲਪੀ ਰਿਕਾਰਡ ਕਰਨ ਅਤੇ ਉਸ ਲਈ ਰਚਨਾਵਾਂ ਦੀ ਚੋਣ ਕਰਨ ਦੀ ਇਜਾਜ਼ਤ ਦਿੱਤੀ ਤਾਂ ਜਗਜੀਤ ਸਿੰਘ ਨੇ ਸਭ ਤੋਂ ਪਹਿਲਾਂ ਇਸੇ ਨਜ਼ਮ ਨੂੰ ਹੀ ਰਿਕਾਰਡ ਕੀਤਾ। ਬਾਅਦ 'ਚ ਜਾਵੇਦ ਅਖ਼ਤਰ ਨੇ ਇਕ ਇੰਟਰਵਿਊ 'ਚ ਕਿਹਾ, 'ਮੈਨੂੰ ਯਾਦ ਹੈ, ਇਕ ਐਤਵਾਰ ਨੂੰ ਮੈਂ ਅਮਿਤਾਭ ਬੱਚਨ ਦੇ ਘਰ ਗਿਆ ਤਾਂ ਉਨ੍ਹਾਂ ਨੇ ਮੈਨੂੰ ਕਿਹਾ ਕਿ ਮੈਂ ਤੁਹਾਨੂੰ ਇੱਕ ਐਲਬਮ ਸੁਣਾਉਣਾ ਚਾਹੁੰਦਾ ਹਾਂ। ਉਸ ਐਲਬਮ ਦੀ ਪਹਿਲੀ ਗ਼ਜ਼ਲ ਸੀ ' ਬਾਤ ਨਿਕਲੇਗੀ ਤੋ ਦੂਰ ਤਲਕ ਜਾਏਗੀ'। ਮੈਂ ਪਹਿਲੀ ਵਾਰ ਉਹ ਆਵਾਜ਼ ਸੁਣੀ ਸੀ। ਮੈਂ ਪੁੱਛਿਆ ਕਿ ਇਹ ਕਿਸ ਦੀ ਆਵਾਜ਼ ਹੈ ਤਾਂ ਅਮਿਤਾਭ ਨੇ ਦੱਸਿਆ ਕਿ ਇਹ ਜਗਜੀਤ ਸਿੰਘ ਦੀ ਆਵਾਜ਼ ਹੈ'।

### ਚਿਤਰਾ ਗਾਂਗੁਲੀ ਨਾਲ ਮੁਲਾਕਾਤ

ਇਸ ਦੌਰਾਨ ਜਗਜੀਤ ਸਿੰਘ ਦੀ ਮੁਲਾਕਾਤ ਚਿਤਰਾ ਗਾਂਗੁਲੀ ਨਾਲ ਹੋਈ। ਚਿਤਰਾ ਯਾਦ ਕਰਦੇ ਹੋਏ ਦੱਸਦੇ ਹਨ, "ਜਦੋਂ ਪਹਿਲੀ ਵਾਰ ਮੈਂ ਜਗਜੀਤ ਨੂੰ ਆਪਣੀ ਬਾਲਕੋਨੀ ਤੋਂ ਵੇਖਿਆ ਤਾਂ ਉਨ੍ਹਾਂ ਨੇ ਇੰਨ੍ਹੀ ਤੰਗ ਪੈਂਟ ਪਾਈ ਹੋਈ ਸੀ ਅਤੇ ਉਨ੍ਹਾਂ ਨੂੰ ਚੱਲਣ 'ਚ ਵੀ ਮੁਸ਼ਕਲ ਹੋ ਰਹੀ ਸੀ। ਉਹ ਮੇਰੇ ਗੁਆਂਢ 'ਚ ਗਾਉਣ ਲਈ ਆਏ ਸਨ।" "ਮੇਰੇ ਗੁਆਂਢੀ ਨੇ ਮੈਨੂੰ ਪੁੱਛਿਆ ਕਿ ਕੀ ਤੁਸੀਂ ਸੰਗੀਤ ਸੁਣੋਗੇ? ਕਿੰਨ੍ਹਾਂ ਸੋਹਣਾ ਗਾਉਂਦਾ ਹੈ! ਕੀ ਆਵਾਜ਼ ਹੈ ਉਸਦੀ। ਪਰ ਜਦੋਂ ਮੈਂ ਪਹਿਲੀ ਵਾਰ ਉਨ੍ਹਾਂ ਨੂੰ ਸੁਣਿਆ ਤਾਂ ਮੈਨੂੰ ਉਹ ਬਿਲਕੁਲ ਵੀ ਪਸੰਦ ਨਹੀਂ ਆਏ। ਮੈਂ ਇਕ ਮਿੰਟ ਬਾਅਦ ਹੀ ਆਪਣੇ ਗੁਆਂਢੀ ਨੂੰ ਟੇਪ ਬੰਦ ਕਰਨ ਲਈ ਕਿਹਾ।" "ਦੋ ਸਾਲ ਬਾਅਦ, ਜਗਜੀਤ ਅਤੇ ਚਿਤਰਾ ਇਤਫ਼ਾਕਨ ਇੱਕ ਹੀ ਸਟੂਡੀਓ 'ਚ ਗੀਤ ਰਿਕਾਰਡ ਕਰ ਰਹੇ ਸੀ। ਚਿਤਰਾ ਯਾਦ ਕਰਦੇ ਹਨ, " ਰਿਕਾਰਡਿੰਗ ਤੋਂ ਬਾਅਦ, ਮੈਂ ਸ਼ਿਸ਼ਟਾਚਾਰ ਵੱਜੋਂ ਹੀ ਜਗਜੀਤ ਸਿੰਘ ਨੂੰ ਆਪਣੀ ਕਾਰ 'ਚ ਲਿਫਟ ਦੇਣ ਦੀ ਪੇਸ਼ਕਸ਼ ਕੀਤੀ ਸੀ। ਮੈਂ ਕਿਹਾ ਕਿ ਮੈਂ ਕਰਮਾਈਕਲ ਰੋਡ 'ਤੇ ਉਤਰ ਜਾਵਾਂਗੀ ਅਤੇ ਮੇਰਾ ਡਰਾਇਵਰ ਤੁਹਾਨੂੰ ਤੁਹਾਡੇ ਘਰ ਛੱਡ ਦੇਵੇਗਾ।" "ਜਦੋਂ ਉਹ ਮੇਰੇ ਘਰ ਪਹੁੰਚੇ ਤਾਂ ਮੈਂ ਨਿਮਰਤਾ ਨਾਲ ਉਨ੍ਹਾਂ ਨੂੰ ਆਪਣੇ ਫਲੈਟ 'ਚ ਚਾਹ ਪੀਣ ਲਈ ਬੁਲਾਇਆ।" "ਮੈਂ ਰਸੋਈ 'ਚ ਚਾਹ ਬਣਾਉਣ ਲਈ ਚਲੀ ਗਈ ਅਤੇ ਫਿਰ ਮੈਂ ਡਰਾਇੰਗ ਰੂਮ 'ਚੋਂ ਹਾਰਮੋਨੀਅਮ ਦੀ ਆਵਾਜ਼ ਸੁਣੀ। ਜਗਜੀਤ ਸਿੰਘ ਗਾ ਰਹੇ ਸਨ, ' ਧੂੰਆ ਉਠਾ ਥਾ...' , ਉਸ ਦਿਨ ਤੋਂ ਮੈਂ ਉਨ੍ਹਾਂ ਦੇ ਸੰਗੀਤ ਦੀ ਮੁਰੀਦ ਹੋ ਗਈ।" ਹੌਲੀ-ਹੌਲੀ ਉਨ੍ਹਾਂ ਦੀ ਦੋਸਤੀ ਵਧੀ ਅਤੇ ਦੋਵਾਂ ਨੇ ਇੱਕਠੇ ਗਾਉਣਾ ਸ਼ੁਰੂ ਕਰ ਦਿੱਤਾ।

### ਜਗਜੀਤ ਨੇ ਚਿਤਰਾ ਨੂੰ ਸੰਗੀਤ ਸਿਖਾਇਆ

ਜਗਜੀਤ ਸਿੰਘ ਨੇ ਹੀ ਚਿਤਰਾ ਨੂੰ ਸੁਰ ਠੀਕ ਕਰਨ, ਉਚਾਰਨ ਅਤੇ ਆਰੋਹ-ਅਵਰੋਹ ਦੀ ਕਲਾ ਸਿਖਾਈ ਸੀ। ਚਿਤਰਾ ਦੇ ਨਾਲ ਉਹ ਇੱਕ ਸਖ਼ਤ ਉਸਤਾਦ ਸਨ। ਚਿਤਰਾ ਦੱਸਦੇ ਹਨ, "ਜੇਕਰ ਮੈਂ ਕਿਸੇ ਦੋਗਾਣੇ ਦੌਰਾਨ ਕੋਈ ਗਲਤੀ ਕਰਦੀ ਸੀ ਤਾਂ ਉਨ੍ਹਾਂ ਦਾ ਮੂੰਹ ਬਣ ਜਾਂਦਾ ਸੀ। ਮੇਰੀ ਆਵਾਜ਼ ਬੰਸਰੀ ਵਾਂਗਰ ਸੀ- ਬਾਰੀਕ ਅਤੇ ਉੱਚੇ ਸੁਰ ਵਾਲੀ, ਜਦਕਿ ਉਨ੍ਹਾਂ ਦੀ ਆਵਾਜ਼ ਭਾਰੀ ਸੀ।" "ਉਨ੍ਹਾਂ ਨੇ ਸੰਗੀਤ ਦੀ ਖਾਸੀ ਸਿਖਲਾਈ ਲਈ ਹੋਈ ਸੀ। ਉਹ ਜ਼ਰੂਰਤ ਪੈਣ 'ਤੇ ਕਿਸੇ ਵੀ ਗੀਤ ਨੂੰ 40-45 ਮਿੰਟਾਂ ਤੱਕ ਖਿੱਚ ਸਕਦੇ ਸਨ, ਪਰ ਮੈਂ ਅਜਿਹਾ ਨਹੀਂ ਕਰ ਸਕਦੀ ਸੀ।" ਉਹ ਅੱਗੇ ਦੱਸਦੇ ਹਨ,"ਮੈਂ ਜਾਣਦੀ ਸੀ ਕਿ ਉਨ੍ਹਾਂ ਦੀ ਆਵਾਜ਼ ਦੋਗਾਣਾ ਗਾਉਣ 'ਚ ਰੁਕਾਵਟ ਸੀ, ਖਾਸ ਕਰਕੇ ਸਟੇਜ 'ਤੇ।



ਉਨ੍ਹਾਂ ਦੀ ਆਦਤ ਸੀ ਕਿ ਸੁਰ ਨੂੰ ਹਮੇਸ਼ਾਂ ਉੱਚਾ ਚੁੱਕਣਾ। ਉਨ੍ਹਾਂ ਨੂੰ ਬੰਧਨ ਤੋਂ ਨਫ਼ਰਤ ਸੀ। ਜਗਜੀਤ ਨੇ ਮੈਨੂੰ ਇੱਕਲੇ ਹੀ ਗਾਉਣ ਲਈ ਪ੍ਰੇਰਿਆ। ਇਸ ਦੇ ਦੋ ਫਾਇਦੇ ਹੋਏ।" ਚਿਤਰਾ ਮੁਤਾਬਕ ਇਸ ਤੋਂ ਬਾਅਦ," ਇੱਕ ਤਾਂ ਮੇਰਾ ਆਤਮਵਿਸ਼ਵਾਸ ਵਧਿਆ ਕਿ ਮੈਂ ਗ਼ਜ਼ਲ ਵਰਗੀ ਔਖੀ ਵਿਧਾ ਵੀ ਗਾ ਸਕਦੀ ਹਾਂ। ਦੂਜਾ ਉਨ੍ਹਾਂ ਨੂੰ ਕੁਝ ਅਰਾਮ ਵੀ ਮਿਲ ਜਾਂਦਾ ਸੀ। ਜਦੋਂ ਕਿਸੇ ਪ੍ਰੋਗਰਾਮ 'ਚ ਮੈਂ ਗਾਉਂਦੀ ਸੀ ਤਾਂ ਉਨ੍ਹੀ ਦੇਰ ਤੱਕ ਉਨ੍ਹਾਂ ਨੂੰ ਅਰਾਮ ਮਿਲ ਜਾਂਦੀ ਸੀ।"

### ਗ਼ਜ਼ਲ 'ਚ ਪਹਿਲੀ ਵਾਰ ਪੱਛਮੀ ਸਾਜਾਂ ਦੀ ਹੋਈ ਵਰਤੋਂ

ਜਗਜੀਤ ਸਿੰਘ ਨੇ ਪਹਿਲੀ ਵਾਰ ਆਪਣੀਆਂ ਗ਼ਜ਼ਲਾਂ 'ਚ ਪੱਛਮੀ ਸਾਜ਼ਾਂ ਦੀ ਵਰਤੋਂ ਕੀਤੀ, ਜੋ ਕਿ ਉਸ ਸਮੇਂ 'ਚ ਬਿਲਕੁਲ ਹੀ ਨਵੀਂ ਗੱਲ ਸੀ। ਰਾਜੇਸ਼ ਬਾਦਲ ਦੱਸਦੇ ਹਨ, " ਉਸ ਸਮੇਂ ਗ਼ਜ਼ਲ ਗਾਉਣ ਮੌਕੇ ਸਿਰਫ ਰਵਾਇਤੀ ਸਾਜ਼ਾਂ, ਜਿਵੇਂ ਹਾਰਮੋਨੀਅਮ, ਸਾਰੰਗੀ ਅਤੇ ਤਬਲੇ ਦੀ ਹੀ ਵਰਤੋਂ ਕੀਤੀ ਜਾਂਦੀ ਸੀ। ਪਰ ਜਗਜੀਤ ਨੇ 'ਅਨਫਾਰਗੇਟੇਬਲਜ਼' 'ਚ ਪੱਛਮੀ ਸੰਗੀਤਕ ਸਾਜ਼ਾਂ ਦੀ ਖੁੱਲ੍ਹ ਕੇ ਵਰਤੋਂ ਕੀਤੀ। ਸ਼ੁਰੂ-ਸ਼ੁਰੂ 'ਚ ਤਾਂ ਗ਼ਜ਼ਲ ਦੇ ਪਰੰਪਰਾਗਤ ਪ੍ਰੇਮੀਆਂ ਨੇ ਇਸ ਗੱਲ ਲਈ ਜਗਜੀਤ ਦੀ ਆਲੋਚਨਾ ਵੀ ਕੀਤੀ।" ਪਰ ਜਗਜੀਤ ਨੇ ਦਲੀਲ ਦਿੱਤੀ ਕਿ ਭਾਵੇਂ ਕਿ ਉਹ ਪੱਛਮੀ ਸਾਜ਼ਾਂ ਦੀ ਵਰਤੋਂ ਕਰ ਰਹੇ ਹਨ, ਪਰ ਉਨ੍ਹਾਂ ਨੇ ਭਾਰਤੀ ਸ਼ਾਸਤਰੀ ਸੰਗੀਤ ਦੀ ਰਾਗਦਾਰੀ ਨੂੰ ਨਹੀਂ ਛੱਡਿਆ ਹੈ। ਇਸ ਤੋਂ ਬਾਅਦ ਉਨ੍ਹਾਂ ਦੇ ਆਲੋਚਕਾਂ ਦੀ ਬੋਲਤੀ ਬੰਦ ਹੋ ਗਈ।

### ਫਿਲਮਾਂ ਵਿੱਚ ਗਾਇਕੀ

ਇਸ ਦੌਰਾਨ ਜਗਜੀਤ ਸਿੰਘ ਨੇ ਫਿਲਮਾਂ 'ਚ ਗਾਉਣਾ ਸ਼ੁਰੂ ਕੀਤਾ। 1973 'ਚ ਉਨ੍ਹਾਂ ਨੇ ਬਾਸੂ ਭੱਟਾਚਾਰੀਆ ਦੀ ਫਿਲਮ 'ਅਵਿਸ਼ਕਾਰ' ਵਿੱਚ ਵਾਜਿਦ ਅਲੀ ਸ਼ਾਹ ਦੀ ਠੁਮਰੀ 'ਬਾਬੁਲ ਮੋਰਾ ਨੈਹਰ ਛੂਟੋ ਜਾਏ' ਗਾਇਆ। ਰਾਜੇਸ਼ ਬਾਦਲ ਦੱਸਦੇ ਹਨ, "ਜਿਸ ਦਿਨ ਉਨ੍ਹਾਂ ਨੇ ਇਸ ਠੁਮਰੀ ਦੀ ਰਿਕਾਰਡਿੰਗ ਕਰਨੀ ਸੀ, ਉਸ ਦਿਨ ਬਾਸੂ ਨੇ ਉਨ੍ਹਾਂ ਨੂੰ ਕਿਹਾ ਕਿ ਉਹ ਰਾਤ ਨੂੰ ਘਰ ਨਹੀਂ ਜਾਣਗੇ। ਉਨ੍ਹਾਂ ਨੇ ਸਟੂਡੀਓ 'ਚ ਹੀ ਜਗਜੀਤ ਦੇ ਠਹਿਰਨ ਦਾ ਇੰਤਜ਼ਾਮ ਕੀਤਾ।" "ਬਾਸੂ ਨੇ ਉਨ੍ਹਾਂ ਨੂੰ ਰਾਤ ਦੇ 2 ਵਜੇ ਉਠਾਇਆ ਅਤੇ ਠੁਮਰੀ ਰਿਕਾਰਡ ਕੀਤੀ। ਬਾਸੂ ਦਾ ਕਹਿਣਾ ਸੀ ਕਿ ਉਨ੍ਹਾਂ ਨੂੰ ਨੀਂਦ ਤੋਂ ਬਾਅਦ ਦੀ ਭਾਰੀ ਆਵਾਜ਼ ਚਾਹੀਦੀ ਸੀ, ਇਸ ਲਈ ਤੜਕਸਾਰ ਹੀ ਉਨ੍ਹਾਂ ਨੇ ਠੁਮਰੀ ਰਿਕਾਰਡ ਕੀਤੀ।" 1981 'ਚ ਉਨ੍ਹਾਂ ਦੀ ਇੱਕ ਹੋਰ ਫਿਲਮ 'ਪ੍ਰੇਮ ਗੀਤ' ਆਈ, ਜਿਸ ਦੇ ਗੀਤ 'ਹੋਠੋਂ ਸੇ ਛੂ ਲੋ ਤੁਮ।। ਮੇਰਾ ਗੀਤ ਅਮਰ ਕਰ ਦੋ' ਨੇ ਸਾਰਿਆ ਦਾ ਧਿਆਨ ਆਪਣੇ ਵੱਲ ਖਿੱਚਿਆ। ਇਸ ਫਿਲਮ ਦਾ ਇੱਕ ਹੋਰ ਗੀਤ 'ਆਓ ਮਿਲ ਜਾਏਂ ਹਮ ਸੁਗੰਧ ਔਰ ਸੁਮਨ ਕੀ ਤਰ੍ਹਾਂ' ਸੀ, ਜਿਸ ਨੂੰ ਸੁਰੇਸ਼ ਵਾਡੇਕਰ ਅਤੇ ਅਨੁਰਾਧਾ ਪੌਡਵਾਲ ਨੇ ਜਗਜੀਤ ਸਿੰਘ ਦੇ ਨਿਰਦੇਸ਼ਨ ਹੇਠ ਗਾਇਆ ਸੀ। ਇਸ 'ਚ ਸ਼ਿਵਰੰਜਨੀ ਅਤੇ ਪਹਾੜੀ ਰਾਗਾਂ ਦੀ ਬੇਮਿਸਾਲ ਵਰਤੋਂ ਕੀਤੀ ਗਈ ਸੀ।

### ਗੁਲਜ਼ਾਰ ਦੇ ਸੀਰੀਅਲ ਮਿਰਜ਼ਾ ਗਾਲਿਬ ਨਾਲ ਮਿਲੀ ਪ੍ਰਸਿੱਧੀ

ਸੀਰੀਅਲ ਮਿਰਜ਼ਾ ਗਾਲਿਬ 'ਚ ਜਗਜੀਤ ਸਿੰਘ ਅਤੇ ਚਿਤਰਾ ਸਿੰਘ ਦੀ ਗਾਇਕੀ ਉਨ੍ਹਾਂ ਦੇ ਕਰੀਅਰ ਦਾ ਸਿਖ਼ਰ ਸੀ। ਜਗਜੀਤ ਸਿੰਘ ਦੀ ਗੁਲਜ਼ਾਰ ਨਾਲ ਮੁਲਾਕਾਤ ਗੁਲਜ਼ਾਰ ਦੇ ਛੋਟੇ ਭਰਾ ਤਿਰਲੋਚਨ ਰਾਹੀਂ ਹੋਈ ਸੀ, ਜੋ ਉਸ ਸਮੇਂ ਦਿੱਲੀ ਦੇ ਆਕਾਸ਼ਵਾਣੀ 'ਚ ਉਰਦੂ ਅਤੇ ਅੰਗਰੇਜ਼ੀ ਦੇ ਨਿਊਜ਼ ਰੀਡਰ ਸਨ। ਜਗਜੀਤ ਸਿੰਘ ਦੀ ਇੱਕ ਹੋਰ ਜੀਵਨੀ 'ਬਾਤ ਨਿਕਲੇਗੀ ਤੋ ਫਿਰ...' ਲਿਖਣ ਵਾਲੀ ਸੱਤਿਆ ਸਰਨ ਦਾ ਕਹਿਣਾ ਹੈ, " ਗੁਲਜ਼ਾਰ ਅਤੇ ਜਗਜੀਤ ਸਿੰਘ ਦੋਵੇਂ ਹੀ ਬਹੁਤ ਸਿਰਜਣਾਤਮਿਕ ਅਤੇ ਪ੍ਰਤਿਭਾਸ਼ਾਲੀ ਹਨ। ਉਨ੍ਹਾਂ ਦੋਵਾਂ ਵਿਚਾਲੇ ਥੋੜ੍ਹਾ ਮੁਕਾਬਲਾ ਵੀ ਸੀ, ਪਰ ਨਾਲ ਹੀ ਉਨ੍ਹਾਂ ਵਿਚਾਲੇ ਤਾਲਮੇਲ ਵੀ ਮੌਜੂਦ ਸੀ"।

'ਗੁਲਜ਼ਾਰ ਦੇ ਜਗਜੀਤ ਨਾਲ ਇਸ ਗੱਲ 'ਤੇ ਡੂੰਘੇ ਮਤਭੇਦ ਸਨ ਕਿ ਉਹ ਜਗਜੀਤ ਨੂੰ ਕੋਈ ਵੀ ਅਜਿਹਾ ਸਾਜ਼ ਨਹੀਂ ਵਰਤਣ ਦੇਣਾ ਚਾਹੁੰਦੇ ਸਨ, ਜੋ ਕਿ ਗ਼ਾਲਿਬ ਦੇ ਜ਼ਮਾਨੇ 'ਚ ਨਹੀਂ ਸੀ। ਜਗਜੀਤ ਨੇ ਕਿਹਾ ਕਿ ਜੇਕਰ ਮੈਂ ਤੁਹਾਡੀ ਗੱਲ ਮੰਨ ਲਈ ਤਾਂ ਸੰਗੀਤ ਨੰਗਾ ਜਾਪੇਗਾ। ਅਸਲ 'ਚ ਉਨ੍ਹਾਂ ਨੇ ਇੰਨ੍ਹਾਂ ਸ਼ਬਦਾਂ ਦੀ ਹੀ ਵਰਤੋਂ ਕੀਤੀ ਸੀ। ਪਰ ਗੁਲਜ਼ਾਰ ਨੇ ਇਸ 'ਤੇ ਕੋਈ ਸਮਝੌਤਾ ਨਹੀਂ ਕੀਤਾ ਅਤੇ ਅਖੀਰ ਉਨ੍ਹਾਂ ਦੀ ਹੀ ਗੱਲ ਮੰਨੀ ਗਈ'। 'ਦੂਜੀ ਗੱਲ ਗੁਲਜ਼ਾਰ ਨੇ ਜਗਜੀਤ ਨੂੰ ਕਹੀ ਕਿ ਉਨ੍ਹਾਂ ਨੂੰ ਇਸ ਗੱਲ ਦਾ ਧਿਆਨ ਰੱਖਣਾ ਪਵੇਗਾ ਕਿ ਮਿਰਜ਼ਾ ਗ਼ਾਲਿਬ ਸ਼ਾਸਤਰੀ ਸੰਗੀਤ ਦੇ ਗਾਇਕ ਅਤੇ ਜਾਣਕਾਰ ਨਹੀਂ ਸਨ। ਹਾਂ, ਇਹ ਜ਼ਰੂਰ ਸੀ ਕਿ ਉਹ ਦੂਜੇ ਕਵੀਆਂ ਦੀ ਤਰ੍ਹਾਂ ਤਰੰਨੁਮ 'ਚ ਗਾਉਂਦੇ ਸਨ'। ਭਾਰਤ ਤੋਂ ਇਲਾਵਾ ਪਾਕਿਸਤਾਨ 'ਚ ਵੀ 'ਮਿਰਜ਼ਾ ਜ਼ਾਲਿਬ' ਨੂੰ ਬਹੁਤ ਪਸੰਦ ਕੀਤਾ ਗਿਆ ਸੀ। ਰਾਜੇਸ਼ ਬਾਦਲ ਦੱਸਦੇ ਹਨ, "ਪਾਕਿਸਤਾਨ 'ਚ ਇਸ ਸੀਰੀਅਲ ਦੀ ਪ੍ਰਸਿੱਧੀ ਦਾ ਆਲਮ ਇਹ ਸੀ ਕਿ ਉਨ੍ਹਾਂ ਦਿਨਾਂ 'ਚ ਲੋਕਾਂ ਨੇ ਆਪਣੇ ਘਰਾਂ ਦੀਆਂ ਛੱਤਾਂ 'ਤੇ ਪ੍ਰਸਾਰਣ ਛੱਤਰੀਆਂ ਖਰੀਦ ਕੇ ਲਗਾਉਣੀਆਂ ਸ਼ੁਰੂ ਕਰ ਦਿੱਤੀਆਂ ਸਨ। ਉਸ ਸਮੇਂ ਪਾਕਿਸਤਾਨ 'ਚ ਇੱਕ ਛੱਤਰੀ ਲਈ ਵੀਹ ਤੋਂ ਪੱਚੀ ਹਜ਼ਾਰ ਰੁਪਏ ਖਰਚਣੇ ਪੈਂਦੇ ਸਨ। ਦਿਲਚਸਪ ਗੱਲ ਇਹ ਸੀ ਕਿ ਕੋਈ ਵੀ ਖੁੱਲ੍ਹੇ ਤੌਰ 'ਤੇ ਨਹੀਂ ਕਹਿੰਦਾ ਸੀ ਕਿ ਉਸ ਨੇ 'ਮਿਰਜ਼ਾ ਗਾਲਿਬ' ਵੇਖਣ ਲਈ ਛੱਤਰੀ ਲਗਾਈ ਹੈ। ਜਦੋਂ 2004 'ਚ ਜਗਜੀਤ ਸਿੰਘ ਪਾਕਿਸਤਾਨ ਦੌਰੇ 'ਤੇ ਗਏ ਤਾਂ ਉਨ੍ਹਾਂ ਦੇ ਚਾਹੁਣ ਵਾਲਿਆਂ ਨੇ ਉਨ੍ਹਾਂ ਨੂੰ ਇਹ ਕਿੱਸਾ ਸੁਣਾਇਆ।"

### ਘੋੜਿਆਂ ਨਾਲ ਪਿਆਰ

ਇਸ ਤੋਂ ਪਹਿਲਾਂ ਜਦੋਂ ਜਗਜੀਤ ਸਾਲ 1999 'ਚ ਪਾਕਿਸਤਾਨ ਗਏ ਸਨ ਤਾਂ ਉਹ ਪਾਕਿਸਤਾਨ ਦੇ ਰਾਸ਼ਟਰਪਤੀ ਪਰਵੇਜ਼ ਮੁਸ਼ੱਰਫ਼ ਦੇ ਘਰ ਵੀ ਗਏ ਸਨ। ਉੱਥੇ ਦੋਵਾਂ ਨੇ ਇੱਕਠੇ ਪੰਜਾਬੀ ਗੀਤ ਗਾਏ ਅਤੇ ਮੁਸ਼ੱਰਫ਼ ਨੇ ਉਨ੍ਹਾਂ ਨਾਲ ਤਬਲਾ ਵੀ ਵਜਾਇਆ ਸੀ। ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਵੀ ਜਗਜੀਤ ਸਿੰਘ ਦੇ ਬਹੁਤ ਵੱਡੇ ਪ੍ਰਸ਼ੰਸਕ ਹਨ। ਜਗਜੀਤ ਸਿੰਘ ਨੂੰ ਘੋੜਿਆਂ ਨਾਲ ਬਹੁਤ ਪਿਆਰ ਸੀ। ਉਨ੍ਹਾਂ ਕੋਲ 6-7 ਘੋੜੇ ਵੀ ਸਨ। ਉਹ ਕਿਹਾ ਕਰਦੇ ਸਨ, "ਇੰਨ੍ਹਾਂ ਕੋਲ ਆ ਕੇ ਮੈਨੂੰ ਕੁਝ ਸਮੇਂ ਲਈ ਸੰਗੀਤ ਤੋਂ ਬਰੇਕ ਦਾ ਅਹਿਸਾਸ ਹੁੰਦਾ ਹੈ।" ਰਾਜੇਸ਼ ਬਾਦਲ ਇੱਕ ਕਿੱਸਾ ਸੁਣਾਉਂਦੇ ਹਨ, " ਇੱਕ ਵਾਰ ਇੱਕ ਦੌੜ ਦੌਰਾਨ ਉਨ੍ਹਾਂ ਦਾ ਘੋੜਾ ਜਿੱਤ ਗਿਆ। ਇਸ ਜਿੱਤ ਨਾਲ ਜਗਜੀਤ ਇੰਨ੍ਹੇ ਜੋਸ਼ 'ਚ ਆ ਗਏ ਕੇ ਉਹ ਉੱਚੀ ਉੱਚੀ ਚੀਕਣ ਲੱਗ ਪਏ।" "ਜਦੋਂ ਉਹ ਘਰ ਪਹੁੰਚੇ ਤਾਂ ਉਨ੍ਹਾਂ ਦੀ ਆਵਾਜ਼ ਹੀ ਨਹੀਂ ਨਿਕਲ ਰਹੀ ਸੀ। ਉਨ੍ਹਾਂ ਨੇ ਕਈ ਉਪਾਅ ਕੀਤਾ ਪਰ ਗਲੇ 'ਚੋਂ ਆਵਾਜ਼ ਹੀ ਨਾ ਨਿਕਲੀ। ਉਹ ਘਬਰਾ ਗਏ। ਤਿੰਨ ਮਹੀਨਿਆਂ ਤੱਕ ਉਨ੍ਹਾਂ ਦਾ ਕੋਈ ਸ਼ੋਅ ਨਹੀਂ ਹੋਇਆ। ਉਨ੍ਹਾਂ ਨੂੰ ਲੱਗਿਆ ਕਿ ਹੁਣ ਉਨ੍ਹਾਂ ਦਾ ਕਰੀਅਰ ਖਤਮ ਹੋ ਗਿਆ ਹੈ।"


### ਗ਼ਜ਼ਲ ਨੂੰ ਆਮ ਆਦਮੀ ਤੱਕ ਪਹੁੰਚਾਇਆ

ਜਿਸ ਸਮੇਂ ਜਗਜੀਤ ਸਿੰਘ ਆਪਣਾ ਕਰੀਅਰ ਬਣਾ ਰਹੇ ਸਨ, ਉਸ ਸਮੇਂ ਮਹਿੰਦੀ ਹਸਨ ਅਤੇ ਬੇਗ਼ਮ ਅਖ਼ਤਰ ਇਸ ਖੇਤਰ 'ਚ ਖਾਸਾ ਨਾਮਣਾ ਖੱਟ ਚੁੱਕੇ ਸਨ। ਪਰ ਉਨ੍ਹਾਂ ਦੀ ਗਾਇਕੀ ਨੇ ਇਹ ਧਾਰਨਾ ਬਣਾ ਦਿੱਤੀ ਸੀ ਕਿ ਗ਼ਜ਼ਲ ਸ਼ਾਇਦ ਆਮ ਆਦਮੀ ਦੀ ਪਹੁੰਚ ਤੋਂ ਦੂਰ ਹੈ। ਉਹ ਲੋਕ ਵੱਡੇ-ਵੱਡੇ ਕਵੀਆਂ ਦੇ ਕਲਾਮ ਗਾਉਂਦੇ ਸਨ, ਜੋ ਕਿ ਅਕਸਰ ਹੀ ਆਮ ਆਦਮੀ ਦੇ ਉੱਤੋਂ ਹੀ ਲੰਘ ਜਾਂਦੇ ਸਨ। ਜਗਜੀਤ ਸਿੰਘ ਨੇ ਸੌਖੀ ਭਾਸ਼ਾ 'ਚ ਕਲਾਮ ਗਾਉਣਾ ਸ਼ੁਰੂ ਕੀਤਾ। ਉਨ੍ਹਾਂ ਨੇ ਇਹ ਯਕੀਨੀ ਬਣਾਇਆ ਕਿ ਉਨ੍ਹਾਂ ਦੀ ਗ਼ਜ਼ਲ ਦਾ ਹਰ ਸ਼ਬਦ ਸਰੋਤਿਆਂ ਦੀ ਸਮਝ 'ਚ ਆਵੇ।

# ਤੈਜ਼ੂਦੀਨ ਦੀ ਡਾਇਰੀ - ਬਾਬਾ ਨਾਨਕ ਅਤੇ ਰੁਕਨ-ਉਦ-ਦੀਨ ਵਾਰਤਾਲਾਪ

(ਇਸ ਤੋਂ ਪਹਿਲੀ ਕਿਸ਼ਤ ਵਿੱਚ ਅਸੀਂ ਇਹ ਜਾਣਿਆ ਕਿ ਕਿਵੇਂ ਸਫਾਈ ਕਰਮਚਾਰੀ ਜੀਵਨ ਨੇ ਦੇਖਿਆ ਕਿ ਜਿਸ ਤਰਫ਼ ਗੁਰੂ ਜੀ ਦੇ ਪੈਰ ਹੁੰਦੇ ਸਨ ਕਾਅਬਾ ਉਸੇ ਤਰਫ਼ ਹੀ ਘੁੰਮ ਜਾਂਦਾ ਸੀ। ਜੀਵਨ ਇਹ ਅਜੂਬਾ ਦੇਖ ਕੇ ਹੱਕਾ-ਬੱਕਾ ਰਹਿ ਗਿਆ ਅਤੇ ਗੁਰੂ ਜੀ ਪਾਸੋਂ ਬਖ਼ਸ਼ੰਦਗੀ ਦੀ ਫ਼ਰਿਆਦ ਕਰਨੀ ਚਾਹੀ ਪਰ ਗੁਰੂ ਜੀ ਸਮਾਧੀ ਲੀਨ ਹੋ ਗਏ ਸਨ)

ਤੈਜ਼ੂਦੀਨ ਨਕਸ਼ਬੰਦੀ ਲਿਖਦਾ ਹੈ ਕਿ ਗੁਰੂ ਨਾਨਕ ਦੇਵ ਜੀ ਸਮਾਧੀ ਲੀਨ ਸਨ ਅਤੇ ਭਾਈ ਮਰਦਾਨਾ ਰਬਾਬ ਵਜਾ ਰਿਹਾ ਸੀ। ਕੁਝ ਸਮਾਂ ਡੌਰ-ਭੌਰ ਦੀ ਹਾਲਤ ਪਸ਼ਚਾਤ ਗੁਰੂ ਜੀ ਦੀ ਸਮਾਧੀ ਅਤੇ ਭਾਈ ਮਰਦਾਨਾ ਦੇ ਵਿੰਨ ਲੈਣ ਵਾਲੇ ਸੰਗੀਤ ਤੋਂ ਪ੍ਰਭਾਵਿਤ ਜੀਵਨ ਨੇ ਆਪਣੇ ਆਪ ਨੂੰ ਸੰਭਾਲਿਆ ਅਤੇ ਸ਼ਹਿਰ ਦੀ ਤਰਫ਼ ਭੱਜ ਨਿਕਲਿਆ। ਤੈਜ਼ੂਦੀਨ ਨਕਸ਼ਬੰਦੀ ਲਿਖਦਾ ਹੈ ਕਿ ਮੈ ਪ੍ਰੇਸ਼ਾਨ ਸੀ ਮਤਾਂ ਉਹ ਸ਼ਹਿਰ ਜਾ ਕੇ ਕੋਈ ਉਪੱਦਰ ਨਾ ਖੜ੍ਹਾ ਕਰ ਦੇਵੇ ਜਾਂ ਮੁਫਤੀ ਅਤੇ ਲੋਕਾਂ ਨੂੰ ਭੜਕਾ ਨਾ ਦੇਵੇ, ਮੈ ਭੀ ਉਸਦੇ ਪਿੱਛੇ ਨੱਠ ਨਿਕਲਿਆ। ਜੀਵਨ ਜਾਮਾ ਮਸਜ਼ਿੱਦ ਦੀ ਇਕ ਉਚੀ ਮੀਨਾਰ 'ਤੇ ਚੜ੍ਹ ਗਿਆ ਅਤੇ ਉੱਚੀ ਉੱਚੀ ਅਰਬੀ ਭਾਸ਼ਾ ਵਿੱਚ ਬੋਲਣ ਲੱਗ ਪਿਆ। "ਸੁਣੋ ਅਰਬ ਵਾਸੀਓ ਸੁਣੋ, ਤੁਸੀਂ ਸਦੀਆਂ ਤੋਂ ਇਹ ਮੰਨਦੇ ਆਏ ਹੋ ਕਿ ਕਾਅਬਾ ਹੀ ਅੱਲਾਹ ਦਾ ਨਿਵਾਸ ਅਸਥਾਨ ਹੈ, ਆਓ ਅਤੇ ਅੱਜ ਆਪਣੇ ਆਪ ਦੇਖੋ, ਅੱਲਾਹ ਖੁਦ-ਬਖੁਦ ਆਪਣੇ ਨਿਵਾਸ ਅਸਥਾਨ 'ਤੇ ਬਿਰਾਜਮਾਨ ਹੈ, ਆਓ ਦਰਸ਼ਨ ਕਰੋ ਅਤੇ ਆਪਣੇ ਮਨ ਦੀਆਂ ਮੁਰਾਦਾਂ ਪੂਰੀਆਂ ਕਰੋ"।



ਗੁਰਦੇਵ ਸਿੰਘ ਗਰੇਵਾਲ

ਜੀਵਨ ਦੀ ਇਸ ਤਰ੍ਹਾਂ ਦੀ ਪੁਕਾਰ ਨੇ ਜਾਦੂ ਵਰਗਾ ਅਸਰ ਕੀਤਾ, ਉਂਝ ਵੀ ਅਰਬਵਾਸੀ ਚਮਤਕਾਰ-ਪਸੰਦ ਮਿਜ਼ਾਜ ਦੇ ਹੁੰਦੇ ਹਨ ਅਤੇ ਛੇਤੀ ਹੀ ਸ਼ਹਿਰ ਦੇ ਬਹੁਤ ਆਦਮੀ ਅਤੇ ਔਰਤਾਂ ਜਾਮਾ ਮਸਜ਼ਿੱਦ ਵਿਖੇ ਜ਼ਮ੍ਹਾਂ ਹੋ ਗਏ। ਜਲਦੀ ਹੀ ਰੁਕਨ-ਉਦ-ਦੀਨ, ਆਮਿਰ-ਏ-ਮੱਕਾ ਦਾ ਵੱਡਾ ਕਾਜ਼ੀ, ਜਿਸਦੀ ਨਿਯੁਕਤੀ ਮੱਕਾ ਦਾ ਹੁਕਮਰਾਨ ਕਰਦਾ ਹੈ, ਆਪਣੀ ਫੌਜ਼ ਲੈ ਕੇ ਜਾਮਾ ਮਸਜ਼ਿੱਦ ਵਿਖੇ ਪਹੁੰਚ ਗਿਆ। ਇਕ ਸੰਖੇਪ ਜਿਹੀ ਧਾਰਮਿਕ ਸੁਣਵਾਈ ਉਪਰੰਤ ਮੁਲਿਆਂ ਨੇ ਕੁਫ਼ਰਤਾ ਦਾ ਫਤਵਾ ਜਾਰੀ ਕਰ ਦਿੱਤਾ। ਫੈਸਲਾ ਇੰਝ ਹੋਇਆ ਕਿ ਸਵਾਲ ਇਹ ਨਹੀਂ ਸੀ ਕਿ ਕਾਅਬਾ ਵਿਖੇ ਬੈਠਾ ਇਨਸਾਨ ਭਾਂਵੇ ਪਵਿੱਤਰ ਤੋਂ ਪਵਿੱਤਰ ਕਿਓਂ ਨਾ ਹੋਵੇ, ਸਵਾਲ ਇਹ ਸੀ ਕਿ ਇਕ ਬਾਰ ਜਦੋਂ ਉਸਨੇ ਮੁਕੱਦਸ ਕਾਅਬੇ ਤੋਂ ਆਪਣੇ ਚੌਗਿਰਦ ਪ੍ਰਕਰਮਾ ਕਾਰਵਾਈ ਹੈ, ਇਸ ਤੋਂ ਵੱਧ ਕੇ ਹੋਰ ਕੋਈ ਕੁਫ਼ਰਤਾ ਨਹੀਂ ਹੋ ਸਕਦੀ। ਫਤਵਾ ਸੁਨਣ ਉਪਰੰਤ ਅਰਬਵਾਸੀਆਂ ਨੇ ਆਪਣੇ ਚਾਕੂ ਅਤੇ ਕੁਹਾੜੇ ਖਿੱਚ ਲਏ ਅਤੇ ਮਾਰੋ-ਮਾਰੋ ਕਰਕੇ ਜ਼ੋਰ ਜ਼ੋਰ ਦੀ ਪੁਕਾਰਨ ਲੱਗ ਪਏ।


ਜੀਵਨ ਇਹ ਅਗਿਆਨਤਾ ਦੀਆਂ ਲਪਟਾਂ ਦੇਖ ਕੇ ਬਹੁਤ ਨਿਰਾਸ ਹੋਇਆ ਅਤੇ ਭੀੜ ਵਿਚੋਂ ਦੀ ਭੱਜਦਾ ਹੋਇਆ ਕਿਸੇ ਤਰੀਕੇ ਨਾਲ ਰੁਕਨ-ਉਦ-ਦੀਨ ਦੇ ਸਾਹਮਣੇ ਪਹੁੰਚ ਕੇ ਬੋਲਿਆ "ਓ ਮਹਾਨ ਮੁਫਤੀ ਜਨਾਬ, ਮੈਨੂੰ ਪਤਾ ਹੈ ਤੁਹਾਡਾ ਫੈਸਲਾ ਠੀਕ ਹੀ ਹੋਵੇਗਾ, ਪਰ ਇਹ ਧਿਆਨ ਰਹੇ ਕਿ ਤੁਸੀਂ ਖੁਦ ਤਾਂ ਕੋਈ ਕੁਫਰਤਾ ਨਹੀਂ ਕਰ ਰਹੇ। ਸੱਚਮੁੱਚ ਹੀ ਅੱਲਾਹ ਖੁਦ-ਬਖੁਦ ਆਪਣੇ ਘਰ ਵਿਖੇ ਬਿਰਾਜ਼ਮਾਨ ਹੈਨ"। ਜੀਵਨ ਦੇ ਇਸ ਤਰ੍ਹਾਂ ਭਾਵਪੂਰਕ ਸ਼ਬਦਾਂ ਦਾ ਰੁਕਨ-ਉਦ-ਦੀਨ ਦੇ ਅੰਤਹਕਰਣ 'ਤੇ ਗਹਿਰਾ ਪ੍ਰਭਾਵ ਕੀਤਾ। ਗੁਰੂ ਜੀ ਦੇ ਬਚਨ "ਤੈਨੂੰ ਅਲਾਹ ਯਾਦ ਰਹੇ" ਨੇ ਜੀਵਨ ਦੀ ਅਗਿਆਨਤਾ ਖਤਮ ਕਰ ਦਿਤੀ ਸੀ ਅਤੇ ਉਸਦਾ ਮਨ ਪਵਿੱਤਰ ਹੋ ਗਿਆ ਸੀ। ਜੀਵਨ ਦੇ ਪਵਿੱਤਰ ਮਨ ਚੋਂ ਨਿਕਲੇ ਸ਼ਬਦ ਰੁਕਨ-ਉਦ-ਦੀਨ ਉਪਰ ਸਾਫ਼ ਅਸਰ ਕਰ ਰਹੇ ਸਨ।

ਰੁਕਨ-ਉਦ-ਦੀਨ ਨੇ ਜੀਵਨ ਤੋਂ ਨਰਮਾਈ ਨਾਲ ਪੁੱਛਿਆ "ਜਦੋਂ ਤੂੰ ਕਰਤਾਰ ਦੇ ਦਰਸ਼ਨ ਪਾਏ ਸਨ ਤਾਂ ਕੀ ਉਹ ਇਨਸਾਨੀ ਜਾਮੇ ਵਿੱਚ ਸਨ? ਕੀ ਮੈਂ ਆਪਣੀਆਂ ਅੱਖਾਂ ਨਾਲ ਉਹਨਾਂ ਦੇ ਦਰਸ਼ਨ ਪਾ ਸਕਾਂਗਾਂ, ਪਹਿਚਾਣ ਸਕਾਂਗਾ?" ਜੀਵਨ ਭਾਵੁਕ ਹੋ ਉਠਿਆ ਅਤੇ ਹੰਝੂਲੀਨ ਨੇਤਰਾਂ ਨਾਲ ਬੋਲਿਆ "ਜਨਾਬ, ਇਹ ਮੇਰੇ ਵੱਸ ਤੋਂ ਪਰੇ ਹੈ ਕਿ ਮੈ ਮਾਲਿਕ ਦੇ ਇਲਾਹੀ ਨੂਰ ਅਤੇ ਮਹਿਮਾ ਦਾ ਵਖਿਆਨ ਕਰ ਸਕਾਂ। ਤੁਹਾਨੂੰ ਖੁਦ ਹੀ ਦੇਖ ਕੇ ਮੰਨਣਾ ਪਵੇਗਾ, ਪਰ ਮੁਹੱਬਤ ਅਤੇ ਅਦਬ ਨਾਲ ਪੇਸ਼ ਹੋਣਾ। ਇਹ ਜੋ ਅਗਿਆਨਤਾ ਨਾਲ ਹਥਿਆਰ-ਬੰਦ ਭੀੜ ਹੁਲੜਬਾਜ਼ੀ ਕਰ ਰਹੀ ਹੈ, ਕਿਰਪਾ ਕਰਕੇ ਇਹਨਾਂ ਨੂੰ ਨਾਲ ਨਾ ਲੈ ਕੇ ਜਾਣਾ"। ਰੁਕਨ-ਉਦ-ਦੀਨ ਮੰਨ ਗਿਆ ਅਤੇ ਕਹਿਣ ਲੱਗਾ "ਮੇਰੀ ਇਥੇ ਹਕੂਮਤ ਚਲਦੀ ਹੈ, ਮੈਂ ਭੀੜ ਨੂੰ ਤਿੱਤਰ-ਬਿੱਤਰ ਹੋਣ ਦਾ ਹੁਕਮ ਦੇ ਦੇਵਾਂਗਾ। ਮੇਰੇ ਚੰਗੇ ਇਨਸਾਨ, ਜੀਵਨ, ਮੈਂ ਕੁਝ ਥੋੜੇ ਪਵਿੱਤਰ ਆਦਮੀ ਹੀ ਆਪਣੇ ਨਾਲ ਲੈ ਕੇ ਜਾਵਾਂਗਾ"। ਤੈਜ਼ੂਦੀਨ ਲਿਖਦਾ ਹੈ ਕਿ ਰੁਕਨ-ਉਦ-ਦੀਨ ਨੇ ਨਾਲ ਜਾਣ ਵਾਲਿਆਂ ਦੀ ਸੰਖਿਆ 150 ਸ਼ਹਿਰੀ ਹੀ ਸੀਮਤ ਕਰ ਦਿਤੀ ਅਤੇ ਇਸ ਤਰਾਂ ਕਾਅਬਾ ਵੱਲ ਚੱਲ ਪਏ।

ਤਵਾਰੀਖ਼ੀ ਅਰਬ ਦੇ ਲੇਖਕ ਜ਼ੈਨ-ਉਲ-ਅਬਿਦੀਨ ਲਿਖਦੇ ਹਨ ਕਿ ਜਦੋਂ ਭੀੜ ਕਾਅਬਾ ਦੀ ਤਰਫ਼ ਜਾ ਰਹੀ ਸੀ ਤਾਂ ਭੀੜ ਵਿਚੋਂ ਕਿਸੇ ਨੇ ਕਿਹਾ "ਕਾਅਬਾ ਦੇ ਫ਼ਕੀਰ ਨੂੰ ਕੋਹਲੂ ਵਿੱਚ ਪੀੜ ਦਿਉ"। ਇਕ ਕਾਜ਼ੀ ਜਿਸਦਾ ਨਾਮ ਸੱਯਦ ਇਬਨ ਵਾਲਿਦ ਸੀ ਨੇ ਕਿਹਾ "ਅਜਿਹੇ ਬੰਦੇ ਨੂੰ ਪੱਥਰਾਂ ਨਾਲ ਮਾਰ ਦੇਣਾ ਚਾਹੀਦਾ ਹੈ"। ਇਕ ਹੋਰ ਕਾਜ਼ੀ ਨੇ ਕਿਹਾ "ਇਹ ਠੀਕ ਹੋਵੇਗਾ ਕਿ ਪਥਰਾਵ ਤੋਂ ਬਾਅਦ ਅਜਿਹੇ ਬੰਦੇ ਨੂੰ ਕੁੱਤਿਆਂ ਤੋਂ ਪੜ੍ਹਵਾ ਦੇਣਾ ਚਾਹੀਦਾ ਹੈ"।

ਤੈਜ਼ੂਦੀਨ ਖਲਫ਼ ਬਹਾ-ਉਦ-ਦੀਨ ਮੁਫਤੀ ਤਰੀਕਾ ਨਕਸ਼ਬੰਦੀ 'ਸਿਹੇਤੋ ਨਾਨਕ ਸ਼ਾਹ ਫ਼ਕੀਰ' ਦੇ ਲੇਖਕ ਲਿਖਦੇ ਨੇ "ਮੈ ਉਥੇ ਸੀ, ਮੈ ਸਭ-ਕੁਝ ਦੇਖਿਆ ਅਤੇ ਗਵਾਹ ਹਾਂ, ਅਤੇ ਮੈਂਨੇ ਸਭ-ਕੁਝ ਸੁਣਿਆ।"

ਜਦੋਂ ਉਹ ਸਾਰੇ ਕਾਅਬਾ ਤੋਂ ਤਕਰੀਬਨ 100 ਕਦਮ ਦੀ ਵਿੱਥ 'ਤੇ ਸਨ ਤਾਂ ਉਹ ਕੁਝ ਹੋਰ ਵਿਚਾਰ ਕਰਨ ਲਈ ਰੁਕ ਗਏ। ਵਿਚਾਰ ਉਪਰੰਤ ਜਦੋਂ ਉਹ ਸਾਰੇ ਫਿਰ ਕਾਅਬਾ ਦੀ ਤਰਫ਼ ਚਲਣ ਲਗੇ, ਤਾਂ ਉਹਨਾਂ ਵਿਚੋਂ ਸਿਰਫ ਰੁਕਨ-ਉਦ-ਦੀਨ ਹੀ ਅੱਗੇ ਚੱਲ ਸਕੇ, ਦੂੱਜੇ ਸਭ ਨਹੀਂ, ਮਾਨੋ ਧਰਤੀ ਨੇ ਉਹਨਾਂ ਸਾਰਿਆਂ ਦੇ ਪੈਰ ਜਕੜ ਲਏ ਹੋਣ। ਭਾਈ ਬਾਲਾ ਵਾਲੀ ਜਨਮਸਾਖੀ ਵਿੱਚ ਵੀ ਇਹ ਜ਼ਿਕਰ ਆਓਂਦਾ ਹੈ ਕਿ ਮਾਨੋ ਧਰਤੀ ਨੇ ਉਹਨਾਂ ਸਾਰਿਆਂ ਦੇ ਪੈਰ ਬਰਫ ਦੀ ਤਰ੍ਹਾਂ ਜਮਾਂ ਦਿਤੇ ਹੋਣ, ਮਤਾਂ ਕੋਈ ਬੇਅਦਬੀ ਨਾ ਕਰ ਬੈਠੇ ਅਤੇ ਸਿਰਫ ਰੁਕਨ-ਉਦ-ਦੀਨ ਹੀ ਅੱਗੇ ਕਾਅਬਾ ਵੱਲ ਗਏ। ਰੁਕਨ-ਉਦ-ਦੀਨ ਅੰਦਰ ਹੀ ਅੰਦਰ ਜੀਵਨ ਦੇ ਸ਼ਬਦਾਂ ਤੋਂ ਬੇਖ਼ਬਰ ਨਹੀਂ ਸੀ ਅਤੇ ਉਸਦਾ ਰਵੱਈਆ ਸੂਖ਼ਮ ਹੋ ਰਿਹਾ ਸੀ।



ਭ ਾ ਂ ਵ ੇ ਂ

ਰੁਕਨ-ਉਦ-ਦੀਨ ਹਾਲੇ ਪੂਰੀ ਤਰ੍ਹਾਂ ਸਹਿਮਤ ਨਹੀਂ ਸੀ ਹੋਇਆ ਪਰ ਨਿਰਸੰਦੇਹ ਉਸਦੇ ਦਿਲ ਵਿੱਚ ਅਦਬ ਨੇ ਘਰ ਕਰ ਲਿਆ ਸੀ।

ਰੁਕਨ-ਉਦ-ਦੀਨ ਆਪਣੇ ਸਾਥੀਆਂ ਤੋਂ ਵਗੈਰ ਗੁਰੂ ਜੀ ਪਾਸ ਗਏ ਜੋ ਕੀਰਤਨ ਵਿੱਚ ਲੀਨ ਸਨ। ਬੜੇ ਅਦਬ ਨਾਲ ਉਸਨੇ ਕਿਹਾ "ਅਸਾਲਾ ਲਾਇਕੁਮ"। ਜਵਾਬ ਵਿੱਚ ਗੁਰੂਜੀ ਨੇ ਤੁਰੰਤ ਅਕਾਸ਼ ਦੀ ਤਰਫ਼ ਇਸ਼ਾਰਾ ਕਰਦੇ ਹੋਏ ਉੱਚੀ ਫ਼ਤਹਿ ਬੁਲਾਈ "ਸਤਿ ਸ਼੍ਰੀ ਅਕਾਲ ਗੁਰਬਰ ਅਕਾਲ"

ਰੁਕਨ-ਉਦ-ਦੀਨ ਇਸ ਤਰ੍ਹਾਂ ਦੀ ਅਸਾਧਾਰਨ ਫ਼ਤਹਿ ਤੋਂ ਹੈਰਾਨ ਹੋਇਆ ਅਤੇ ਤੁਰੰਤ ਗੁਰੂ ਜੀ ਤੋਂ ਪੁੱਛਿਆ "ਫਲਾ ਅੱਲਾ ਮਜ਼ੁਬਉ" ਭਾਵ "ਤੁਸੀਂ ਕਿਸ ਮਜ਼੍ਹਬ ਨਾਲ ਸੰਬੰਧਿਤ ਹੋ?" ਗੁਰੂ ਜੀ ਦਾ ਜਵਾਬ ਸੀ "ਅਬਦੁੱਲਾ ਅਲਾਹ ਲਾ ਮਜ਼ਾਹਬ" ਭਾਵ "ਮੈਂ ਅਲਾਹ ਦਾ ਬੰਦਾ ਹਾਂ; ਮੇਰਾ ਕੋਈ ਮਜ੍ਹਬ ਨਹੀਂ"।


ਕਾਜ਼ੀ ਨੇ ਕਿਹਾ "ਅਲਾਬਦੋਹੁ ਇਲਾਲ ਮਜ਼ਹਬ..." ਭਾਵ "ਜਨਾਬ ਅਗਰ ਤੁਸੀਂ ਇਨਸਾਨ ਹੋ, ਤਾਂ ਤੁਹਾਡਾ ਜਰੂਰ ਕੋਈ ਨਾ ਕੋਈ ਮਜ੍ਹਬ ਹੋਣਾ ਚਾਹੀਦਾ ਹੈ, ਕਿਉਂਕਿ ਅੱਲਾਹ ਨੇ ਸਾਰੇ ਮਜ੍ਹਬ ਬੰਦਿਆਂ ਵਾਸਤੇ ਬਣਾਏ ਹਨ। ਕਿਰਪਾ ਕਰਕੇ ਮੈਨੂੰ ਸੱਚ ਦੱਸੋ ਤੁਸੀਂ ਕੌਣ ਹੋ, ਤੁਹਾਡਾ ਮਜ੍ਹਬ ਕੀ ਹੈ, ਤੁਹਾਡਾ ਸੰਬੰਧ ਕਿਥੇ ਹੈ, ਤੁਹਾਡਾ ਇਥੇ ਆਉਣ ਦਾ ਅਸਲੀ ਮਕਸਦ ਕੀ ਹੈ? ਤੁਸੀਂ ਸ਼ਰੀਆ ਦੇ ਬਰਖਿਲਾਫ ਕਿਉਂ ਗਾ ਰਹੇ ਹੋ? ਮੈਂ ਸੁਣਿਆ ਹੈ ਕਿ ਤੁਸਾਂ ਨੇ ਕਾਅਬੇ ਤੋਂ ਆਪਣੀ ਪ੍ਰਕਰਮਾ ਕਰਵਾਈ ਹੈ। ਜੋ ਕੁਝ ਭੀ ਤੁਸਾਂ ਨੇ ਕੀਤਾ ਹੈ ਉਹ ਸਭ ਸਾਡੇ ਮਜ਼੍ਹਬ ਦੇ ਖ਼ਿਲਾਫ਼ ਹੈ। ਇਸ ਵਿੱਚ ਕੋਈ ਹੈਰਾਨੀ ਨਹੀਂ ਕੇ ਮੱਕਾ ਵਾਸੀ ਮੁਸਲਮਾਨ ਹੱਕੇ-ਬੱਕੇ ਰਹਿ ਗਏ ਹਨ। ਇੱਕ ਲੱਖ ਚਵੀ ਹਜ਼ਾਰ ਫ਼ਰਿਸ਼ਤਿਆਂ ਨੇ ਕਬੂਲ ਫ਼ਰਮਾਇਆ ਹੈ ਕੇ ਕਾਅਬਾ ਹੀ ਅੱਲਾਹ ਦਾ ਨਿਵਾਸ ਅਸਥਾਨ ਹੈ। ਇਮਾਮ ਅਤੇ ਫਰਿਸ਼ਤੇ ਫਰਮਾਂਉਦੇ ਨੇ ਕਿ ਸੰਗੀਤ ਅਤੇ ਗਾਇਕੀ ਅਪਵਿੱਤਰ ਹਨ, ਪਰ ਤੁਸੀਂ ਇਹ ਸਭ-ਕੁਝ ਕਿਉਂ ਕੀਤਾ?

ਗੁਰੂ ਜੀ ਨੇ ਕਾਜ਼ੀ ਨੂੰ ਸ਼ਾਂਤੀਪੂਰਵਕ ਸੁਣਿਆ ਅਤੇ ਜਵਾਬ ਵਿੱਚ ਇਸ ਤਰ੍ਹਾਂ ਅਰਬੀ ਵਿੱਚ ਗਾ ਕੇ ਸੁਣਾਇਆ:

ਰੁਕਨ-ਉਦ-ਦੀਨ ਅੱਖੀਂ ਕਮਾਰੂਜ਼ਮਾਂ॥
ਫਲਾ ਤਹਿਸ਼ੀ ਵਾ ਅਕਤਾਬੁਲਾਮਾਨੀ॥
ਮੁਜਾਵਰ ਮੱਕਾਹ ਤੋਂ ਆ ਨੂਰ ਏਨੀ॥
ਫਾ ਤਹਿਸ਼ੀ ਲੈ ਅਰਸ਼ ਤਿਲਾਸਾਨੀ॥
ਈਨ ਮੁਲਕੋ ਆਸ਼ਰੀ ਫਤੋ ਅਜ਼ੀਨਾ ਰਹਾ॥
ਬ ਆਨਾਨਾ ਮੀਫ਼ਾ ਤੀਹ ਅਲ ਜਨਾਨੀ॥
ਵਾ ਲਿਖਲਾ ਕੋ ਕੁਜ਼ਲ ਮਾਂਜਣੇ ਥੇ ਕੀ॥
ਮਬਾ ਸਮ੍ਹਾ ਸੰਗੁਰੁਲਾ ਕੇਹਵਾਨੀ॥
ਅੱਜ ਨਾਟਾਕੂ ਫਿਡਰਾਂ ਓ ਯਕੀਕਨ॥
ਕਾਵਾਂ ਫੀ ਹਮ ਮਾਰੂਤੇਬੈਤੁਲਮੁਆਨੀ॥
ਬਰੂਹੀ ਸਾੜ ਤੋਂ ਮਲਕੂ ਫਾਹੁੜੀ॥
ਮਾਵਜ਼ੀ ਹੂੰ ਅੱਲਾ ਹਮੁਜ਼ਾਮਾਨੀ॥

ਭਾਵ "ਰੁਕਨ-ਉਦ-ਦੀਨ ਤੂੰ ਮੱਕਾ ਦਾ ਵੱਡਾ ਕਾਜ਼ੀ ਹੈਂ ਅਤੇ ਕਾਅਬਾ ਦੇ ਪ੍ਰਬੰਧਕਾਂ ਵਿਚੋਂ ਇੱਕ ਹੈਂ। ਤੂੰ ਇਸਲਾਮੀ ਦੁਨੀਆ ਵਿੱਚ ਚੰਦ ਦੀ ਤਰ੍ਹਾਂ ਚਮਕ ਰਿਹਾ ਹੈਂ, ਤਮਾਮ ਇਸਲਾਮਿਕ ਕੌਮਾਂ ਤੇਰੇ ਫ਼ਤਵਿਆਂ ਨੂੰ ਇੱਜ਼ਤ ਬਖਸ਼ਦੀਆਂ ਹਨ, ਮੁਬਾਰਕਾਂ। ਪਰ ਅਫਸੋਸ ਜਦੋਂ ਸੱਚ ਅਤੇ ਸਿਆਣਪ ਦੀ ਗੱਲ ਆਉਂਦੀ ਹੈਂ ਤਾਂ ਤੂੰ ਅੰਦਰੋਂ ਕੋਰਾ ਹੈਂ। ਤੇਰਾ ਅਹਿਮ ਤੈਨੂੰ ਅਤੇ ਤੇਰੇ ਸਾਥੀਆਂ ਨੂੰ ਮੰਜ਼ਿਲ ਤੋਂ ਦੂਰ ਰੱਖੇਗਾ। ਪਿਆਰੇ ਕਾਜ਼ੀ ਤੇਰੀ ਆਪਣੇ ਲੋਕਾਂ ਤੋਂ ਪੂਜਾ ਕਰਾਉਣ ਦੀ ਅਤੇ ਹੁਕਮ ਮਨਾਉਣ ਦੀ ਮਨਸ਼ਾ ਤੇਰੇ ਲਈ ਦੋਜ਼ਖ ਦੀ ਅੱਗ ਦਾ ਬਾਲਣ ਵਰਗਾ ਕੰਮ ਕਰੇਗੀ। ਅੱਲਾਹ ਦਾ ਸੇਵਕ ਬਣ ਅਤੇ ਸਿਰਫ ਅੱਲਾਹ ਦੀ ਹੀ ਬੰਦਗੀ ਕਰ, ਮੁਕਤੀ ਦਾ ਸਿਰਫ ਇਹੀ ਇੱਕੋ ਇੱਕ ਜ਼ਰੀਆ ਹੈ"।

"ਮੇਰੇ ਇਥੇ ਆਉਣ ਦਾ ਮਕਸਦ ਹੈ ਲੋਕਾਂ ਨੂੰ ਮਿਲਣਾ ਤਾਂ ਕਿ ਅਸੀਂ ਸਾਰੇ ਸੱਚ ਨੂੰ ਸਮਝ ਸਕੀਏ, ਸੱਚ ਜੋ ਕਿ ਅੱਲਾਹ ਹੈ। ਕਾਮਯਾਬੀ ਮੀਨਾਰਾਂ ਉਪਰੋਂ ਜ਼ੋਰ ਜ਼ੋਰ ਨਾਲ "ਅੱਲਾਹ ਅੱਲਾਹ" ਪੁਕਾਰਨ ਵਿੱਚ ਨਹੀਂ ਬਲਕਿ ਜੋ ਅਸੀਂ ਖ਼ੁਦ ਹਾਸਲ ਕਰਦੇ ਹਾਂ ਉਸ ਵਿੱਚ ਹੈ। ਬੰਦੇ ਦਾ ਸਭ ਤੋਂ ਪਹਿਲਾ ਫਰਜ਼ ਹੈ ਖੁਦ ਆਪਣੇ ਆਪ ਨੂੰ ਪਹਿਚਾਨਣਾ, ਜਦੋਂ ਅਸੀਂ ਆਪਣੇ ਸੱਚੇ ਆਪ ਨੂੰ ਹਾਸਲ ਕਰ ਲੈਂਦੇ ਹਾਂ, ਤਦ ਸਾਨੂੰ ਦੂਜਿਆਂ ਬਾਰੇ ਸੋਚਣਾ ਚਾਹੀਦਾ ਹੈ, ਕਿਉਂਕਿ ਅਸੀਂ ਸਾਰੇ ਉਸ ਮਾਲਿਕ ਦੀ ਹੀ ਰਚਨਾ ਹਾਂ"। ਤੈਜ਼ੂਦੀਨ ਨਕਸ਼ਬੰਦੀ ਲਿਖਦਾ ਹੈ ਕਿ ਦਿਨ ਭਰ ਰੁਕਨ-ਉਦ-ਦੀਨ ਅਤੇ ਗੁਰੂਜੀ ਵਿਚਕਾਰ ਵਾਰਤਾਲਾਪ ਚਲਦਾ ਰਿਹਾ ਅਤੇ ਕੁਲ ਮਿਲਾ ਕੇ 360 ਸਵਾਲ-ਜਵਾਬ ਹੋਏ।




ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਸਹਿੰਸਰਾ 'ਚ ਗੁਰੂ ਤੇਗ ਬਹਾਦਰ ਦੀ ਯਾਦ ਵਿਚ ਗੁਰਦੁਆਰਾ ਬਣਿਆ ਹੋਇਆ ਹੈ। ਇਹ ਗੁਰਦੁਆਰਾ ਇਸੇ ਹੀ ਪਿੰਡ ਦੇ ਵਸਨੀਕ ਘੁੱਕੇ ਨੇ ਬਣਵਾਇਆ ਸੀ। ਇਕ ਵਾਰੀ ਇਸ ਨੂੰ ਮੁਗ਼ਲ ਹਮਲਵਾਰਾਂ ਨੇ ਢਹਿ ਢੇਰੀ ਵੀ ਕਰ ਦਿੱਤਾ ਸੀ ਪਰ ਸਮਾਂ ਆਉਣ 'ਤੇ ਸਿੱਖ ਸੰਗਤ ਨੇ ਇਸ ਗੁਰਦੁਆਰੇ ਨੂੰ ਫਿਰ ਬਣਾ ਲਿਆ। ਉਸ ਸਮੇਂ ਮਹਾਰਾਜਾ ਰਣਜੀਤ ਸਿੰਘ ਨੇ ਇਸ ਗੁਰਦੁਆਰੇ ਦੇ ਨਾਂ ਕਾਫੀ ਜ਼ਮੀਨ ਦਾਨ ਕਰ ਦਿੱਤੀ, ਜਿੱਥੇ ਬਾਗ ਬਣਾਇਆ ਗਿਆ। ਇਸ ਬਾਗ ਦੇ ਕਰਕੇ ਹੀ ਇਸ ਗੁਰਦੁਆਰੇ ਦਾ ਨਾਂ 'ਗੁਰਦੁਆਰਾ ਗੁਰੂ ਕਾ ਬਾਗ' ਪੈ ਗਿਆ। ਭਾਵੇਂ ਉਸ ਸਮੇਂ ਸ਼੍ਰੋਮਣੀ ਕਮੇਟੀ ਵੀ ਹੋਂਦ ਵਿਚ ਆ ਚੁੱਕੀ ਸੀ ਪਰ ਫਿਰ ਵੀ ਇਸ ਗੁਰਦੁਆਰੇ ਦੇ ਪ੍ਰਬੰਧ 'ਤੇ ਸੁੰਦਰ ਦਾਸ ਮਹੰਤ ਦਾ ਕਬਜ਼ਾ ਸੀ ਪਰ ਉਹ ਇਸ ਦੀ ਮਰਿਆਦਾ ਅਨੁਸਾਰ ਸਾਂਭ ਸੰਭਾਲ ਨਹੀਂ ਕਰਦਾ ਸੀ।

8 ਅਗਸਤ, 1922 ਨੂੰ ਪੰਜ ਸਿੰਘਾਂ ਨੇ ਲੰਗਰ ਲਈ ਇਸ ਗੁਰਦੁਆਰੇ ਦੀ ਜ਼ਮੀਨ 'ਚੋਂ ਸੁੱਕੀਆਂ ਲੱਕੜਾਂ ਵੱਢ ਲਈਆਂ ਤਾਂ ਮਹੰਤ ਸੁੰਦਰ ਦਾਸ ਨੇ ਇਨ੍ਹਾਂ ਪੰਜਾਂ ਸਿੰਘਾਂ 'ਤੇ ਲੱਕੜ ਚੋਰੀ ਦੀ ਸ਼ਿਕਾਇਤ ਪੁਲਿਸ ਕੋਲ ਕਰ ਦਿੱਤੀ। ਪੁਲੀਸ ਨੇ ਸਰਕਾਰੀ ਸ਼ਹਿ 'ਤੇ 9 ਅਗਸਤ ਨੂੰ ਇਨ੍ਹਾਂ ਪੰਜਾਂ ਸਿੰਘਾਂ 'ਤੇ ਪਰਚਾ ਦਰਜ ਕਰਕੇ ਜੇਲ੍ਹ ਭੇਜ ਦਿੱਤਾ। ਕੁਝ ਸਮਾਂ ਮੁਕੱਦਮਾ ਚੱਲਣ ਤੋਂ ਬਾਅਦ ਅਦਾਲਤ ਨੇ ਇਨ੍ਹਾਂ ਪੰਜਾਂ ਸਿੰਘਾਂ ਨੂੰ ਪੰਜਾਹ-ਪੰਜਾਹ ਰੁਪਏ ਜ਼ੁਰਮਾਨਾ ਅਤੇ ਛੇ-ਛੇ ਮਹੀਨਿਆਂ ਦੀ ਸਜ਼ਾ ਸੁਣਾ ਦਿੱਤੀ। ਇਸ ਬੇਇਨਸਾਫੀ ਖ਼ਿਲਾਫ਼ ਸ਼੍ਰੋਮਣੀ ਕਮੇਟੀ ਨੇ ਰੋਸ ਜਾਹਿਰ ਕਰਦਿਆਂ ਮੋਰਚਾ ਲਾ ਦਿੱਤਾ। ਪਹਿਲਾਂ ਇਹ ਮੋਰਚਾ ਪੰਜ-ਪੰਜ ਸਿੰਘਾਂ ਦੇ ਜਥੇ ਤੋਂ ਸ਼ੁਰੂ ਹੋਇਆ, ਜੋ ਸਮੇਂ ਦੇ ਨਾਲ-ਨਾਲ ਸੈਂਕੜਿਆਂ ਦੀ ਗਿਣਤੀ ਨੂੰ ਪਾਰ ਕਰਦਾ ਹੋਇਆ 14 ਸਤੰਬਰ ਤੋਂ 17 ਸਤੰਬਰ ਤੱਕ ਗ੍ਰਿਫਤਾਰ ਸਿੰਘਾਂ ਦੀ ਗਿਣਤੀ ਹਜ਼ਾਰਾਂ ਵਿੱਚ ਹੋ ਗਈ ਸੀ। ਅਖੀਰ ਵਿੱਚ ਪੰਜਾਬ ਦੇ ਵੱਖ ਵੱਖ ਥਾਵਾਂ ਤੋਂ ਇਕ ਸਾਬਕਾ ਫੌਜੀਆਂ ਦਾ ਜਥਾ ਅਕਾਲ ਤਖਤ ਸਾਹਿਬ 'ਤੇ ਇੱਕਤਰ ਹੋਇਆ ਅਤੇ ਅਰਦਾਸ ਕਰਨ ਤੋਂ ਬਾਅਦ ਇਹ ਜਥਾ ਰਿਆਸਤ ਕਪੂਰਥਲਾ ਦੇ ਇਕ ਸਾਬਕਾ ਫੌਜੀ ਸੂਬੇਦਾਰ ਅਮਰ ਸਿੰਘ ਦੀ ਅਗਵਾਈ ਵਿਚ ਰੋਸ ਪ੍ਰਗਟ ਕਰਦਾ ਹੋਇਆ ਗ੍ਰਿਫਤਾਰ ਹੋ ਗਿਆ। ਅੰਗਰੇਜ਼ ਸਰਕਾਰ ਵੱਲੋਂ ਇਸ ਜਥੇ ਦੇ ਸਿੰਘਾਂ ਨੂੰ ਗ੍ਰਿਫਤਾਰ ਕਰਕੇ ਦੂਰ-ਦਰਾਡੇ ਦੇ ਇਲਾਕੇ ਕੈਥਲਪੁਰ ਅਤੇ ਅਟਕ ਦੀਆਂ ਜੇਲ੍ਹਾਂ ਵੱਲ ਇਕ ਰੇਲ ਗੱਡੀ ਰਾਹੀਂ ਲਿਜਾਇਆ ਜਾ ਰਿਹਾ ਸੀ।

ਇਸ ਰੇਲ ਗੱਡੀ ਨੇ ਸ੍ਰੀ ਪੰਜਾ ਸਾਹਿਬ ਦੇ ਸਟੇਸ਼ਨ ਵਿਚੋਂ ਹੋ ਕੇ ਅੱਗੇ ਜਾਣਾ ਸੀ। ਇਹ ਸੂਚਨਾ ਮਿਲਦਿਆਂ ਹੀ ਸੰਗਤ ਨੇ ਫੈਸਲਾ ਕਰ ਲਿਆ ਕਿ ਇਨ੍ਹਾਂ ਬੰਦੀ ਸਿੰਘਾਂ ਨੂੰ ਪੰਜਾ ਸਾਹਿਬ ਦੇ ਸਟੇਸ਼ਨ 'ਤੇ ਦੁੱਧ ਅਤੇ ਫ਼ਲਾਂ ਦਾ ਲੰਗਰ ਛਕਾਇਆ ਜਾਵੇ। ਮਿਥੇ ਸਮੇਂ 'ਤੇ ਹਜ਼ਾਰਾਂ ਦੀ ਗਿਣਤੀ ਵਿਚ ਸੰਗਤ ਲੰਗਰ ਲੈ ਕੇ ਪੰਜਾ ਸਹਿਬ ਸਟੇਸ਼ਨ 'ਤੇ ਪਹੁੰਚ ਗਈ ਤਾਂ ਉਸ ਸਮੇਂ ਦੀ ਸਰਕਾਰ ਨੂੰ ਪਤਾ ਲੱਗਿਆ ਕਿ ਸਿੱਖ ਸੰਗਤ ਬੰਦੀ ਬਣਾਏ ਗਏ ਸਿੰਘਾਂ ਨੂੰ ਪੰਜਾਂ ਸਾਹਿਬ ਦੇ ਸਟੇਸ਼ਨ 'ਤੇ ਲੰਗਰ ਛਕਾਉਣ ਦੀ ਤਿਆਰੀ ਵਿਚ ਹੈ ਤਾਂ ਸਰਕਾਰ ਨੇ ਹੁਕਮ ਕਰ ਦਿੱਤਾ ਕਿ ਇਸ ਗੱਡੀ ਨੂੰ ਪੰਜਾ ਸਾਹਿਬ ਦੇ ਸਟੇਸ਼ਨ 'ਤੇ ਨਾ ਰੋਕਿਆ ਜਾਵੇ। ਜਦੋਂ ਸੰਗਤ ਨੂੰ ਇਹ ਪਤਾ ਲੱਗਿਆ ਕਿ ਸਰਕਾਰ ਨੇ ਪੰਜਾ ਸਾਹਿਬ ਦੇ ਸਟੇਸ਼ਨ 'ਤੇ ਗੱਡੀ ਨਾ ਰੋਕਣ ਦਾ ਫੈਸਲਾ ਕਰ ਲਿਆ ਹੈ ਤਾਂ 30 ਅਕਤੂਬਰ, 1922 ਨੂੰ ਜਥੇਦਾਰ ਕਰਮ ਸਿੰਘ ਨੇ ਐਲਾਨ ਕਰ ਦਿੱਤਾ ਕਿ ਸੰਗਤ ਰੇਲਵੇ ਲਾਈਨ 'ਤੇ ਲੇਟ ਜਾਵੇ ਅਤੇ ਕਰਮ ਸਿੰਘ ਆਪ ਸਭ ਤੋਂ ਅੱਗੇ ਲਾਈਨ 'ਤੇ ਪੈ ਗਿਆ। ਗੱਡੀ ਆਉਣ 'ਤੇ ਸਿੱਖ ਟੱਸ ਤੋਂ ਮੱਸ ਨਾ ਹੋਏ। ਚਾਲਕ ਨੂੰ ਮਜ਼ਬੂਰਨ ਗੱਡੀ ਰੋਕਣੀ ਪਈ। ਰੇਲ ਗੱਡੀ ਨੇ ਧੀਮੀ ਚਾਲ ਵਿੱਚ ਰੁਕਦਿਆਂ ਰੁਕਦਿਆਂ ਜਥੇਦਾਰ ਕਰਮ ਸਿੰਘ ਤੇ ਭਾਈ ਪ੍ਰਤਾਪ ਸਿੰਘ ਦੇ ਸਰੀਰ ਨੂੰ ਕੱਟ ਦਿੱਤਾ ਜੋ ਸਿੱਖ ਪੰਥ ਦੀ ਲੰਗਰ ਪ੍ਰਥਾ ਨੂੰ ਸੁਰਜੀਤ ਕਰਦਿਆਂ ਸ਼ਹੀਦ ਹੋ ਗਏ ਅਤੇ ਤੀਜਾ ਸਿੰਘ ਗੰਭੀਰ ਜ਼ਖ਼ਮੀ ਹੋ ਗਿਆ।

ਇਹ ਤੀਸਰਾ ਸਿੰਘ ਮਾਲਵੇ ਦੇ ਪਿੰਡ ਝੁੰਬਾ (ਬਠਿੰਡਾ) ਦਾ ਨਿਵਾਸੀ ਭਾਈ ਨਿੱਕਾ ਸਿੰਘ ਸੀ, ਜੋ ਇਸ ਸਾਕੇ ਤੋਂ ਕਾਫੀ ਦੇਰ ਬਾਅਦ ਗੁਰੂ ਚਰਨਾਂ ਵਿਚ ਜਾ ਬਿਰਾਜਿਆ। ਇਹ ਪੰਜਾ ਸਾਹਿਬ ਦਾ ਸ਼ਹੀਦੀ ਸਾਕਾ 30 ਅਕਤੂਬਰ, 1922 ਨੂੰ ਵਾਪਰਿਆ ਸੀ। ਲੋਕ ਅੱਜ ਤੱਕ ਇਸ ਸਾਕੇ ਦੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਹਨ।

**- ਗੁਰਜੀਵਨ ਸਿੰਘ ਸਿੱਧੂ**

# ਮੰਜੇ ਦੀ ਬਾਹੀ

ਕਹਾਣੀ/ - ਅਜਮੇਰ ਸਿੰਘ ਔਲਖ

ਗੱਲ 'ਕੇਰਾਂ ਮੂੰਹੋਂ ਨਿਕਲੇ ਸਹੀ, ਫਿਰ ਆਖੂ ਤੂੰ ਕੌਣ ਤੇ ਮੈਂ ਕੌਣ? ਤੇ ਗੱਲ ਕੋਈ ਝੂਠੀ ਵੀ ਨਹੀਂ ਸੀ- ਪੰਜਾਹਾਂ ਨੂੰ ਪੁੱਜਿਆ ਗੱਜੂ ਕਾਣਾ ਮੁੱਲ ਦੀ ਤੀਮੀਂ ਲਿਆਉਣ ਲੱਗਾ ਸੀ।

ਗੱਜੂ ਦੀ ਭਰਜਾਈ ਸੰਤੋ ਨੇ ਸੁਣਿਆ, ਓਦ੍ਹੇ ਤਾਂ ਜਿਵੇਂ ਸਾਹ ਹੀ ਸੂਤੇ ਗਏ ਹੋਣ। "ਮਰ ਵੇ ਗੱਜੂ ਬੰਦਿਆ, ਤੇਰਾ ਬਹਿ ਜੇ ਬੇੜਾ!"

ਬੇੜਾ ਬੈਠੇ ਚਾਹੇ ਤਰੇ, ਗੱਜੂ ਨੇ ਆਪਣੇ ਛੋਟੇ ਭਾਈ ਸੱਜਣ ਨੂੰ ਸੌ ਦੀ ਇਕ ਸੁਣਾ ਦਿੱਤੀ, "ਮੇਰੇ ਹਿੱਸੇ ਦੀ ਜਮੀਨ ਵੰਡ ਦੇਹ, ਨਹੀਂ ਤਾਂ ਪੰਚੈਤ 'ਕੱਠੀ ਕਰਨੀ ਪਊ!" ਸੱਜਣ ਦੂਰ ਦੀ ਸੋਚਣ ਵਾਲਾ ਬੰਦਾ ਸੀ, ਉਂਜ ਵੀ ਸੁਭਾਅ ਦਾ ਕੂਲਾ ਸੀ, ਸੁਣ ਕੇ ਚੁੱਪ ਰਿਹਾ। ਇਕ ਦੋ ਬੰਦੇ ਉਸ ਨੇ ਵਿਚ-ਦੀ ਸੁੱਟੇ, ਪਰ ਗੱਜੂ ਤਾਂ ਪੈਰਾਂ 'ਤੇ ਪਾਣੀ ਹੀ ਨਹੀਂ ਸੀ ਪੈਣ ਦਿੰਦਾ; ਅਖੇ, ਮੇਰਾ ਨੀ ਜੀਅ ਕਰਦਾ ਜੱਗ 'ਤੇ ਬੂਟਾ ਲਾਉਣ ਨੂੰ?

ਅਸਲ ਵਿਚ ਗੱਲ 'ਗਾਹਾਂ ਖਾਸੀ ਤੁਰ'ਗੀ ਸੀ। ਗੱਜੂ ਨੇ ਨੰਦ ਬੰਗਾਲੀ ਰਾਹੀਂ ਧਨੌਲੇ ਕੰਨੀਂ ਇਕ ਤੀਮੀਂ ਦਾ ਸੌਦਾ ਲਗਭਗ ਪੱਕਾ ਹੀ ਕਰ ਛੱਡਿਆ ਸੀ, ਸਿਰਫ ਰਕਮ ਤਾਰਨੀ ਬਾਕੀ ਸੀ। ਚਾਹੁੰਦਾ ਉਹ ਇਹ ਸੀ, ਬਈ ਤੀਮੀਂ ਲਿਆਉਣ ਤੋਂ ਪਹਿਲਾਂ ਮਾੜਾ-ਮੋਟਾ ਘਰ-ਘਾਟ ਦਾ ਬੰਨ੍ਹ-ਸੁੱਬ ਕਰ ਲਵੇ। ਚਾਰ ਕਿੱਲੇ ਭੋਇੰ ਉਸ ਨੂੰ ਆਉਣੀ ਸੀ। ਇਕ ਕਿੱਲਾ ਗਹਿਣੇ ਪਾਉਣਾ ਉਸ ਜੇਠੂ ਬਾਣੀਏ ਨਾਲ ਪੱਕਾ ਕਰ ਛੱਡਿਆ ਸੀ, ਤਿੰਨ ਹਜ਼ਾਰ ਵਿਚ। ਸੌਲਾਂ ਸੌ ਦੀ ਤੀਮੀਂ, ਬਾਕੀ ਘਰ ਦਾ ਲਕਾ ਤੁਕਾ! 'ਕੇਰਾਂ ਜਮੀਨ ਵੰਡੀ ਜਾਵੇ, ਘਰ ਤਾਂ ਵੰਡਿਆ ਈ ਪਿਐ, ਉਛਲ ਸੱਜਣ ਦੀ- ਚਾਹੇ ਅੰਦਰਲਾ ਲੈ ਲਵੇ, ਚਾਹੇ ਬਾਹਰਲਾ।

ਜਦੋਂ ਕੋਈ ਵਾਹ ਨਾ ਗਈ, ਸੱਜਣ ਬਾਹਰਲੇ ਘਰ ਜਾ ਕੇ ਗੱਜੂ ਦੇ ਪੈਰੀਂ ਪੈ ਗਿਆ, "ਆਹ ਦੇਖ ਬਾਈ, ਤੇਰੇ ਪੈਰੀਂ ਪੱਗ ਧਰਨਾ। ਆਪਣੇ ਘਰ ਦੀ ਇੱਜਤ ਰੱਖ! ਜੇ ਤੂੰ ਅੱਡ ਹੋਣਾ ਸੀ ਤਾਂ ਮੇਰਾ ਬਿਆਹ ਕਾਹਨੂੰ ਕਰਨਾ ਸੀ। ਰੱਬ ਦੀ ਕਿਰਪਾ ਨਾਲ ਆਪਣੀ ਜੜ੍ਹ ਲੱਗੀ ਹੋਈ ਐ। ਮੇਰੇ ਜਬਾਕ ਹੋਏ ਕਿ ਤੇਰੇ ਹੋਏ, ਇਕੋ ਗੱਲ ਐ। ਸੰਤੀ ਵੀ ਕਦੇ ਤੈਨੂੰ ਓਏ ਕਰ ਕੇ ਨੀ ਬੋਲੀ। ਨਾਲੇ ਮੁੱਲ ਦੀ ਤੀਮੀਂ ਦਾ ਕੀ ਪਤਾ ਹੁੰਦੈ, ਅੱਜ ਏਥੇ, ਕੱਲ੍ਹ ਓਥੇ।"

ਪਰ ਗੱਜੂ ਉਤੇ ਇਨ੍ਹਾਂ ਗੱਲਾਂ ਦਾ ਨਾ ਅਸਰ ਹੋਣਾ ਸੀ, ਤੇ ਨਾ ਹੀ ਹੋਇਆ। ਸੱਜਣ ਨੂੰ ਉਸ ਨੇ ਇਕੋ ਗੱਲ ਨਾਲ ਚੁੱਪ ਕਰ ਦਿੱਤਾ, "ਮੁੱਲ ਦੀ ਤੀਮੀਂ ਦਾ ਦੁੱਖ ਹੋਊ ਤਾਂ ਉਹ ਮੈਨੂੰ ਹੋਊ, ਮੈਂ ਝੱਲ ਲੂੰ! ਪਰ ਸੱਜਣਾ, ਜਮੀਨ ਤਾਂ ਤੈਨੂੰ ਵੰਡਣੀ ਪਊ, ਭਾਈ ਭਰੱਪਣ ਨਾਲ ਵੰਡ ਦੇਂਗਾ ਤੇਰੀ ਸ਼ਾਬਾਸ਼ੇ, ਲੋਕ ਤਮਾਸ਼ਾ ਦਖਾਊਣੈਂ ਉਹ ਤੇਰੀ ਮਰਜੀ।" ਸੱਜਣ ਪਰਨੇ ਨਾਲ ਅੱਖਾਂ ਪੂੰਝ ਕੇ ਅੰਦਰਲੇ ਘਰ ਨੂੰ ਤੁਰ ਪਿਆ। ਉਹ ਸੋਚਦਾ ਸੀ, ਚਾਰ ਕਿੱਲਿਆਂ ਦੇ ਸਿਰ 'ਤੇ ਤਾਂ ਉਸ ਦੇ ਇਕ ਮੁੰਡੇ ਨੂੰ ਵੀ ਨਹੀਂ ਸਾਕ ਹੋਣਾ। ਚੰਗੀ ਭਲੀ ਕਬੀਲਦਾਰੀ ਦੀ ਗੱਡੀ ਰੁੜ੍ਹੀ ਜਾ ਰਹੀ ਸੀ, ਆਹ ਬਿਚ ਭੈਣ ਦੇਣੇ ਦਾ ਹੋਰ ਹੀ ਫਾਨਾ ਆ ਫਸਿਆ! ਪਰ ਸੱਜਣ ਇਹ ਵੀ ਜਾਣਦਾ ਸੀ, ਬਈ ਇਹ ਫਾਨਾ ਆਪਣੇ ਆਪ ਆ ਕੇ ਨਹੀਂ ਸੀ ਫਸਿਆ, ਸਗੋਂ ਸੰਤੋ ਨੇ ਫਸਾਇਆ ਸੀ। ਉਸ ਨੇ ਗੱਲੀਂ ਬਾਤੀਂ ਸੰਤੋ ਨੂੰ ਕਈ ਵਾਰ ਆਖਿਆ ਵੀ ਸੀ, "ਇਸ ਕਾਣੇ ਦਾ ਵਿਗੜਦੇ ਦਾ ਪਤਾ ਨੀ ਲਗਦਾ, ਤੂੰ ਏਹਨੂੰ ਪਲੋਸ ਪਲਾਸ ਕੇ ਰੱਖਿਆ ਕਰ।" ਪਰ ਸੰਤੋ ਨੇ ਜ਼ਿੱਦ ਨਾ ਛੱਡੀ, "ਮਰਨੀ ਮਰਜੂੰ, ਪਰ ਮੈਂ ਜੇਠ ਨੂੰ ਮੰਜੇ ਦੀ ਬਾਹੀ 'ਤੇ ਨੀ ਬੈਠਣ ਦੇਣਾ।"

ਸੱਜਣ ਨੂੰ ਇਸ ਗੱਲ ਦਾ ਅਹਿਸਾਸ ਸੀ ਕਿ ਉਨ੍ਹਾਂ ਦਾ ਘਰ ਵਸਾਉਣ ਵਿਚ ਗੱਜੂ ਦਾ ਹੀ ਹੱਥ ਸੀ। ਸੱਜਣ ਤਾਂ ਓਦੋਂ ਅਜੇ ਡੰਗਰ ਚਾਰਦਾ ਹੁੰਦਾ ਸੀ, ਜਦੋਂ ਉਨ੍ਹਾਂ ਦਾ ਪਿਉ ਲਾਂਗੇ ਦਾ ਗੱਡਾ ਲੱਦਦਾ ਡਿਗ ਕੇ ਮਰ ਗਿਆ ਸੀ। ਪੰਜ ਕੁ ਸਾਲਾਂ ਬਾਅਦ ਕੁਆਰੇ ਪੁੱਤਾਂ ਦਾ ਝੋਰਾ ਕਰਦੀ ਉਨ੍ਹਾਂ ਦੀ ਮਾਂ ਵੀ ਮੰਜੇ ਨਾਲ ਅੱਡੀਆਂ ਰਗੜਦੀ ਤੁਰ ਗਈ ਸੀ। ਗੱਜੂ ਉਤੇ ਈ ਆ ਪਿਆ ਸੀ ਸਾਰਾ ਭਾਰ! ਦੋ ਭੈਣਾਂ ਬੂਹਿਓਂ ਤੋਰੀਆਂ। ਸੱਜਣ ਨੂੰ ਭਾਈ ਨੀ, ਪੁੱਤਾਂ ਵਾਂਗੂ ਪਾਲਿਆ ਤੇ ਵੱਡਾ ਕੀਤਾ। ਫੇਰ ਇਕ ਵੱਡੀ ਕੁਰਬਾਨੀ, ਸੱਜਣ ਦਾ ਵਿਆਹ ਕੀਤਾ। ਜੱਟ ਦੇ ਪੁੱਤ ਨੂੰ ਚਾਰ ਕਿੱਲਿਆਂ 'ਤੇ ਕਿਹੜਾ ਕੁੜੀ ਦਿੰਦੈ? ਗੱਜੂ ਨੇ ਸੋਚਿਆ, ਉਸ ਨੂੰ ਤਾਂ ਸਾਕ ਹੋਣੋਂ ਰਿਹਾ, ਇਕ ਤਾਂ ਰੱਬ ਨੇ ਉਂਜ ਬੱਜੋ-ਬੱਤਾ ਬਣਾ'ਤਾ, ਦੂਜੇ ਉਮਰ ਪਖੋਂ ਵੀ ਪੈਂਤੀ ਛੱਤੀ ਦਾ ਹੋ ਚੱਲਿਆ ਸੀ। ਚਲੋ, ਭਾਈ ਤਾਂ ਕੁਆਰਾ ਨਾ ਰਹੇ। ਉਸ ਨੇ ਬਾਰੂ-ਕੇ ਸੀਤੇ ਨਾਲ ਗੱਲ ਕੀਤੀ, "ਦੇਖ ਸੀਤਾ ਸਿਆਂ? ਮੈਂ ਤਾਂ ਨਾ ਵਿਆਹ ਕਰਾਵਾਂ, ਨਾ ਈਂ ਮੈਨੂੰ ਸਾਕ ਹੋਵੇ। ਅੱਠ ਕਿੱਲੇ ਸੱਜਣ ਨੂੰ ਮੁੱਕਦੇ ਨ੍ਹੀਂ, ਤੂੰ ਕਰ ਪੁੰਨ, ਆਪਣੀ ਸਾਲੀ ਦਾ ਸਾਕ ਲਿਆ। ਐਨੇ ਨਾਲ ਸਾਡਾ ਵੀ ਜੱਗ ਵਿਚ ਸੀਰ ਪੈਜੂ।" ਸੀਤੇ ਨੂੰ ਵੀ ਗੱਲ ਜਚ ਗਈ ਸੀ ਤੇ ਉਸ ਨੇ ਸੱਜਣ ਨੂੰ ਸਾਕ ਕਰਵਾ ਕੇ ਦੋ ਮਹੀਨਿਆਂ ਦੇ ਅੰਦਰ ਅੰਦਰ ਆਪਣੀ ਸਾਲੀ ਸੰਤੋ ਉਨ੍ਹਾਂ ਦੇ ਘਰ ਲਿਆ ਬਠਾਈ ਸੀ। ਸੱਜਣ ਦੇ ਵਿਆਹ ਦੀ ਖੁਸ਼ੀ ਗੱਜੂ ਨੇ ਇੰਜ ਮਨਾਈ, ਜਿਵੇਂ ਉਹਦਾ ਆਪਣਾ ਵਿਆਹ ਹੋਇਆ ਹੋਵੇ। ਜੱਟ ਦਾ ਇਕ ਪੁੱਤ ਵਿਆਹਿਆ ਜਾਵੇ, ਸਮਝੋ ਸਾਰੇ ਵਿਆਹੇ ਗਏ। ਇਕ ਕਿੱਲਾ ਗਹਿਣੇ ਰੱਖ ਕੇ ਉਸ ਨੇ ਸੰਤੋ ਲਈ ਮੂੰਹ ਸਿਰ ਦੀਆਂ ਸਾਰੀਆਂ ਟੂੰਮਾਂ ਬਣਾ ਦਿੱਤੀਆਂ।

ਸੰਤੋ ਵੀ ਮੂੰਹ ਮੱਥੇ ਲੱਗਣ ਵਾਲੀ ਤੀਮੀਂ ਸੀ, ਆਉਂਦਿਆਂ ਹੀ ਉਸ ਨੇ ਘਰ ਦੀ ਖਿੱਲਰੀ ਹੋਈ ਕਬੀਲਦਾਰੀ ਨੂੰ ਰੱਸਾ ਪਾ ਲਿਆ। ਉਤੋਂ ਚੰਗੇ ਭਾਗਾਂ ਨੂੰ, ਸਾਲੋਂ ਅੰਦਰ ਰੱਬ ਨੇ ਚੰਨ ਵਰਗਾ ਮੁੰਡਾ ਝੋਲੀ ਪਾ ਦਿੱਤਾ।

ਦਿਨਾਂ ਵਿਚ ਹੀ ਗੱਜੂ ਅਤੇ ਸੱਜਣ ਦੇ ਘਰ ਦਾ ਰੰਗ ਹੋਰ ਹੋ ਗਿਆ। ਚੁੰਬਕ ਦੀ ਤਰ੍ਹਾਂ, ਸੰਤੋ ਨੇ ਸਾਰੀਆਂ ਬਰਕਤਾਂ ਉਨ੍ਹਾਂ ਦੇ ਘਰ ਵੱਲ ਖਿੱਚ ਲਈਆਂ। ਸੰਤੋ ਦੁਆਲੇ ਉਹ ਊਰੀ ਆਗੂੰ ਘੁਕਦੇ ਰਹਿੰਦੇ। ਦੋ ਕੁ ਸਾਲਾਂ ਵਿਚ ਹੀ



ਉਨ੍ਹਾਂ ਨੇ ਗਹਿਣੇ ਪਾਇਆ ਕਿੱਲਾ ਵੀ ਛੁਡਾ ਲਿਆ। ਫੁੱਲਾਂ ਵਰਗੇ ਦਿਨ ਲੰਘਣ ਲੱਗੇ। ਸੰਤੋ ਦੀ ਕੁੱਖੋਂ ਇਕ ਕੁੜੀ ਤੇ ਇਕ ਮੁੰਡਾ ਹੋਰ ਜੰਮੇ। ਹੋਰ ਜੱਟ ਨੂੰ ਕੀ ਚਾਹੀਦੈ? ਦੁੱਧ ਤੇ ਪੁੱਤ, ਇਹ ਦੋ ਚੀਜ਼ਾਂ ਹੀ ਉਹ ਰੱਬ ਕੋਲੋਂ ਮੰਗਦੈ!

ਪਰ ਅਚਾਨਕ ਫੁੱਲਾਂ ਉਤੇ ਖੇਡਦੀ ਕਾਟੋ ਨੂੰ ਇਕ ਭੂਤ ਦਿਖਾਈ ਦੇ ਗਿਆ। ਤਕਦੀਰ ਨੇ ਗੱਜੂ ਨਾਲ ਇਕ ਰਾਤ ਇਕ ਨਾਟਕ ਖੇਡਿਆ। ਉਸ ਨੂੰ ਸੁਪਨਾ ਆਇਆ, ਜਿਵੇਂ ਉਸ ਨਾਲ ਕੋਈ ਤੀਮੀਂ ਸੁੱਤੀ ਪਈ ਹੋਵੇ। ਗੱਜੂ 'ਬਾਖਰੂ, ਬਾਖਰੂ' ਕਰਦਾ ਉਠ ਖੜ੍ਹਾ ਹੋਇਆ। ਆਲੇ-ਦੁਆਲੇ ਅੱਖਾਂ ਪਾੜ ਪਾੜ ਵੇਖਿਆ, ਉਥੇ ਤਾਂ ਕੋਈ ਵੀ ਨਹੀਂ ਸੀ!

ਅਗਲੇ ਦਿਨ ਸਾਰੀ ਦਿਹਾੜੀ ਇਹ ਸੁਪਨਾ ਗੱਜੂ ਦੇ ਦਿਮਾਗ ਵਿਚ ਘੁੰਮਦਾ ਰਿਹਾ। ਦਿਨ ਛਿਪਦੇ ਨਾਲ ਹੀ ਉਸ ਨੂੰ ਡਰ ਜਿਹਾ ਹੋਣ ਲੱਗਾ ਕਿ ਕਿਤੇ ਇਹ ਸੁਪਨਾ ਅੱਜ ਰਾਤੀਂ ਫਿਰ ਨਾ ਆ ਜਾਵੇ। ਉਸ ਨੇ ਆਪਣੇ ਛੇ ਸਾਲ ਦੇ ਭਤੀਜੇ ਮਿੱਠੂ ਨੂੰ ਆਪਣੇ ਨਾਲ ਪਾ ਲਿਆ।

ਉਸ ਰਾਤ ਉਸ ਨੂੰ ਉਹ ਸੁਪਨਾ ਤਾਂ ਨਾ ਆਇਆ, ਪਰ ਜਿਹੜਾ ਆਇਆ, ਉਹ ਉਸ ਨਾਲੋਂ ਵੀ ਅਜੀਬ ਕਿਸਮ ਦਾ ਸੀ। ਉਹ ਡੇਰੇ ਆਲੀ ਢਾਬ ਵਿਚ ਨਹਾ ਰਿਹਾ ਸੀ, ਤੇੜ-ਸਿਰ ਦੇ ਕੱਪੜੇ ਲਾਹ ਕੇ, ਅਲਫ ਨੰਗਾ! ਇਕ ਤੀਮੀਂ ਆਈ ਤੇ ਉਸ ਦੇ ਕੱਪੜੇ ਚੁੱਕ ਕੇ ਪਰਾਂਹ ਵਣਾਂ ਵਿਚ ਜਾ ਲੁਕੀ।

ਏਦਾਂ ਮ੍ਹੀਨਾ-ਵੀਹ ਦਿਨ ਉਸ ਨੂੰ ਇਹੋ ਜਿਹੇ ਸੁਪਨੇ ਆਉਂਦੇ ਰਹੇ। ਹਰ ਸੁਪਨੇ ਵਿਚ ਕਹਾਣੀ ਵੱਖ ਹੁੰਦੀ ਹੋਈ ਵੀ ਇਕ ਗੱਲ ਸਾਂਝੀ ਹੁੰਦੀ, ਤੀਮੀਂ ਦੇ ਆਉਣ ਦੀ ਗੱਲ। ਪਹਿਲੇ ਦੋ ਤਿੰਨ ਸੁਪਨਿਆਂ ਨੇ ਤਾਂ ਗੱਜੂ ਨੂੰ ਘਬਰਾਹਟ ਦਿੱਤੀ। ਪਰ ਫੇਰ ਉਸ ਨੂੰ ਇਹ ਸੁਪਨੇ ਚੰਗੇ ਚੰਗੇ ਲੱਗਣ ਲੱਗ ਪਏ। ਉਸ ਨੂੰ ਇਨ੍ਹਾਂ ਵਿਚੋਂ ਨਿੱਘ ਜਿਹਾ ਮਿਲਣ ਲੱਗਾ। ਸੱਚੀ ਗੱਲ ਤਾਂ ਇਹ ਹੈ ਕਿ ਜੇ ਹੁਣ ਕਦੀ ਗੱਜੂ ਨੂੰ ਕੋਈ ਅਜਿਹਾ ਸੁਪਨਾ ਨਾ ਆਉਂਦਾ ਤਾਂ ਉਹ ਅਗਲੇ ਦਿਨ ਟੁੱਟਿਆ ਟੁੱਟਿਆ ਜਿਹਾ ਮਹਿਸੂਸ ਕਰਦਾ। ਅਜੀਬ ਗੱਲ ਸੀ ਕਿ ਇਹ ਸੁਪਨੇ ਜਾਂ ਤਾਂ ਉਸ ਨੂੰ ਪੰਦਰਾਂ-ਸੋਲਾਂ ਸਾਲ ਦੀ ਉਮਰ ਤੋਂ ਲੈ ਕੇ ਛੱਬੀ-ਸਤਾਈ ਸਾਲ ਦੀ ਉਮਰ ਤਕ ਆਏ ਸਨ ਜਾਂ ਹੁਣ, ਜਦੋਂ ਉਹ ਚਹੁੰ ਤੇ ਚਾਲੀ ਸਾਲ ਦਾ ਹੋ ਚੱਲਿਆ ਸੀ!

ਇਕ ਦਿਨ ਹੋਰ ਹੀ ਭਾਣਾ ਵਰਤਿਆ। ਦਿਨ ਛਿਪੇ ਮੂੰਹ ਨ੍ਹੇਰੇ ਜਿਹੇ ਉਹ ਸੂਏ ਵੱਲ ਜੰਗਲ ਪਾਣੀ ਗਿਆ। ਸਕੂਲ ਵਿਚ ਦੀ ਲੰਘਦਿਆਂ ਉਸ ਨੂੰ ਇਕ ਤੀਮੀਂ ਤੇ ਇਕ ਮਰਦ ਦਾ ਝਉਲਾ ਪਿਆ। ਮਰਦ ਨੇ ਤੀਵੀਂ ਨੂੰ ਆਪਣੀ ਹਿੱਕ ਨਾਲ ਘੁੱਟ ਰੱਖਿਆ ਸੀ। ਗੱਜੂ ਨੇ ਦੋਵਾਂ ਨੂੰ ਜਾ ਗਿੱਚੀ ਤੋਂ ਨੱਪਿਆ। ਇਹ ਤਾਂ ਜੇਠੂ ਬਾਣੀਏ ਦੀ ਵੱਡੀ ਕੁੜੀ ਸ਼ੀਲੋ ਤੇ ਧਰਮੇ ਤਖਾਣ ਦਾ ਮੁੰਡਾ ਘੀਚਰ ਸੀ। ਘੀਚਰ ਉਸ ਦੇ ਪੈਰੀਂ ਪੈ ਗਿਆ, "ਚਾਚਾ ਹੱਥ ਬੰਨ੍ਹਾ ਲੈ, ਅੱਗੇ ਗੱਲ ਨਾ ਕਰੀਂ।"

"ਉਡ ਜੋ ਭੈਣ ਦਿਓ ਦੁੱਗੋ, ਜੇ ਅੱਗੇ ਨੂੰ ਏਹਾ ਜਾ ਕੰਮ ਕੀਤਾ ਤਾਂ ਦੇਖ ਲਿਓ ਫੇਰ?" ਕਹਿਣ ਨੂੰ ਤਾਂ ਗੱਜੂ ਨੇ ਉਨ੍ਹਾਂ ਨੂੰ ਕਹਿ ਦਿੱਤਾ ਪਰ ਅੰਦਰੋਂ, ਇਹ ਸਭ ਕੁਝ ਦੇਖ ਕੇ ਉਸ ਨੂੰ ਆਪ ਨੂੰ ਵੀ ਸੁਆਦ ਜਿਹਾ ਆ ਗਿਆ ਸੀ।

ਉਸ ਰਾਤ ਉਸ ਨੂੰ ਫਿਰ ਸੁਪਨਾ ਆਇਆ, ਪਹਿਲਿਆਂ ਸੁਪਨਿਆਂ ਵਰਗਾ, ਪਰ ਇਸ ਵਾਰੀ ਉਸ ਨੇ ਸੁਪਨੇ ਵਿਚਲੀ ਤੀਮੀਂ ਨੂੰ ਪਛਾਣ ਲਿਆ, ਇਹ ਤਾਂ ਸੰਤੋ ਸੀ, ਉਸ ਦੀ ਆਪਣੀ ਭਰਜਾਈ।

ਸੁਪਨਾ ਕਾਹਦਾ ਆਇਆ, ਗੱਜੂ ਨੂੰ ਸੂਲੀ 'ਤੇ ਟੰਗ ਗਿਆ। ਕਦੇ ਉਸ ਨੂੰ ਲਗਦਾ, ਉਹ ਕੋਈ ਗੁਨਾਹਗਾਰ ਹੈ ਤੇ ਉਹ ਆਪਣੇ ਆਪ ਨੂੰ ਗਾਲ੍ਹਾਂ ਦੇਣ ਲੱਗ ਪੈਂਦਾ, "ਇਹ ਕੀ ਹੁੰਦਾ ਜਾਂਦੈ ਤੈਨੂੰ ਭੈਣ ਦਿਆ ਦੁੱਗਾ। ਧੌਲੀ ਦਾੜ੍ਹੀ ਹੁਣ ਤੈਨੂੰ ਇਹ ਕੀ ਚਾਅ ਕੁੱਦਣ ਲੱਗ ਪਿਐ!" ਤੇ ਕਦੇ ਉਸ ਅੰਦਰ ਅੱਗ ਜਿਹੀ ਪੈਦਾ ਹੁੰਦੀ ਜਿਹੜੀ, ਉਸ ਨੂੰ ਲਗਦਾ ਉਸ ਨੂੰ ਸਾੜ ਕੇ ਹੀ ਸਾਹ ਲਵੇਗੀ। ਹਾਲਤ ਇਹ ਹੋ ਗਈ ਕਿ ਸੁਪਨਿਆਂ ਦੀ ਥਾਂ ਹੁਣ ਜਾਗਦਿਆਂ ਵੀ ਉਹ ਇਸ ਸਮੱਸਿਆ ਨਾਲ ਉਲਝਿਆ ਰਹਿੰਦਾ। ਪਤਾ ਨਹੀਂ ਕਿਉਂ, ਉਹ ਸੰਤੋ ਨੂੰ ਹੁਣ ਚੋਰ ਅੱਖ ਨਾਲ ਵੇਖਣ ਲੱਗ ਪਿਆ। ਸੰਤੋ ਉਸ ਤੋਂ ਘੁੰਡ ਕੱਢਦੀ ਸੀ ਪਰ ਇਹ ਘੁੰਡ ਐਵੇਂ ਨਾਂ ਦਾ ਹੀ ਸੀ। ਉਸ ਨੇ ਸੰਤੋ ਦਾ ਚਿਹਰਾ-ਮੋਹ੍ਰਾ ਅੱਗੇ ਵੀ ਸੌ ਵਾਰੀ ਵੇਖਿਆ ਸੀ, ਪਰ ਉਸ ਚਿਹਰੇ-ਮੋਹ੍ਰੇ ਵਿਚ ਕੋਈ ਹੋਰ ਹੀ ਗੱਲ ਸੀ।

ਬਿਮਾਰੀ ਵਧਦੀ ਵਧਦੀ ਵਧ ਹੀ ਗਈ। ਅੱਗ ਦੇ ਭਾਂਬੜਾਂ ਨੇ ਗੱਜੂ ਨੂੰ ਆਪਣੀ ਲਪੇਟ ਵਿਚ ਲੈ ਲਿਆ। ਸਿਆਲਾਂ ਦੀ ਇਕ ਰਾਤ ਨੂੰ ਜਦੋਂ ਸੱਜਣ ਸੀਰੀ ਨਾਲ ਟਾਹਲੀ ਆਲੇ ਖੇਤ ਪਾਣੀ ਲਾਉਣ ਗਿਆ ਸੀ, ਗੱਜੂ ਆਪਣੇ ਆਪ ਨਾਲ ਘੁਲਦਾ ਸੰਤੋ ਦੇ ਮੰਜੇ ਦੀ ਬਾਹੀ ਉਤੇ ਜਾ ਬੈਠਾ। ਕੰਬਦੇ ਹੱਥਾਂ ਨਾਲ ਉਸ ਸੰਤੋ ਦੀ ਬਾਂਹ ਨੂੰ ਹਲੂਣਿਆ। ਸੰਤੋ ਤ੍ਰਭਕ ਕੇ ਉਠੀ, ਜਿਵੇਂ ਕਿਸੇ ਸੁਪਨੇ ਵਿਚੋਂ ਜਾਗੀ ਹੋਵੇ। ਗੱਜੂ ਨੂੰ ਆਪਣੇ ਮੰਜੇ 'ਤੇ ਬੈਠਾ ਵੇਖ ਕੇ ਜਿਵੇਂ ਉਸ ਨੂੰ ਵਿਸ਼ਵਾਸ ਨਹੀਂ ਸੀ ਆ ਰਿਹਾ। ਇਕ ਵਾਰ ਤਾਂ ਉਸ ਨੂੰ ਸੱਜਣ ਦਾ ਝਉਲਾ ਵੀ ਪਿਆ, ਪਰ ਰਾਤ ਦੇ ਹਨੇਰੇ ਵਿਚ ਵੀ ਉਹ ਗੱਜੂ ਦੀ ਬੁਝੀ ਹੋਈ ਅੱਖ ਨੂੰ ਪਛਾਣ ਗਈ। ਉਸ ਅੰਦਰ ਜਿਵੇਂ ਕੋਈ ਸੁੱਤੀ ਹੋਈ ਬਘਿਆੜੀ ਜਾਗ ਪਈ ਹੋਵੇ। ਉਹ ਗੱਜੂ 'ਤੇ ਝਪਟਣ ਹੀ ਵਾਲੀ ਸੀ ਕਿ ਉਸ ਦੀ ਤ੍ਰੀਮਤ-ਸੂਝ ਬੋਲ ਪਈ, "ਸੰਤੋ ਬੰਦੀਏ, ਕੁਝ ਹੋਸ਼ ਕਰ।" ਸਾਰੀ ਸ਼ਕਤੀ 'ਕੱਠੀ ਕਰ ਕੇ ਉਸ ਨੇ ਆਪਣਾ ਗੁੱਸਾ ਕਾਬੂ ਕੀਤਾ ਤੇ ਬੋਲੀ, "ਗੱਜਣਾ, ਜੇ ਬੰਦੇ ਦਾ ਪੁੱਤ ਐਂ ਤਾਂ ਹੁਣੇ ਉਠ ਖੜ੍ਹ ਮੰਜੇ ਤੋਂ।"

ਗੱਜੂ ਦੇ ਸਿਰ ਉਤੇ ਜਿਵੇਂ ਕੋਤਰ-ਸੌ ਘੜਾ ਪਾਣੀ ਦਾ ਡੁੱਲ੍ਹ ਗਿਆ ਹੋਵੇ। ਸੰਤੋ ਨੂੰ ਉਹ ਇਕ ਸ਼ਬਦ ਵੀ ਨਾ ਕਹਿ ਸਕਿਆ। ਆਪਣੀ ਬਰਫ ਹੋਈ ਦੇਹ ਨੂੰ ਘਸੀਟਦਾ ਉਹ ਆਪਣੇ ਮੰਜੇ 'ਤੇ ਆ ਡਿੱਗਾ। ਗਈ ਰਾਤ ਤਕ ਉਹ ਛੱਤ ਦੀਆਂ ਛਤੀਰੀਆਂ ਵੱਲ ਵੇਖਦਾ ਰਿਹਾ। ਜਦੋਂ ਨੀਂਦ ਆਈ ਤਾਂ ਸੁਪਨੇ ਵੀ ਆਏ, ਸੁਪਨੇ ਜਿਨ੍ਹਾਂ ਵਿਚ ਘੋੜਿਆਂ 'ਤੇ ਚੜ੍ਹੀਆਂ ਤੀਮੀਆਂ ਉਸ ਦੀ ਹਿੱਕ ਉਤੋਂ ਦੀ ਦਗੜ-ਦਗੜ ਘੋੜੇ ਦਬੱਲੀ ਜਾਂਦੀਆਂ ਹਨ।

ਇਸ ਘਟਨਾ ਤੋਂ ਬਾਅਦ ਗੱਜੂ ਬਾਹਰਲੇ ਘਰ ਸੌਣ ਲੱਗ ਪਿਆ। ਇਸ ਘਟਨਾ ਤੋਂ ਬਾਅਦ ਗੱਜੂ ਮਰਜ਼ੀ ਨਾਲ ਕੋਈ ਕੰਮ ਕਰਦਾ, ਮਰਜ਼ੀ ਨਾਲ ਨਾ ਕਰਦਾ। ਗੱਜੂ ਨੂੰ ਕੋਈ ਤੋੜ ਜਿਹੀ ਲੱਗੀ ਰਹਿੰਦੀ ਤੇ ਉਹ ਇਸ ਤੋੜ ਨੂੰ ਕੰਡਾ ਖਾ ਕੇ ਤੋੜਨ ਦੀ ਕੋਸ਼ਿਸ ਕਰਦਾ। ਇਸ ਘਟਨਾ ਤੋਂ ਬਾਅਦ ਗੱਜੂ ਦਾ ਨੰਦ ਬੰਗਾਲੀ ਕੋਲ ਉਠਣ ਬਹਿਣ ਹੋ ਗਿਆ ਤੇ ਗੱਜੂ ਨੇ ਮੁੱਲ ਦੀ ਤੀਮੀਂ ਲਿਆਉਣ ਦਾ ਫੈਸਲਾ ਕਰ ਕੇ ਆਪਣੇ ਛੋਟੇ ਭਾਈ ਨੂੰ ਸੌ ਦੀ ਇਕ ਸੁਣਾਈ, "ਮੇਰੇ ਹਿੱਸੇ ਦੀ ਜਮੀਨ ਵੰਡ ਦੇਹ, ਨਹੀਂ ਤਾਂ ਪੰਚੈਤ 'ਕੱਠੀ ਕਰਨੀ ਪਊ।"

ਜਦੋਂ ਕੋਈ ਵੀ ਹੀਲਾ ਲੋਟ ਨਾ ਆਇਆ ਤਾਂ ਅਖੀਰ ਸੱਜਣ ਨੇ ਹਥਿਆਰ ਸੁੱਟ ਦਿੱਤੇ, "ਚੰਗਾ ਭਰਾਵਾ, ਜਿਮੇਂ ਤੇਰੀ ਮਰਜ਼ੀ ਐ ਕਰ ਲੈ। ਜਮੀਨ ਵਿਚ ਤੇਰਾ ਅੱਧ ਐ, ਪਰਸੋਂ ਵੰਡ ਲਾਂਗੇ। ਪੰਚੈਤ ਕਾਹਨੂੰ ਪਾਉਣੀ ਐ ਵਿਚਾਲੇ। ਐਮੇਂ ਕੋਈ ਕੁਸ਼ ਆਖੂ, ਕੋਈ ਕੁਸ਼। ਮੈਂ ਅੱਜ ਜਾ ਕੇ ਕੱਲ੍ਹ ਨੂੰ ਮਾਮੇ ਨੂੰ ਲੈ ਆਉਨਾਂ। ਘਰ ਦੀ ਗੱਲ ਘਰ ਵਿਚ ਨਿਬੜ ਜੂ।"

ਸੱਜਣ ਤਾਂ ਐਨੀ ਕਹਿ ਕੇ ਨਾਨਕੀਂ ਮਾਮੇ ਨੂੰ ਲੈਣ ਚਲਿਆ ਗਿਆ, ਪਰ ਸੰਤੋ ਆਪਣੇ ਆਪ ਨਾਲ ਉਲਝੀ ਰਹੀ। ਸੱਚੀ ਗੱਲ ਤਾਂ ਇਹ ਹੈ ਕਿ ਸੰਤੋ ਇਹ ਗੱਲ ਸੁਪਨੇ ਵਿਚ ਵੀ ਨਹੀਂ ਸੀ ਸੋਚ ਸਕਦੀ ਕਿ ਗੱਜੂ ਤੀਮੀਂ ਸੱਚਮੁੱਚ ਹੀ ਲੈ ਆਵੇਗਾ। ਭਿਣਕ ਤਾਂ ਉਹਨੂੰ ਮਹੀਨਾ ਭਰ ਪਹਿਲਾਂ ਹੀ ਪੈ ਗਈ ਸੀ ਜਦੋਂ ਗੱਜੂ ਨੰਦ ਬੰਗਾਲੀ ਕੋਲ ਜਾਣ ਆਉਣ ਲੱਗ ਪਿਆ ਸੀ, ਪਰ ਉਹ ਸੋਚਦੀ ਸੀ, ਐਵੇਂ ਦੋ ਚਾਰ ਦਿਨ ਦਾ ਪਾਲਗਪਣ ਐ, ਆਪੇ ਠੀਕ ਹੋ ਜੂ। ਪਰ ਉਹਨੂੰ ਕੀ ਪਤਾ ਸੀ, ਗੱਜੂ ਆਪਣੀ ਹਿੰਡ ਨੂੰ ਏਨੀ ਦੂਰ ਤਕ ਲੈ ਜਾਵੇਗਾ।

ਹੁਣ ਜਦੋਂ ਗੱਲ ਜਮੀਨ ਵੰਡਣ ਤਕ ਆ ਪਹੁੰਚੀ ਤਾਂ ਸੰਤੋ ਨੂੰ ਲੱਗਿਆ, ਉਸ ਦਾ ਤਾਂ ਬਣਿਆ ਬਣਾਇਆ ਘਰ ਢਹਿ-ਢੇਰੀ ਹੋਣ ਲੱਗਾ ਐ। ਅੱਠਾਂ ਵਿਚੋਂ ਚਾਰ ਕਿਲੇ ਗੱਜੂ ਲੈ ਜੂ ਤਾਂ ਉਹਦੇ ਦੋ ਪੁੱਤਾਂ ਪੱਲੇ ਕੀ ਪਊ? ਅੱਗ ਤੇ ਸੁਆਹ? ਚਾਰ ਕਿੱਲਿਆਂ ਨੂੰ ਤਾਂ ਕਿਸੇ ਧੀ ਵਾਲੇ ਨੇ ਇਸ ਘਰ ਵੱਲ ਮੂੰਹ ਵੀ ਨਹੀਂ ਕਰਨਾ।

ਇਕ ਨੂੰ ਤਾਂ ਦੋ ਹੀ ਆਏ? ਫੇਰ ਉਹ ਨਪੁੱਤਿਆਂ ਦੀ ਪਤਾ ਨੀ ਕੇਹੇ ਜੇ ਘਰ ਦੀ ਹੋਊ? ਕਿਸੇ ਮਾੜੀ-ਧੀੜੀ ਦੀ 'ਲਾਦ ਮੇਰੇ ਪੁੱਤਾਂ ਦੀ ਸ਼ਰੀਕ ਬਣੂੰ। ਸ਼ਰੀਕੇ ਦਾ ਦਾਗ ਆਪ ਨੂੰ ਕੇਹੜਾ ਨਹੀਂ ਲੱਗੂ। ਮੈਂ ਬੀ ਐਂਮੇਂ ਜਿੱਦ ਜਿੱਦ ਵਿਚ ਸਾਰੀ ਖੇਡ ਬਗਾੜ ਲੀ। ਕੋਈ ਬਗਾਨਾ ਤਾਂ ਨੀ ਸੀ, ਸੱਜਣ ਦਾ ਈ ਭਾਈ ਐ! ਉਹ ਵੀ ਤੀਮੀਂਆਂ ਨੇ ਜਿਹੜੀਆਂ ਸੱਤ ਬਗਾਨਿਆਂ ਨਾਲ ਜਾ ਕੇ ਖੇਹ ਖਾਂਦੀਆਂ ਨੇ। ਇਹ ਤਾਂ ਫਿਰ ਘਰ ਦੀ ਘਰ ਵਿਚ ਗੱਲ ਐ। ਨਾਲੇ ਮਾੜੀ ਗੱਲ ਤੇ ਤਾਂ ਹੋਵੇ, ਜੇ ਘਰ ਦਾ ਬੰਦਾ ਬੁਰੀ ਮੰਨੇ। ਸੱਜਣ ਤਾਂ ਆਪ ਕੈ ਬਾਰ ਆਨੀਂ ਬਹਾਨੀਂ ਕਹਿ ਬੈਠੇ! "ਜਾ ਨੀ ਸੰਤੋ ਕਮਲੀਏ, ਆਪਣੇ ਹੱਥੀਂ ਆਪਣੀ ਖੇਡ ਆਪ ਹੀ ਬਗਾੜੀ ਜਾਨੀ ਐਂ। ਜੱਗ ਵਿਚ ਤੈਨੂੰ ਕੌਣ ਸਿਆਣੀ ਆਖੂ...।"

ਸੋਚਾਂ ਸੋਚਦੀ ਸੰਤੋ ਨੂੰ ਰਾਤ ਪੈ ਗੀ। ਰੋਟੀ ਦਾ ਰਾੜ੍ਹਾ-ਬੀੜ੍ਹਾ ਕਰ ਕੇ ਉਸ ਨੇ ਗੜਬੀ ਚੁੱਕੀ ਤੇ ਪੰਪ ਤੋਂ ਭਰ ਲਈ। 'ਕੱਲੀ ਹੀ ਬਾਹਰ-ਕੰਨੀਂ ਚੱਲ ਪਈ। ਮੁੜਦੀ ਹੋਈ ਬੇਧੜਕ ਹੋ ਕੇ ਬਾਹਰਲੇ ਘਰ ਜਾ ਵੜੀ। ਗੱਜੂ ਮੰਜੇ 'ਚ ਪਿਆ ਖਊਂ-ਖਊਂ ਕਰ ਰਿਹਾ ਸੀ। ਉਸ ਦੇ ਮੰਜੇ ਦੀ ਬਾਹੀ 'ਤੇ ਬਹਿ ਕੇ ਉਹ ਭਰਜਾਈਆ ਵਾਲੇ ਮਿੱਠੇ ਅੰਦਾਜ਼ ਵਿਚ ਬੋਲੀ, "ਮਖਾਂ ਸੌਂ ਗਿਆ ਮਿੱਠੂ ਦੇ ਤਾਇਆ।" ਦੂਜੇ ਦਿਨ ਜਦੋਂ ਸੱਜਣ ਆਪਣੇ ਮਾਮੇ ਨੂੰ ਲੈ ਕੇ ਮੁੜਿਆ ਤਾਂ ਸੰਤੋ ਨੇ ਉਸ ਨੂੰ ਅੰਦਰ ਲਿਜਾ ਕੇ ਕਿਹਾ, "ਸਾਰਾ ਕੁਸ਼ ਠੀਕ-ਠਾਕ ਹੋ ਗਿਆ।


ਮੈਂ ਡੰਮ੍ਹ ਆਈ ਆਂ ਰਾਤ ਕਾਣੇ-ਬਹੇੜ ਦਾ ਮੱਥਾ।" ਸੁਣ ਕੇ ਸੱਜਣ ਨੂੰ ਜਿਵੇਂ ਪਹਿਲੇ ਤੋੜ ਦੀ ਦਾਰੂ ਅਰਗਾ ਨਸ਼ਾ ਆ ਗਿਆ ਹੋਵੇ। "ਓਏ ਨਹੀਂ ਰੀਸਾਂ ਬਸੰਤ ਕੁਰ ਦੀਆਂ" ਕਹਿ ਕੇ ਉਸ ਨੇ ਸੰਤੋ ਨੂੰ ਜੱਫੀ ਵਿਚ ਘੁੱਟ ਕੇ ਇਕ ਨਹੀਂ, ਸੌ ਵਾਰੀ ਚੁੰਮਿਆ।

# ਅਲਾਸਕਾ ਦੇ ਸਮੁੰਦਰੀ ਇਲਾਕੇ ਤੋਂ ਅਜੀਬ ਕਿਸਮ ਦਾ ਸਮੁੰਦਰ ਜੀਵ ਲੱਭਿਆ

ਅਲਾਸਕਾ ਦੇ ਸਮੁੰਦਰੀ ਇਲਾਕੇ ਤੋਂ ਇਕ ਅਜੀਬ ਜੀਵ ਮਿਲਿਆ ਹੈ, ਜਿਸਦਾ ਵੀਡੀਓ ਸੋਸ਼ਲ ਮੀਡੀਆ ਤੇ ਵਾਇਰਲ ਹੋਇਆ ਹੈ। ਐਂਗਲਰ ਸਰਾਹ ਵੇਸੇਰ ਅਲਫੋਰਡ ਨਾਂ ਦੀ ਔਰਤ ਨੇ ਤਿੰਨ ਹਫਤੇ ਪਹਿਲਾਂ ਆਪਣੇ ਫੇਸਬੁੱਕ ਵਾਲ 'ਤੇ ਇਸ ਸਮੁੰਦਰੀ ਜੀਵ ਦਾ ਵੀਡੀਓ ਸ਼ੇਅਰ ਕੀਤਾ ਸੀ। ਇਸ ਵੀਡੀਓ ਨੂੰ ਹੁਣ ਤੱਕ 12 ਲੱਖ ਤੋਂ ਜ਼ਿਆਦਾ ਲੋਕ ਦੇਖ ਚੁੱਕੇ ਹਨ।

ਕਈ ਫੇਸਬੁੱਕ ਯੂਜਰਸ ਨੇ ਇਸ ਜੀਵ ਨੂੰ ਅਜੀਬ ਤਾਂ ਕੁਝ ਨੇ ਏਲੀਅਨ ਦੱਸਿਆ ਹੈ। ਐਂਗਲਰ ਦੇ ਸ਼ੇਅਰ ਕੀਤੇ ਗਏ ਵੀਡੀਓ ਵਿਚ ਇਹ ਅਜੀਬ ਜੀਵ ਨਾਰੰਗੀ ਰੰਗ ਦਾ ਹੈ।

ਉਸਦੇ ਵਿਚਕਾਰ ਦਾ ਹਿੱਸਾ ਗੋਲ ਹੈ ਅਤੇ



ਉਸਦੇ ਚਾਰੇ ਪਾਸੇ ਪਿੱਪਲ ਵਾਂਗ ਸ਼ਿਰਾਵਾਂ ਫੈਲੀਆਂ ਹਨ। ਐਂਗਲਰ ਨੇ ਇਸ ਜੀਵ ਦਾ ਵੀਡੀਓ ਅਲਾਸਕਾ ਦੇ ਪ੍ਰਿੰਸ ਆਫ ਵੇਲਜ਼ ਦੀਪ ਦੇ ਸਮੁੰਦਰੀ ਤਟ 'ਤੇ ਬਣਾਇਆ ਸੀ।

ਐਂਗਲਰ ਨੇ ਆਪਣੇ ਫੇਸਬੁੱਕ ਪੋਸਟ ਤੇ ਦੱਸਿਆ ਕਿ ਇਸ ਅਜੀਬ ਜੀਵ ਦਾ ਨਾਂ ਬਾਸਕੇਟ ਸਟਾਰ ਹੈ। ਵੀਡੀਓ ਬਣਾਉਣ ਤੋਂ ਬਾਅਦ ਐਂਗਲਰ ਨੇ ਇਸ ਜੀਵ ਨੂੰ ਵਾਪਸ ਪਾਣੀ ਵਿਚ ਛੱਡ ਦਿੱਤਾ ਸੀ।

ਇਸ ਦੌਰਾਨ ਉਹਨਾਂ ਨੇ ਇਸ ਗੱਲ ਦਾ ਧਿਆਨ ਰੱਖਿਆ ਕਿ ਉਸਨੂੰ ਕਿਸੇ ਕਿਸਮ ਦੀ ਸੱਟ ਨਾ ਵੱਜੇ। ਉਹਨਾਂ ਦੀ ਇਸ ਵੀਡੀਓ ਨੂੰ ਹੁਣ ਤੱਕ 19500 ਤੋਂ ਜ਼ਿਆਦਾ ਵਾਰ ਸ਼ੇਅਰ ਕੀਤਾ ਗਿਆ ਹੈ, ਉਥੇ ਹੀ ਇਕ ਹਜ਼ਾਰ ਤੋਂ ਜ਼ਿਆਦਾ ਲੋਕਾਂ ਨੇ ਕਮੈਂਟ ਵੀ ਕੀਤੇ ਹਨ।

# ਮਨੁੱਖਾ ਜਨਮ ਅਤੇ ਇਸ ਗੋਚਰਾ ਕੰਮ



ਡਾ. ਸਰਦਾਰਾ ਸਿੰਘ ਗਿੱਲ

ਕੋਈ ਵੀ ਵਸਤੂ ਜੋ ਇਸ ਸੰਸਾਰ 'ਤੇ ਪ੍ਰਮਾਤਮਾ ਨੇ ਬਣਾਈ ਹੈ ਜਾਂ ਪ੍ਰਮਾਤਮਾ ਦੀ ਦਿੱਤੀ ਸੋਝੀ ਨਾਲ ਮਨੁੱਖ ਨੇ ਆਪ ਬਣਾਈ ਹੈ, ਉਸ ਦਾ ਕੋਈ ਨਾ ਕੋਈ ਮਕਸਦ ਹੈ। ਅਸੀਂ ਮਨੁੱਖ ਦੁਆਰਾ ਬਣਾਈਆਂ ਚੀਜ਼ਾਂ ਦੀ ਹੀ ਗੱਲ ਕਰ ਲਈਏ ਤਾਂ ਇਕ ਛੋਟੀ ਤੋਂ ਛੋਟੀ ਸੂਈ ਜਾਂ ਕਾਗ਼ਜ਼ ਨੂੰ ਲਾਉਣ ਵਾਲੀ ਪਿੰਨ ਦਾ ਵੀ ਮਕਸਦ ਹੈ। ਜੇ ਹਰ ਇਕ ਵਸਤੂ ਕਿਸੇ ਨਾ ਕਿਸੇ ਮਕਸਦ ਲਈ ਬਣਾਈ ਗਈ ਹੈ ਤਾਂ ਪ੍ਰਮਾਤਮਾ ਨੇ ਇਕ ਸਰਵੋਤਮ ਜੂਨ ਮਾਨੁਖ ਪੈਦਾ ਕੀਤਾ ਹੈ, ਇਸਦਾ ਕੀ ਕੰਮ ਹੈ?

ਕੀ ਰੋਜ਼ਮਰ੍ਹਾ ਦੀ ਜ਼ਿੰਦਗੀ ਦੇ ਕੰਮ ਜੋ ਅਸੀਂ ਕਰ ਰਹੇ ਹਾਂ, ਬੱਚੇ ਪੈਦਾ ਕਰ ਰਹੇ ਹਾਂ, ਉਹਨਾਂ ਦਾ ਪਾਲਣ-ਪੋਸ਼ਣ ਵਧੀਆ ਢੰਗ ਨਾਲ ਕਰ ਰਹੇ ਹਾਂ। ਰਾਤ ਦਿਨ ਪੈਸਾ ਕਮਾਉਣ ਲਈ ਦੌੜ-ਭੱਜ ਕਰਦੇ ਹਾਂ ਕਿ ਸਾਡਾ ਜ਼ਿੰਦਗੀ ਦਾ ਨਿਰਬਾਹ ਸਾਰਿਆਂ ਨਾਲੋਂ ਵਧੀਆ ਹੋਵੇ, ਕੋਈ ਸਾਡੇ ਬਰਾਬਰ ਦਾ ਨਾ ਹੋਵੇ। ਆਪਣੇ ਆਲੇ-ਦੁਆਲੇ ਸਮਾਜ ਵਿਚ ਰਹਿੰਦੇ ਹੋਏ ਲੜਾਈਆਂ-ਝਗੜੇ, ਠੱਗੀਆਂ, ਪਾਪ, ਬਲਾਤਕਾਰ, ਗੁੰਡਾਗਰਦੀ, ਅਤਿਆਚਾਰ ਕਰਦੇ ਹਾਂ। ਕੀ ਇਹੀ ਜ਼ਿੰਦਗੀ ਹੈ? ਸਾਡੇ ਨਾਲੋਂ ਤਾਂ ਪਸ਼ੂ ਪੰਛੀ ਹੀ ਚੰਗੇ ਹਨ ਜੋ ਬੱਚੇ ਪਾਲਣ-ਪੋਸ਼ਣ, ਖਾਣ-ਪੀਣ, ਇਕ ਸੀਜ਼ਨ ਦੇ ਰੈਣ ਬਸੇਰੇ ਆਲ੍ਹਣੇ ਨਾਲੋਂ ਵੱਧ ਕੁੱਝ ਨਹੀਂ ਕਰਦੇ ਅਤੇ ਬਾਕੀ ਦੇ ਉਪਰ ਗਿਣਾਏ ਘਟੀਆ ਕੰਮ ਤਾਂ ਜਾਨਵਰਾਂ ਨਾਲੋਂ ਵੀ ਭੈੜੇ ਹਨ ਜੋ ਅਸੀਂ ਕਰ ਰਹੇ ਹਾਂ।

ਲੋਭ ਵਸ ਭਰਾ-ਭਰਾ ਨੂੰ ਮਾਰ ਰਿਹਾ ਹੈ, ਪਿਓ ਪੁੱਤ ਇਕ ਦੂਜੇ ਦੇ ਦੁਸ਼ਮਣ ਬਣੇ ਹੋਏ ਹਨ। ਦੋਸਤ-ਦੋਸਤ ਨੂੰ ਅਤੇ ਇੱਥੋਂ ਤੱਕ ਕਿ ਵਿਆਹੀ ਦੰਪਤੀ ਵੀ ਇਕ-ਦੂਜੇ ਦੀ ਦੁਸ਼ਮਣ ਬਣੀ ਹੋਈ ਹੈ। ਅਹੰਕਾਰ ਵੱਸ ਅਸੀਂ ਦੂਜੇ ਨੂੰ ਨੀਚਾ ਦਿਖਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਗਾ ਦਿੰਦੇ ਹਾਂ, ਵੱਡੀਆਂ ਕੋਠੀਆਂ, ਵੱਡੀਆਂ ਕਾਰਾਂ ਅਤੇ ਫਿਰ ਉਸ ਵਿਚ ਤੁਰਨ-ਫਿਰਨ ਦਾ ਢੰਗ ਵੀ ਸਾਡਾ ਨਿਰਾਲਾ ਹੁੰਦਾ ਹੈ ਕਿ ਸਰੀਰ ਨੂੰ ਇਸ ਢੰਗ ਨਾਲ ਆਕੜ ਕੇ ਚੱਲਦੇ ਹਾਂ ਕਿ ਕਈ ਵਾਰ ਸਰੀਰ ਦਾ ਆਕਾਰ ਹੀ ਵਿਗੜ ਜਾਂਦਾ ਹੈ। ਇਸੇ ਤਰ੍ਹਾਂ ਹੋਰ ਜੋ ਵਿਕਾਰ ਹਨ, ਉਹਨਾਂ ਅਧੀਨ ਅਸੀਂ ਆਪਣੀ ਜ਼ਿੰਦਗੀ ਦੇ ਪਲ ਬਤੀਤ ਕਰੀ ਜਾ ਰਹੇ ਹਾਂ ਅਤੇ ਇਸ ਜ਼ਿੰਦਗੀ ਦਾ ਜੋ ਪ੍ਰਤੀਬਿੰਬ ਅਸੀਂ ਬਣਾ ਦਿੱਤਾ ਹੈ, ਕੀ ਦੇਵੀ-ਦੇਵਤੇ ਇਸੇ ਜ਼ਿੰਦਗੀ ਨੂੰ ਪਾਉਣ ਅਤੇ ਜਿਊਣ ਵਾਸਤੇ ਤਰਸਦੇ ਹਨ। ਗੁਰਬਾਣੀ ਵਿਚ ਗੁਰੂ ਸਾਹਿਬ ਫ਼ਰਮਾਉਂਦੇ ਹਨ:

ਇਸ ਦੇਹੀ ਕਉ ਸਿਮਰਹਿ ਦੇਵ॥ ਸੋ ਦੇਹੀ ਭਜੁ ਹਰਿ ਕੀ ਸੇਵ॥

ਦੇਵੀ ਦੇਵਤੇ ਜੋ ਕਿ ਇਕ ਭੋਗ ਜੂਨੀਆਂ ਵਿਚ ਹਨ ਅਤੇ ਉਹਨਾਂ ਜੂਨਾਂ ਵਿਚ ਸਮਾਂ ਖਤਮ ਹੋਣ ਤੋਂ ਬਾਅਦ ਉਹਨਾਂ ਨੂੰ ਫਿਰ ਇਸ ਗੇੜ ਵਿਚ ਆਉਣਾ ਪੈਂਦਾ ਹੈ ਅਤੇ ਉਹ ਮਨੁੱਖ ਜਨਮ ਨੂੰ ਤਰਸਦੇ ਹਨ, ਕਿਉਂਕਿ ਇਕ ਮਾਨੁਖ ਜਨਮ ਵਿਚ ਹੀ ਪ੍ਰਮਾਤਮਾ ਦੀ ਭਗਤੀ ਕਰਕੇ ਇਸ ਭਵ ਸਾਗਰ ਤੋਂ ਪਾਰ ਉਤਾਰਾ ਹੋ ਸਕਦਾ ਹੈ।

ਗੁਰੂ ਸਾਹਿਬ ਆਖਦੇ ਹਨ ਕਿ ਪ੍ਰਮਾਤਮਾ ਨੇ ਇਸ ਸੰਸਾਰ ਦੀ ਰਚਨਾ ਕੀਤੀ। ਇਸ ਵਿਚ 84 ਲੱਖ ਕਿਸਮ ਦੀਆਂ ਜੂਨੀਆਂ ਪੈਦਾ ਕੀਤੀਆਂ ਹਨ ਜੋ ਕਿ ਅੰਡਜ, ਜੇਰਜ, ਸੇਤਜ ਤੇ ਉਤਭਜ ਕਿਸਮ ਦੀਆਂ ਹਨ। ਕੁੱਝ ਅੰਡਿਆਂ ਤੋਂ ਪੈਦਾ ਹੁੰਦੀਆਂ ਹਨ, ਕੁਝ ਜੇਰ ਰਾਹੀਂ, ਕੁਝ ਬਨਸਪਤੀ ਅਤੇ ਕੁਝ ਪਸੀਨੇ ਸਿੱਲ੍ਹ ਇਨਫੈਕਸ਼ਨ ਨਾਲ ਪੈਦਾ ਹੋਣ ਵਾਲੇ ਜੀਵ ਹਨ। ਇਹਨਾਂ ਸਾਰੀਆਂ ਜੂਨਾਂ ਤੋਂ ਸਰਵੋਤਮ ਜੂਨ ਮਨੁੱਖ ਦੀ ਬਣਾਈ ਗਈ ਹੈ ਅਤੇ ਇਸ ਜੂਨ ਨੂੰ ਬਣਾਉਣ ਦਾ ਮੁੱਖ ਉਦੇਸ਼ ਸੀ ਕਿ ਮਨੁੱਖ ਪ੍ਰਮਾਤਮਾ ਦੇ ਨਾਮ ਦਾ ਸਿਮਰਨ ਕਰਕੇ ਉਸ ਨਾਲ ਮਿਲਾਪ ਕਰ ਲਵੇ।

ਭਈ ਪਰਾਪਤਿ ਮਾਨੁਖ ਦੇਹੁਰੀਆ
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ
ਅਵਰ ਕਾਜ ਤੇਰੇ ਕਿਤੈ ਨਾ ਨਾਮ
ਮਿਲ ਸਾਧ ਸੰਗਤ ਭਜੁ ਕੇਵਲ ਨਾਮ

ਗੁਰੂ ਸਾਹਿਬ ਕਹਿੰਦੇ ਹਨ ਕਿ ਇਸ ਜਨਮ ਵਿਚ ਤੈਨੂੰ ਪ੍ਰਮਾਤਮਾ ਨੂੰ ਮਿਲਣ ਦੀ ਵਾਰੀ ਹੈ, ਹੋਰ ਕੰਮਕਾਜ ਤਾਂ ਜ਼ਿੰਦਗੀ ਦੇ ਨਿਰਬਾਹ ਵਾਸਤੇ ਹਨ। ਇਹ ਕਿਸੇ ਕੰਮ ਨਹੀਂ ਆਉਣੇ। ਸਾਧੂ ਦੀ ਸ਼ਰਨ ਵਿਚ ਜਾ ਕੇ ਹਰਿ ਪ੍ਰਭੂ ਦਾ ਨਾਮ ਸਿਮਰਨ ਕਰ।

ਗੁਰੂ ਸਾਹਿਬ ਆਖਦੇ ਹਨ ਕਿ ਜੇ ਤੂੰ ਇਹ ਕੰਮ ਜੋ ਪ੍ਰਭੂ ਦਾ ਨਾਮ ਸਿਮਰਨ ਹੈ, ਨਹੀਂ ਕੀਤਾ, ਉਹ ਮੁੜ 84 ਦੇ ਚੱਕਰ ਵਿਚ ਪੈ ਜਾਵੇਗਾ। ਪਹਿਲਾਂ ਹੀ ਪਤਾ ਨਹੀਂ ਕਿਤਨੇ ਸਮੇਂ ਦੇ ਬਾਅਦ ਸਾਨੂੰ ਇਹ ਮਨੁੱਖਾ ਜਨਮ ਮਿਲਿਆ ਹੈ। ਅਸੀਂ ਪਤਾ ਨਹੀਂ ਕਿਤਨੇ ਜਨਮ ਕੀੜੇ, ਮਕੌੜੇ, ਪਤੰਗੇ, ਹਾਥੀ, ਮੱਛੀ, ਹਿਰਨ ਅਤੇ ਹੋਰ ਰੀੜ੍ਹ ਵਾਲੇ ਜਾਨਵਰ, ਪੰਛੀ, ਸੱਪ, ਰੁੱਖ, ਭੂਤ-ਪ੍ਰੇਤ ਬਲਦ ਆਦਿ ਜੂਨੀਆਂ ਭੋਗ ਕੇ ਆਏ ਹਾਂ ਤਾਂ ਜਾ ਕੇ ਸਾਨੂੰ ਇਹ ਮਨੁੱਖਾ ਜਨਮ ਨਸੀਬ ਹੋਇਆ ਹੈ, ਬਹੁਤ ਸਮੇਂ ਬਾਅਦ। ਅਤੇ ਹੁਣ ਇਹ ਪ੍ਰਭੂ, ਪ੍ਰਮਾਤਮਾ, ਪ੍ਰੀਤਮ ਨੂੰ ਮਿਲਣ ਦੀ ਵਾਰੀ ਹੈ।

ਕਈ ਜਨਮ ਭਏ ਕੀਟ ਪਤੰਗ॥
ਕਈ ਜਨਮ ਗਜ ਮੀਨ ਕੁਰੰਗ॥
ਕਈ ਜਨਮ ਪੰਖੀ ਸਰਪ ਹੋਇਓ॥
ਕਈ ਜਨਮ ਹੈਵਰ ਬ੍ਰਿਖ ਜੋਇਓ॥
ਮਿਲੁ ਜਗਦੀਸ ਮਿਲਨ ਕੀ ਬਰੀਆ॥
ਚਿਰੰਕਾਲ ਇਹ ਦੇਹ ਸੰਜਰੀਆ॥ (ਰਹਾਓ)
(ਗੁਰੂ ਅਰਜਨ ਦੇਵ ਜੀ)

ਸੋ, ਇਸ ਮਨੁੱਖਾ ਜਨਮ ਵਿਚ ਉਸ ਪ੍ਰਮਾਤਮਾ ਨੂੰ ਹੀ ਮਿਲਣਾ ਹੈ। ਗੁਰੂ ਸਾਹਿਬ ਫ਼ਰਮਾਉਂਦੇ ਹਨ ਕਿ ਜੇ ਮਨੁੱਖ ਜਨਮ ਵਿਚ ਸਾਡਾ ਇਹ ਮਕਸਦ ਪੂਰਨ ਨਹੀਂ ਹੁੰਦਾ ਤਾਂ ਦੁਬਾਰਾ 84 ਦੇ ਜਨਮ ਮਰਨ ਦਾ ਗੇੜ ਤਿਆਰ ਬੈਠਾ ਹੈ।

ਲਖ ਚਉਰਾਸੀਹ ਜੋਨਿ ਸਬਾਈ
ਮਾਨਸ ਕਉ ਪ੍ਰਭਿ ਦੀ ਈ ਵਡਿਆਈ॥
ਇਸ ਪਉੜੀ ਤੇ ਜੋ ਨਰੁ ਚੂਕੈ
ਸੋ ਆਇ ਜਾਇ ਦੁਖ ਪਾਇਦਾ॥
(ਗੁਰੂ ਅਰਜਨ ਦੇਵ ਜੀ)

ਜਿਸ ਤਰ੍ਹਾਂ 84 ਲੱਖ ਮੰਜ਼ਿਲ ਦੀ ਇਮਾਰਤ ਬਣੀ ਹੋਵੇ ਅਤੇ ਉਸ ਨੂੰ ਇਕ 84 ਲੱਖ ਡੰਡਿਆਂ ਵਾਲੀ ਪਾਉੜੀ ਲੱਗੀ ਹੋਵੇ ਅਤੇ ਅਸੀਂ ਇਕ-ਇਕ ਜੂਨ ਭੁਗਤਦੇ ਹੋਏ ਇਸ ਅਖੀਰਲੇ ਡੰਡੇ 'ਤੇ ਪਹੁੰਚ ਜਾਈਏ ਅਤੇ ਇਸ ਤੋਂ ਬਾਅਦ ਅਸੀਂ ਪ੍ਰਮਾਤਮਾ ਦੇ ਦੁਆਰ ਦੇ ਅੰਦਰ ਵੜਨਾ ਹੋਵੇ ਪਰ ਅਸੀਂ ਅੰਦਰ ਨਾ ਵੜ ਸਕੀਏ। ਭਾਵ ਪ੍ਰਭੂ ਦਾ ਸਿਮਰਨ ਕਰਕੇ ਉਸ ਨਾਲ ਮਿਲਾਪ ਨਾ ਕਰ ਸਕੀਏ ਅਤੇ ਸਾਡੀ ਸਵਾਸਾਂ ਰੂਪੀ ਪੂੰਜੀ ਖਤਮ ਹੋ ਜਾਵੇ ਤਾਂ ਸਮਝੋ ਕਿ ਉਸ ਅਖੀਰਲੇ ਡੰਡੇ ਤੋਂ ਸਾਡਾ ਹੱਥ ਛੁਟ ਗਿਆ ਅਤੇ ਅਸੀਂ ਸਭ ਤੋਂ ਹੇਠਲੀ ਮੰਜ਼ਿਲ ਭਾਵ ਨੀਚੇ ਦੀਆਂ ਜੂਨਾਂ ਵਿਚ ਆਣ ਕੇ ਡਿੱਗ ਪਏ। ਅਤੇ ਫਿਰ ਪਤਾ ਨਹੀਂ ਕਿਤਨੇ ਜਨਮਾਂ, ਜੂਨੀਆਂ ਤੋਂ ਬਾਅਦ ਸਾਨੂੰ ਇਹ ਮਾਨੁਖ ਜਨਮ ਮਿਲੇਗਾ ਅਤੇ ਅਸੀਂ ਪ੍ਰਮਾਤਮਾ ਦੀ ਮੰਜ਼ਿਲ ਦੇ ਹੱਕਦਾਰ ਹੋਵਾਂਗੇ।

ਜਦ ਅਸੀਂ ਸੰਸਾਰ 'ਤੇ ਜਨਮ ਲਿਆ ਤਾਂ ਪ੍ਰਮਾਤਮਾ ਨੇ ਸਾਨੂੰ ਸਵਾਸਾਂ ਰੂਪੀ ਪੂੰਜੀ ਦੇ ਕੇ ਭੇਜਿਆ ਕਿ ਇਹਨਾਂ ਨਾਲ ਜ਼ਿੰਦਗੀ ਬਸਰ ਕਰਕੇ ਮੇਰੇ ਨਾਮ ਦੀ ਵਸਤੂ ਦਾ ਵਪਾਰ ਕਰਕੇ ਆਉਣਾ ਹੈ।

ਵਣਜੁ ਕਰਹੁ ਵਣਜਾਰਿਹੋ ਵਖਰੁ ਲੇਹੁ ਸਮਾਲਿ॥
ਤੈਸੀ ਵਸਤੁ ਵਿਸਾਹੀਐ ਜੈਸੀ ਨਿਬਹੈ ਨਾਲਿ॥
ਅਗੈ ਸਾਹੁ ਸੁਜਾਣੁ ਹੈ ਲੈਸੀ ਵਸਤੁ ਸਮਾਲਿ॥
ਭਾਈ ਰੇ ਰਾਮੁ ਕਹਹੁ ਚਿਤੁ ਲਾਇ
ਹਰਿ ਜਸੁ ਵਖਰੁ ਲੈ ਚਲਹੁ ਸਹੁ ਦੇਖੈ ਪਤੀਆਇ।
(ਗੁਰੂ ਨਾਨਕ ਦੇਵ ਜੀ)

ਗੁਰੂ ਸਾਹਿਬ ਸਮਝਾਉਂਦੇ ਹਨ ਕਿ ਹੇ ਮਿੱਤਰ ਪਿਆਰਿਓ। ਸਵਾਸਾਂ ਦੀ ਪੂੰਜੀ ਲੈ ਕੇ ਆਏ ਵਣਜਾਰਿਓ ਜੋ ਪ੍ਰਭੂ ਦੇ ਨਾਮ ਦੀ ਵਸਤੂ ਤੁਹਾਡੇ ਨਾਲ ਜਾਣੀ ਹੈ, ਉਸ ਦਾ ਹੀ ਵਪਾਰ ਕਰਿਓ ਅਤੇ ਉਹੀ ਨਾਮ ਰੂਪੀ ਵਸਤੂ ਹੀ ਇਕੱਠੀ ਕਰਿਓ। ਇਸ ਨਾਮ ਰੂਪੀ ਵਸਤੂ ਨੂੰ ਦੇਖ ਕੇ ਪ੍ਰਭੂ ਖੁਸ਼ ਹੋ ਜਾਵੇਗਾ ਅਤੇ ਇਸ ਨੂੰ ਸੰਭਾਲ ਲਵੇਗਾ।

ਪ੍ਰਭੂ ਦਾ ਨਾਮ ਜਿਸ ਦਾ ਅਸੀਂ ਸਿਮਰਨ ਕਰਨਾ ਹੈ, ਕੀ ਹੈ, ਕਿੱਥੋਂ ਮਿਲਣਾ ਹੈ ਆਦਿ ਚਰਚਾ ਅਗਲੇ ਲੇਖਾਂ ਵਿਚ ਕਰਾਂਗੇ।

# ਪੰਜਾਬ ਦੀ ਨਵੀਂ ਸਮੱਸਿਆ ਬਣੇ ਅਵਾਰਾ ਪਸ਼ੂ !



ਬਲਰਾਜ ਸਿੰਘ ਸਿੱਧੂ
ਐਸ. ਪੀ.
9815124449

ਲੋਕਾਂ ਦਾ ਲਹੂ ਪੀਣ ਲਈ ਪੰਜਾਬ ਵਿੱਚ ਕੋਈ ਨਾ ਸਮੱਸਿਆ ਪੈਦਾ ਹੋ ਹੀ ਜਾਂਦੀ ਹੈ। ਪੈਪਸੂ (1948 ਤੋਂ 1956) ਵੇਲੇ ਮਾਲਵੇ ਵਿੱਚ ਖੂੰਖਾਰ ਡਾਕੂਆਂ ਦੇ ਗੈਂਗ ਲੋਕਾਂ ਨੂੰ ਲੁੱਟਦੇ ਹੁੰਦੇ ਸਨ। ਇਸ ਤੋਂ ਬਾਅਦ ਨਕਸਲਬਾੜੀ (1967 ਤੋਂ 1970-71) ਆਏ ਜਿਹਨਾਂ ਨੇ ਕਈ ਸਾਲ ਲੋਕਾਂ ਨੂੰ ਗਧੀ ਗੇੜ ਪਾਈ ਰੱਖਿਆ। ਉਹ ਵੱਡੇ ਜਗੀਰਦਾਰਾਂ ਅਤੇ ਸਰਮਾਏਦਾਰਾਂ ਦਾ ਕਤਲ ਕਰਦੇ ਸਨ। ਫਿਰ ਪੰਜਾਬ ਦਾ ਸਭ ਤੋਂ ਵੱਡਾ ਖੂਨੀ ਦੌਰ ਅੱਤਵਾਦ ਸ਼ੁਰੂ ਹੋਇਆ। ਹਜ਼ਾਰਾਂ ਬੇਗੁਨਾਹ ਪੰਜਾਬੀ ਇਸ ਕਾਲੇ ਸਮੇਂ ਦੀ ਭੇਂਟ ਚੜ੍ਹ ਗਏ। 1993 ਤੋਂ ਬਾਅਦ ਅਮਨ ਸ਼ਾਂਤੀ ਪਰਤੀ ਤਾਂ ਨਸ਼ੇ ਦੇ ਸਮੱਗਲਰਾਂ ਅਤੇ ਗੁੰਡਾ ਗੈਂਗਾਂ (ਗੈਂਗਸਟਰ) ਦੀ ਨਵੀਂ ਬਿਮਾਰੀ ਪੰਜਾਬ ਨੂੰ ਆਣ ਚੰਬੜੀ। ਖੈਰ ਹੌਲੀ ਹੌਲੀ ਬਹੁਤੇ ਗੈਂਗਸਟਰ ਜਾਂ ਤਾਂ ਮਾਰੇ ਜਾ ਚੁੱਕੇ ਹਨ ਜਾਂ ਗ੍ਰਿਫਤਾਰ ਕਰ ਲਏ ਗਏ। ਪਰ ਹੁਣ ਇੱਕ ਅਜਿਹਾ ਚੁੱਪ ਚੁਪੀਤਾ ਦੁਸ਼ਮਣ ਸੜਕਾਂ 'ਤੇ ਦਨਦਨਾਉਂਦਾ ਫਿਰ ਰਿਹਾ ਹੈ ਜਿਸ ਦੇ ਅੱਗੇ ਪੁਲਿਸ ਅਤੇ ਸਰਕਾਰ ਦੇ ਵੀ ਹੱਥ ਖੜੇ ਹੋ ਗਏ ਹਨ। ਅਖਬਾਰਾਂ ਵਿੱਚ ਰੋਜ਼ਾਨਾਂ ਦੋ ਚਾਰ ਲੋਕਾਂ ਦੇ ਅਵਾਰਾਂ ਪਸ਼ੂਆਂ ਕਾਰਨ ਮਾਰੇ ਜਾਣ ਦੀਆਂ ਖਬਰਾਂ ਛਪ ਰਹੀਆਂ ਹਨ।

ਪੰਜਾਬ ਦੀਆਂ ਸੜਕਾਂ 'ਤੇ ਘੁੰਮਣ ਵਾਲੇ ਅਵਾਰਾ ਪਸ਼ੂਆਂ ਵਿੱਚ 90% ਗਿਣਤੀ ਕੁੱਤਿਆਂ, ਢੰਡਰ ਗਾਵਾਂ ਅਤੇ ਸਾਹਨਾਂ ਦੀ ਹੈ। ਪਹਿਲਾਂ ਸ਼ਹਿਰਾਂ-ਪਿੰਡਾਂ ਵਿੱਚ ਸੈਰ ਕਰਨ ਜਾਂ ਖੇਤਾਂ ਵੱਲ ਜਾਣ ਲੱਗੇ ਲੋਕ ਛੋਟਾ ਮੋਟਾ ਡੰਡਾ ਜਾਂ ਛੜੀ ਲੈ ਕੇ ਜਾਂਦੇ ਸੀ ਕਿ ਜੇ ਕੁੱਤਾ ਪੈ ਗਿਆ ਤਾਂ ਡਰਾ ਕੇ ਭਜਾ ਦਿਆਂਗੇ। ਪਰ ਹੁਣ ਅਵਾਰਾ ਸਾਹਨਾਂ 'ਤੇ ਕਿਸੇ ਡੰਡੇ ਦਾ ਕੀ, ਡਾਂਗ ਦਾ ਵੀ ਅਸਰ ਨਹੀਂ ਹੁੰਦਾ। ਉਸ ਜਿਸ ਨੂੰ ਚਾਹੁਣ ਸਿੰਗਾਂ 'ਤੇ ਚੁੱਕ ਲੈਂਦੇ ਹਨ। ਸੋਸ਼ਲ ਮੀਡੀਆ 'ਤੇ ਇਹਨਾਂ ਵੱਲੋਂ ਕਤਲ ਕੀਤੇ ਅਨੇਕਾਂ ਲੋਕਾਂ ਦੀਆਂ ਵੀਡੀਓ ਵਾਇਰਲ ਹੋਈਆਂ ਹਨ। ਪਿੱਛੇ ਜਿਹੇ ਸੁਨਾਮ ਵਿੱਚ ਇਕ ਹੋਮ ਗਾਰਡ ਦੇ ਜਵਾਨ ਨੂੰ ਸਾਹਨ ਨੇ ਪਟਕਾ ਦਿੱਤਾ ਸੀ ਜਿਸ ਕਾਰਨ ਉਸ ਦੀ ਮੌਤ ਹੋ ਗਈ। ਜੇ ਇਨਸਾਨ ਨੂੰ ਕੁੱਤਾ ਜਾਂ ਸੱਪ ਵੱਢ ਲਵੇ ਤਾਂ ਉਸ ਨੂੰ ਮਿੰਟਾਂ ਵਿੱਚ ਮਾਰ ਮੁਕਾ ਦਿੱਤਾ ਜਾਂਦਾ ਹੈ। ਪਰ ਸਿਤਮ ਇਹ ਹੈ ਕਿ ਧਾਰਮਿਕ ਪ੍ਰਤੀਕਿਰਿਆ ਤੋਂ ਡਰਦੇ ਮਾਰੇ ਕੋਈ ਖੂਨੀ ਸਾਹਨ ਨੂੰ ਮਾਰਨ ਬਾਰੇ ਕੀ, ਕੁੱਟਣ ਬਾਰੇ ਵੀ ਨਹੀਂ ਸੋਚ ਸਕਦਾ। ਇਹਨਾਂ ਜਨਵਰਾਂ ਦੀ ਰਾਖੀ ਲਈ ਬਹੁਤ ਸਾਰੇ ਦਲ ਬਣੇ ਹੋਏ ਹਨ ਜੋ ਗਾਵਾਂ ਸਾਹਨਾਂ ਨੂੰ ਬਚਾਉਣ ਦੇ ਨਾਮ 'ਤੇ ਕਿਸੇ ਉਪਰ ਵੀ ਹਮਲਾ ਕਰ ਕੇ ਕਤਲ ਤੱਕ ਕਰ ਦਿੰਦੇ ਹਨ। ਇਹਨਾਂ ਤੋਂ ਡਰਦੇ ਮਾਰੇ ਤਾਂ ਹੁਣ ਮਿਉਂਸਪਲ ਕਮੇਟੀਆਂ ਦੇ ਕਰਮਚਾਰੀ ਵੀ ਗਾਵਾਂ ਨੂੰ ਗਉਸ਼ਾਲਾ ਜਮ੍ਹਾਂ ਕਰਾਉਣ ਲਈ ਗੱਡੀਆਂ ਵਿੱਚ ਲੱਦਣ ਤੋਂ ਡਰਦੇ ਹਨ ਕਿ ਕਿਤੇ ਗਊ ਰੱਖਿਅਕ ਦਲ ਬੁੱਚੜ ਸਮਝ ਕੇ ਹਮਲਾ ਨਾ ਕਰ ਦੇਣ। ਇਸ ਕਾਰਨ ਹੀ ਪੰਜਾਬ ਵਿੱਚ ਦੁਧਾਰੂ ਪਸ਼ੂਆਂ ਦਾ ਵਪਾਰ ਤਬਾਹ ਹੋਣ ਕੰਢੇ ਹੈ, ਵਪਾਰੀ ਪੰਜਾਬ ਵੱਲ ਮੂੰਹ ਨਹੀਂ ਕਰਦੇ। ਸ਼ਹਿਰਾਂ ਵਿੱਚ ਅਵਾਰਾ ਜਾਨਵਰਾਂ ਦੇ ਝੁੰਡਾਂ ਦੇ ਝੁੰਡ ਫਿਰਦੇ ਹਨ। ਇਹ ਗਰਮੀਆਂ ਵਿੱਚ ਗੱਡੀਆਂ ਲੰਘਣ ਨਾਲ ਵਗਣ ਵਾਲੀ ਹਵਾ ਕਾਰਨ ਰਾਤ ਨੂੰ ਸੜਕਾਂ 'ਤੇ ਬੈਠ ਜਾਂਦੇ ਹਨ। ਸਭ ਤੋਂ ਖਤਰਨਾਕ ਕਾਲੀਆਂ ਗਾਵਾਂ ਹਨ, ਜੋ ਹਨੇਰੇ ਵਿੱਚ ਨਾ ਦਿਸਣ ਕਾਰਨ ਅਨੇਕਾਂ ਹਾਦਸਿਆਂ ਦਾ ਕਾਰਨ ਬਣ ਰਹੀਆਂ ਹਨ। ਹੁਣ ਤੱਕ ਸੈਂਕੜੇ ਲੋਕ ਇਹਨਾਂ ਹਾਦਸਿਆਂ ਦਾ ਸ਼ਿਕਾਰ ਹੋ ਚੁੱਕੇ ਹਨ। ਸਭ ਤੋਂ ਤਰਸਯੋਗ ਹਾਲਤ ਦੋ ਪਹੀਆ ਵਾਹਨਾਂ ਵਾਲਿਆਂ ਦੀ ਹੈ। ਜਾਂ ਤਾਂ ਉਹਨਾਂ ਦੇ ਟਾਇਰਾਂ ਵਿੱਚ ਕੁੱਤਾ ਆ ਫਸਦਾ ਹੈ ਜਾਂ ਗਾਂ



ਅੱਗੇ ਆ ਜਾਂਦੀ ਹੈ, ਦੋਵਾਂ ਹਾਲਤਾਂ ਵਿੱਚ ਮੌਤ ਨਿਸ਼ਚਤ ਹੈ। ਸਾਹਨਾਂ ਦੀ ਸਭ ਤੋਂ ਬੁਰੀ ਆਦਤ ਹੈ ਕਿ ਇਹ ਇੱਕ ਦੂਸਰੇ ਨੂੰ ਬਿਲਕੁਲ ਵੀ ਬਰਦਾਸ਼ਤ ਨਹੀਂ ਕਰਦੇ। ਜਦੋਂ ਵੀ ਆਹਣਾ ਸਾਹਮਣਾ ਹੁੰਦਾ ਹੈ, ਆਪਸ ਵਿੱਚ ਭਿੜ ਪੈਂਦੇ ਹਨ। ਉਸ ਵੇਲੇ ਜੋ ਵੀ ਵਿਅਕਤੀ, ਬੱਚਾ, ਵਹੀਕਲ ਅਤੇ ਰੇਹੜੀ ਵਿੱਚ ਆ ਜਾਵੇ, ਦਰੜੀ ਜਾਂਦੀ ਹੈ। ਇਸੇ ਕਾਰਨ ਗਉਸ਼ਾਲਾ ਵਾਲੇ ਸਾਹਨਾਂ ਨੂੰ ਨਹੀਂ ਰੱਖਦੇ। ਵੈਸੇ ਵੀ ਬਹੁਤੀਆਂ ਗਉਸ਼ਾਲਾ ਡੇਅਰੀ ਫਾਰਮਾਂ ਵਿੱਚ ਤਬਦੀਲ ਹੋ ਗਈਆਂ ਹਨ। ਉਹ ਵੀ ਦੁਧਾਰੂ ਗਾਵਾਂ ਰੱਖਣ ਨੂੰ ਤਰਜ਼ੀਹ ਦਿੰਦੇ ਹਨ ਤੇ ਫੰਡਰ ਗਾਂ ਨੂੰ ਡੰਡੇ ਮਾਰ ਕੇ ਭਜਾ ਦਿੰਦੇ ਹਨ। ਦੁੱਧ ਵਾਲੀਆਂ ਗਊਆਂ ਨੂੰ ਹੋਰ ਪੱਠੇ ਪੈਂਦੇ ਹਨ ਤੇ ਫੰਡਰਾਂ ਨੂੰ ਹੋਰ। ਇਸੇ ਕਾਰਨ ਅਨੇਕਾਂ ਗਉਸ਼ਾਲਾਂ ਵਿੱਚ ਥੋਕ ਦੇ ਭਾਅ ਗਾਵਾਂ ਮਰਨ ਦੀ ਖਬਰ ਆਉਂਦੀ ਰਹਿੰਦੀ ਹੈ। ਵੈਸੇ ਭਾਰਤ ਵਿੱਚ ਗਾਵਾਂ ਦੀ ਰਾਖੀ ਲਈ ਹਜ਼ਾਰਾਂ ਕਥਿਤ ਜਥੇਬੰਦੀਆਂ ਕੰਮ ਕਰ ਰਹੀਆਂ ਹਨ। ਪਰ ਉਹ ਸਿਰਫ ਉਦੋਂ ਸਰਗਰਮ ਹੁੰਦੀਆਂ ਹਨ ਜਦੋਂ ਗਾਵਾਂ ਨੂੰ ਵਪਾਰੀਆਂ ਜਾਂ ਬੁੱਚੜਾਂ ਦੁਆਰਾ ਟਰੱਕਾਂ ਵਿੱਚ ਲੱਦ ਲਿਆ ਜਾਂਦਾ ਹੈ। ਭਾਰਤ ਦੇ ਕਈ ਸੂਬਿਆਂ ਵਿੱਚ ਅਜਿਹੀਆਂ ਅਨੇਕਾਂ ਜਥੇਬੰਦੀਆਂ ਦੁਆਰਾ ਵਪਾਰੀਆਂ ਤੋਂ ਪੈਸੇ ਵਸੂਲਣ ਦੇ ਮਾਮਲੇ ਸਾਹਮਣੇ ਆਏ ਹਨ। ਪਰ ਜਦੋਂ ਉਹੀ ਗਾਵਾਂ ਗੰਦ ਮੰਦ ਵਿੱਚ ਮੂੰਹ ਮਾਰਦੀਆਂ ਹਨ, ਰੇਹੜੀਆਂ ਤੋਂ ਸਬਜ਼ੀ-ਫਲ ਖਾਣ ਕਾਰਨ ਲੋਕਾਂ ਤੋਂ ਡੰਡੇ ਖਾਂਦੀਆਂ ਹਨ, ਪਲਾਸਟਿਕ ਖਾ ਕੇ ਮੌਤ ਦੇ ਮੂੰਹ ਜਾ ਪੈਂਦੀਆਂ ਹਨ ਤਾਂ ਇਹ ਜਥੇਬੰਦੀਆਂ ਘੂਕ ਸੁੱਤੀਆਂ ਰਹਿੰਦੀਆਂ ਹਨ। ਉਹ ਕਦੇ ਵੀ ਅਵਾਰਾ ਗਾਵਾਂ ਲਈ ਪੱਠਿਆਂ, ਸ਼ੈਲਟਰ ਜਾਂ ਦਵਾਈ ਆਦਿ ਦਾ ਪ੍ਰਬੰਧ ਨਹੀਂ ਕਰਦੇ। ਅਜਿਹੀਆਂ ਅਨੇਕਾਂ ਗਾਵਾਂ ਸੜਕਾਂ 'ਤੇ ਜ਼ਖਮੀ ਅਤੇ ਬੁਰੀ ਹਾਲਤ ਵਿੱਚ ਘੁੰਮ ਰਹੀਆਂ ਹਨ।

ਪਿੰਡਾਂ ਵਿੱਚ ਤਾਂ ਹਾਲਤ ਤਾਂ ਹੋਰ ਵੀ ਖਰਾਬ ਹਨ। ਰਾਤ ਨੂੰ ਅਵਾਰਾ ਪਸ਼ੂਆਂ ਦੇ ਝੁੰਡ ਖੇਤਾਂ 'ਤੇ ਹਮਲਾ ਕਰ ਦਿੰਦੇ ਹਨ। ਹਰੇ ਭਰੇ ਖੇਤ ਸਵੇਰ ਨੂੰ ਗੜੇਮਾਰੀ ਦਾ ਨਜ਼ਾਰਾ ਪੇਸ਼ ਕਰਦੇ ਹਨ। ਪਿੱਛੇ ਜਿਹੇ ਇਸੇ ਕਾਰਨ ਅੰਮ੍ਰਿਤਸਰ ਨਜ਼ਦੀਕ ਦੋ ਜਥੇਬੰਦੀਆਂ ਵਿੱਚ ਖੂਨੀ ਝੜਪ ਹੋਈ ਸੀ। ਲੋਕਾਂ ਨੂੰ ਲੱਖਾਂ ਰੁਪਏ ਖਰਚ ਕੇ ਖੇਤਾਂ ਦੇ ਦੁਆਲੇ ਕੰਡਿਆਲੀ ਤਾਰ ਲਗਾਉਣੀ ਤੇ ਰਾਖੇ ਰੱਖਣੇ ਪੈ ਰਹੇ ਹਨ। ਇਸ ਕਾਰਨ ਪਿੰਡਾਂ ਵਿੱਚ ਝਗੜੇ ਹੋ ਰਹੇ ਹਨ। ਇੱਕ ਪਿੰਡ ਵਾਲੇ ਆਪਣੇ ਅਵਾਰਾ ਪਸ਼ੂ ਦੂਸਰੇ ਪਿੰਡ ਵਿੱਚ ਉਤਾਰ ਆਉਂਦੇ ਹਨ ਤੇ ਦੂਸਰੇ ਪਿੰਡ ਵਾਲੇ ਇਸ ਪਿੰਡ ਵਿੱਚ। ਰਾਖੇ ਵੀ ਪਸ਼ੂ ਹੱਕ ਕੇ ਦੂਸਰੇ ਦੇ ਖੇਤਾਂ ਵੱਲ ਕਰ ਦਿੰਦੇ ਹਨ। ਵੈਸੇ ਵੇਖਿਆ ਜਾਵੇ ਤਾਂ ਇਹ ਅਵਾਰਾ ਪਸ਼ੂ ਛੱਡਣ ਦਾ ਜ਼ਿੰਮੇਵਾਰ ਵੀ ਪੇਂਡੂ ਖੇਤਰ ਹੀ ਹੈ ਕਿਉਂਕਿ ਜਿਆਦਾਤਰ ਡੇਅਰੀਆਂ ਪਿੰਡਾਂ ਵਿੱਚ ਹਨ। ਜਿੰਨਾਂ ਚਿਰ ਗਾਵਾਂ ਦੁੱਧ ਦਿੰਦੀਆਂ ਹਨ, ਚੋਈ ਜਾਂਦੇ ਹਨ ਤੇ ਜਦੋਂ ਦੁੱਧੋਂ ਭੱਜ ਗਈਆਂ, ਡੰਡਾ ਮਾਰ ਕੇ ਘਰੋਂ ਬਾਹਰ ਕੱਢ ਦਿੰਦੇ ਹਨ। ਵਲੈਤੀ ਗਾਵਾਂ ਦੀ ਸਭ ਤੋਂ ਵੱਡੀ ਮੁਸ਼ਕਲ ਇਹ ਹੈ ਕਿ ਉਹ ਪੰਜਾਬ ਦੀ ਗਰਮੀ ਮੁਤਾਬਕ ਨਹੀਂ ਢਲ ਸਕੀਆਂ ਤੇ ਨਾ ਹੀ ਲੋਕ ਇਹਨਾਂ ਨੂੰ ਦੁੱਧ ਦੀ ਮਿਕਦਾਰ ਦੇ ਹਿਸਾਬ ਖੁਰਾਕ ਪਾਉਂਦੇ ਹਨ। ਇਸ ਲਈ 3-4 ਸੂਏ ਦੇਣ ਤੋਂ ਬਾਅਦ ਇਹ ਫੰਡਰ ਹੋ ਜਾਂਦੀਆਂ ਹਨ। ਇਸ ਮੁੱਦੇ 'ਤੇ ਸਭ ਤੋਂ ਵੱਧ ਰੌਲਾ ਕਿਸਾਨ ਜਥੇਬੰਦੀਆਂ ਪਾਉਂਦੀਆਂ ਹਨ ਪਰ ਕਿਸਾਨਾਂ ਨੂੰ ਪਸ਼ੂ ਅਵਾਰਾ ਛੱਡਣ ਤੋਂ ਰੋਕਣ ਲਈ ਪ੍ਰੇਰਿਤ ਨਹੀਂ ਕਰਦੀਆਂ। ਇਹ ਰਿਵਾਜ਼ ਆਮ ਹੀ ਹੈ ਕਿ ਗਾਂ ਸੂਣ 'ਤੇ ਵੱਛੀ ਰੱਖ ਲਈ ਜਾਂਦੀ ਹੈ ਤੇ ਵੱਛੇ ਨੂੰ ਆਵਾਰਾ ਛੱਡ ਦਿੱਤਾ ਜਾਂਦਾ ਹੈ। ਉਹੀ ਬਾਅਦ ਵਿੱਚ ਸਾਹਨ ਬਣ ਕੇ ਲੋਕਾਂ ਨੂੰ ਢੁੱਡਾਂ ਮਾਰਦਾ ਫਿਰਦਾ ਹੈ। ਦੁਧਾਰੂ ਪਸ਼ੂ ਨੂੰ ਫੰਡਰ ਹੋਣ 'ਤੇ ਅਵਾਰਾ ਛੱਡਣ ਵਾਲੇ ਵਿਅਕਤੀ ਨੂੰ ਭਾਰੀ ਜ਼ੁਰਮਾਨੇ ਅਤੇ ਸਜ਼ਾ ਦੀ ਵਿਵਸਥਾ ਹੋਣੀ ਚਾਹੀਦੀ ਹੈ। ਇਸ ਮੁਸੀਬਤ ਦਾ ਹੱਲ ਕੱਢਣ ਲਈ ਸਰਕਾਰ ਅਤੇ ਮਿਉਂਸਪਲ ਕਮੇਟੀਆਂ ਵੀ ਬਹੁਤੀਆਂ ਗੰਭੀਰ ਨਹੀਂ ਹਨ। ਸਰਕਾਰ ਤੋਂ ਇਲਾਵਾ ਅਨੇਕਾਂ ਸ਼ਹਿਰਾਂ ਵੱਲੋਂ ਹਰ ਸਾਲ ਕਰੋੜਾਂ ਰੁਪਏ ਗਊ ਸੈੱਸ ਉਗਰਾਹਿਆ ਜਾ ਰਿਹਾ ਹੈ। ਪਰ ਅਵਾਰਾ ਪਸ਼ੂਆਂ ਦੀ ਸਮੱਸਿਆ ਅਜੇ ਵੀ ਜਿਉਂ ਦੀ ਤਿਉਂ ਹੈ। ਇਸ ਟੈਕਸ ਦਾ ਸਹੀ ਉਪਯੋਗ ਕਰ ਕੇ ਲੋਕਾਂ ਦਾ ਸਾਹ ਸੌਖਾ ਕਰਨਾ ਚਾਹੀਦਾ ਹੈ। ਸ਼ਹਿਰ ਵਿੱਚ ਅਵਾਰਾ ਪਸ਼ੂਆਂ ਦੀ ਗਿਣਤੀ ਮੁਤਾਬਕ ਹੀ ਗਊਸ਼ਾਲਾ ਨੂੰ ਗਰਾਂਟ ਦਿੱਤੀ ਜਾਣੀ ਚਾਹੀਦੀ ਹੈ। ਜੇ ਉਹ ਪਸ਼ੂਆਂ ਨੂੰ ਗਊਸ਼ਾਲਾ ਵਿੱਚ ਰੱਖ ਹੀ ਨਹੀਂ ਰਹੇ ਤਾਂ ਫਿਰ ਗਰਾਂਟ ਦੇਣ ਦਾ ਕੀ ਫਾਇਦਾ? ਇਸ ਤੋਂ ਇਲਾਵਾ ਸਾਹਨਾਂ-ਢੱਠਿਆਂ ਦੀਆਂ ਅਲੱਗ ਗਊਸ਼ਾਲਾ ਬਣਾਉਣੀਆਂ ਚਾਹੀਦੀਆਂ ਹਨ ਜਿੱਥੇ ਇਹ ਇੱਕ ਦੂਸਰੇ ਨਾਲ ਨਾ ਭਿੜਨ। ਬਿਸ਼ਨੋਈਆਂ ਦੇ ਖੇਤਰ ਵਿੱਚ ਹਿਰਨ ਅਤੇ ਨੀਲ ਗਾਵਾਂ ਅਜ਼ਾਦ ਘੁੰਮਦੀਆਂ ਹਨ। ਉਹ ਨਾ ਤਾਂ ਇਹਨਾਂ ਨੂੰ ਆਪ ਮਾਰਦੇ ਹਨ ਤੇ ਨਾ ਕਿਸੇ ਨੂੰ ਮਾਰਨ ਦਿੰਦੇ ਹਨ। ਇਸੇ ਤਰਾਂ ਗਊ ਰਕਸ਼ਕ ਜਥੇਬੰਦੀਆਂ ਨੂੰ ਆਪਣੇ ਹਰ ਮੈਂਬਰ ਦੇ ਘਰ 2-2, 4-4 ਗਾਵਾਂ ਬੰਨ੍ਹ ਕੇ ਸੇਵਾ ਕਰਨੀ ਚਾਹੀਦੀ ਹੈ। ਇਸ ਤਰਾਂ ਅਵਾਰਾ ਪਸ਼ੂਆਂ ਦੀ ਸਮੱਸਿਆ ਆਪਣੇ ਆਪ ਖਤਮ ਹੋ ਜਾਵੇਗੀ। ਪੰਜਾਬ ਵਿੱਚ ਸਰਕਾਰੀ ਜ਼ਮੀਨ ਬਹੁਤ ਹੀ ਘੱਟ ਹੈ ਪਰ ਜੰਗਲੀ ਰੱਖਾਂ ਕਾਫੀ ਹਨ। ਅਵਾਰਾ ਪਸ਼ੂ ਰੱਖਣ ਲਈ ਸਰਕਾਰੀ ਰੱਖਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ ਜਿੱਥੇ ਉਹ ਆਪਣੀ ਜ਼ਿੰਦਗੀ ਅਰਾਮ ਨਾਲ ਕੱਟਣ। ਇਸ ਤੋਂ ਇਲਾਵਾ ਡੇਅਰੀ ਵਾਲਿਆਂ ਨੂੰ ਵੀ ਚਾਹੀਦਾ ਹੈ ਕਿ ਪਸ਼ੂਆਂ ਨੂੰ ਫੰਡਰ ਹੋਣ ਤੋਂ ਬਾਅਦ ਬੇਰਹਿਮੀ ਨਾਲ ਘਰੋਂ ਨਾ ਕੱਢਣ। ਜਿਵੇਂ ਅਸੀਂ ਆਪਣੇ ਬਜ਼ੁਰਗਾਂ ਦੀ ਸੇਵਾ ਕਰਦੇ ਹਾਂ, ਇਸੇ ਤਰਾਂ ਦੁੱਧੋਂ ਭੱਜੇ ਜਾਨਵਰ ਦੀ ਸੇਵਾ ਕਰੀਏ। ਇਸ ਨਾਲ ਸਮੱਸਿਆ ਤੋਂ ਵੀ ਨਿਜ਼ਾਤ ਮਿਲੇਗੀ ਤੇ ਸਾਡੀ ਧਾਰਮਿਕ ਆਸਥਾ ਮੁਤਾਬਕ ਪੁੰਨ ਵੀ ਖੱਟਾਂਗੇ।

# 1947, ਪੰਜਾਬ ਦੀ ਵੰਡ

1947 ਜੁਲਾਈ, ਅਗਸਤ, ਸਤੰਬਰ, ਅਕਤੂਬਰ ਭਾਰਤ ਦੇ ਬਟਵਾਰੇ ਦੇ ਹੀ ਦਿਨ ਸਨ।

ਝੱਖੜ ਤੇਰੇ ਸਿਰ ਤੇ ਬੇਅੰਤ ਆ ਆ ਮਿਟ ਜਾਂਦੇ ਰਹੇ,
ਫਰਜੰਦ ਤੇਰੇ ਚੜ੍ਹ ਚਰਖੜੀਆਂ,
ਆਕਾਸ਼ ਤੇਰਾ ਚਮਕਾਉਂਦੇ ਰਹੇ।
ਜਾਗੇ ਕਈ ਦੇਸ ਜਗਾਵਣ ਲਈ,
ਸੁੱਤੇ ਸੌਂ ਗਏ ਸੁਲਤਾਨ ਕਈ
ਸਿਰ ਪਰ ਤਲੀ ਤੇ ਖੰਡਾ ਵਾਂਹਦੇ,
ਹੀਰੇ ਹੋ ਗਏ ਕੁਰਬਾਨ ਕਈ। (ਸਵ. ਧਨੀ ਰਾਮ ਚਾਤ੍ਰਿਕ)

1947 ਤੋਂ ਪਹਿਲਾਂ ਭਾਰਤ ਬੜਾ ਹੀ ਸੁਖੀ ਵੱਸਦਾ ਸੀ। ਲੋਕ ਬੜੇ ਮਿਹਨਤੀ ਅਤੇ ਤਾਕਤਵਰ ਸਨ। ਕੱਚੇ ਕੋਠਿਆਂ ਵਿਚ ਰਹਿੰਦੇ ਸਨ। ਮਿਹਨਤ ਕਰਦੇ ਸਨ, ਨਾ ਹੀ ਕਿਸੇ ਕਿਸਾਨ ਦੇ ਤੇ ਨਾ ਹੀ ਕਿਸੇ ਮਜ਼ਦੂਰ ਦੇ ਸਿਰ ਕੋਈ ਕਰਜ਼ਾ ਸੀ। ਅੱਜ ਬਹੁਤ ਸਾਰੇ ਕਿਸਾਨ ਤੇ ਮਜ਼ਦੂਰ ਸਮਾਜ ਦੇ ਰੀਤੀ ਰਿਵਾਜਾਂ ਅਤੇ ਲੋਕ ਵਿਖਾਵੇ ਨੇ ਕਰਜ਼ਾਈ ਕਰ ਦਿੱਤੇ ਹਨ ਤੇ ਖੁਦਕੁਸ਼ੀਆਂ ਕਰ ਰਹੇ ਹਨ। ਭਾਰਤ ਦੀ ਜਵਾਨੀ ਨਸ਼ਿਆਂ ਵਿਚ ਖਤਮ ਹੋ ਰਹੀ ਹੈ।



ਹਰਬੰਸ ਲਾਲ ਸਿੰਘ ਢਾਹਾਂ

1947 ਤੋਂ ਪਹਿਲਾਂ ਭਾਰਤ ਦੀ ਜਵਾਨੀ ਇਹੋ ਜਿਹੀ ਸੀ। ਉਸ ਸਮੇਂ ਦੇ ਹਾਲਾਤ ਬਿਆਨ ਕਰਦੇ ਨੇ-

ਸੋਹਣੇ ਦੇਸਾਂ ਵਿਚੋਂ ਦੇਸ ਪੰਜਾਬ ਨੀ ਸਈਓ,
ਜਿਵੇਂ ਫੁੱਲਾਂ ਵਿਚ ਫੁੱਲ ਗੁਲਾਬ ਨੀ ਸਈਓ
ਇਸਦੇ ਜਵਾਨਾਂ ਵਰਗਾ ਹੋਰ ਹੋਵੇਗਾ ਕਿਹੜਾ
ਚੌੜੀ ਛਾਤੀ ਮੂੰਹ ਤੇ ਰਹਿੰਦਾ ਖੇੜਾ
ਜਿਸ ਵਿਹੜੇ ਵਿਚ ਵਹੇ ਪੰਜਾਬੀ ਭਰਿਆ ਲੱਗਦਾ ਵਿਹੜਾ। (ਸਵ. ਅੰਮ੍ਰਿਤਾ ਪ੍ਰੀਤਮ)

ਹਿੰਦੂ ਮੁਸਲਿਮ, ਸਿੱਖ ਸਭ ਸੁਖੀ ਵੱਸਦੇ ਸਨ।

ਸੁਖੀ ਵੱਸੇ ਪਰਿਵਾਰ ਤੇਰਾ ਮੀਆਂ ਲਾਲਾ ਸਰਦਾਰ ਤੇਰਾ
ਮਸਜਿਦ ਮੰਦਰ ਦਰਬਾਰ ਤੇਰਾ
ਦੁਨੀਆਂ ਸਾਰੀ ਵੀ ਸੋਹਣੀ ਹੈ ਪਰ ਐ ਪੰਜਾਬ ਤੇਰਾ ਰੰਗ ਨਿਆਰਾ ਹੈ
ਤੇਰੀ ਮਿੱਟੀ ਦਾ ਕੁੱਲਾ ਵੀ ਸ਼ਾਹੀ ਮਹਿਲਾਂ ਤੋਂ ਪਿਆਰਾ ਹੈ।(ਸਵ. ਧਨੀ ਰਾਮ ਚਾਤ੍ਰਿਕ)

ਰਾਜਨੀਤੀ ਦੀ ਭੁੱਖ ਲੀਡਰਾਂ ਦੀ ਫੁੱਟ ਅਤੇ ਨਫ਼ਰਤ ਦੇ ਝੱਖੜ ਨੇ ਭਾਰਤ ਦੇ ਦੋ ਟੁਕੜੇ ਕਰ ਦਿੱਤੇ। ਭਾਰਤ-ਸ਼ਕੁੰਤਲਾ ਤੇ ਰਾਜੇ ਦੁਸ਼ਿਅੰਤ ਦੇ ਬੇਟੇ ਦਾ ਨਾਂ ਭਾਰਤ ਸੀ, ਉਸ ਦੇ ਨਾਂ 'ਤੇ ਭਾਰਤ ਨਾਮ ਪ੍ਰਚੱਲਿਤ ਹੋਇਆ। ਪ੍ਰਧਾਨ ਜਿਨਾਹ ਨੇ ਆਪਣੇ ਦੇਸ਼ ਦਾ ਨਾਂ ਪਾਕਿਸਤਾਨ ਰੱਖ ਲਿਆ। ਜਿਸਦੇ ਅਰਥ ਹਨ ਪਵਿੱਤਰ ਦੇਸ਼। ਇਸ ਪਵਿੱਤਰ ਪਾਕ ਧਰਤੀ 'ਤੇ ਇੰਨਾ ਪਾਪ ਤੇ ਜ਼ੁਲਮ ਹੋਇਆ ਕਿ ਲੋਕੀ ਘਰੋਂ ਬੇਘਰ ਹੋ ਗਏ। ਦੋਵਾਂ ਪਾਸਿਆਂ ਤੋਂ ਲੱਖਾਂ ਹੀ ਬਹੁ-ਬੇਟੀਆਂ ਦੀਆਂ ਇੱਜ਼ਤਾਂ ਲੁੱਟੀਆਂ ਗਈਆਂ। ਸਵ. ਗਾਇਕ ਅੰਮ੍ਰਿਤਾ ਪ੍ਰੀਤਮ ਨੇ ਕਿੱਸਾਕਾਰ ਹੀਰ ਦੇ ਲੇਖਕ ਵਾਰਿਸ ਸ਼ਾਹ ਨੂੰ ਕਬਰਾਂ ਵਿਚੋਂ ਆਵਾਜ਼ ਮਾਰੀ ਸੀ-

ਅੱਜ ਆਖਾਂ ਵਾਰਿਸ ਸ਼ਾਹ ਨੂੰ ਕਿਤੇ ਕਬਰਾਂ ਵਿਚੋਂ ਬੋਲ
ਕਿਤਾਬੇ ਇਸ਼ਕ ਦਾ ਕੋਈ ਅਗਲਾ ਵਰਕਾ ਫੋਲ।
ਇਕ ਰੋਈ ਸੀ ਧੀ ਪੰਜਾਬ ਦੀ ਤੂੰ ਲਿਖ ਲਿਖ ਮਾਰੇ ਵੈਣ
ਅੱਜ ਲੱਖਾਂ ਧੀਆਂ ਰੋਂਦੀਆਂ, ਤੈਨੂੰ ਵਾਰਿਸ ਸ਼ਾਹ ਨੂੰ ਕਹਿਣ।

ਇਹ ਪਾਪ ਤੇ ਜ਼ੁਲਮ ਜਿੰਨਾ ਪਾਕਿਸਤਾਨ ਦੀ ਧਰਤੀ 'ਤੇ ਹੋਇਆ, ਉਨਾ ਹੀ ਭਾਰਤ ਦੀ ਧਰਤੀ 'ਤੇ ਹੋਇਆ। ਦੋਵੇਂ ਦੇਸ਼ ਬਰਬਾਦ ਹੋ ਗਏ। ਜੋ ਮੈਂ ਆਪਣੀਆਂ ਅੱਖਾਂ ਨਾਲ ਦੇਖਿਆ। ਦੁਨੀਆਂ ਦੀ ਆਵਾਜ਼ ਕੰਨਾਂ ਨੇ ਸੁਣੀ। ਏ ਜਿਨਾਹ ਤੇਰਾ ਕੱਖ ਨਾ ਰਹੇ। ਪਰ ਭਾਰਤ ਦੇ ਲੀਡਰ ਵੀ ਇਹਨਾਂ ਬੋਲਾਂ ਦੇ ਹੱਕਦਾਰ ਹਨ। ਇਹ ਇਲਜ਼ਾਮ ਲੋਕਾਂ ਨੇ ਅੰਗਰੇਜ਼ ਸਰਕਾਰ 'ਤੇ ਵੀ ਲਾਇਆ 'ਪਾੜੋ ਤੇ ਰਾਜ ਕਰੋ' ਦੀ ਇਹ ਨੀਤੀ ਅੱਜ ਵੀ ਸਾਰੇ ਸੰਸਾਰ ਵਿਚ ਚੱਲ ਰਹੀ ਹੈ। ਮੈਨੂੰ 1975 ਤੋਂ 1996 ਤੱਕ ਅਰਬ ਦੇਸ਼ਾਂ ਵਿਚ ਰਹਿਣ ਦਾ ਮੌਕਾ ਮਿਲਿਆ। ਗੋਰਿਆਂ ਨੇ ਉਥੇ ਕਿਰਾਏ 'ਤੇ ਜੰਗੀ ਅੱਡੇ ਲਾਏ ਹੋਏ ਸਨ। ਜੰਗੀ ਅਸਲਾ ਮੇਰੀਆਂ ਅੱਖਾਂ ਸਾਹਮਣੇ ਜਮ੍ਹਾਂ ਹੋ ਰਿਹਾ ਸੀ। ਮੇਰੇ ਉਧਰ ਹੁੰਦਿਆਂ ਹੀ ਇਰਾਨ ਅਤੇ ਇਰਾਕ ਦੀ ਸਤੰਬਰ 1980 ਅਤੇ 1991 ਵਿਚ ਗਲਫ ਵਾਰ ਹੋਈ। ਅਰਬਾਂ ਨੂੰ ਗੋਰਿਆਂ ਨੇ ਆਪਸ ਵਿਚ ਲੜਾ ਕੇ ਬਰਬਾਦ ਕਰ ਦਿੱਤਾ ਅਤੇ ਸੈਂਕੜੇ ਸਾਲਾਂ ਲਈ ਤੇਲ ਦੇ ਹੱਕਦਾਰ ਬਣ ਗਏ। ਅੱਜਕਲ੍ਹ ਭਾਰਤ ਅਤੇ ਪਾਕਿਸਤਾਨ ਨੂੰ ਅਸਲਾ ਵੇਚ ਕੇ ਲੜਾਉਣ 'ਤੇ ਤੁਲੇ ਹੋਏ ਹਨ।

ਬਟਵਾਰੇ ਵੇਲੇ ਬਹੁਤ ਕੁੱਝ ਮੈਂ ਆਪਣੀਆਂ ਅੱਖਾਂ ਨਾਲ ਦੇਖਿਆ। ਲੋਕਾਂ ਦੇ ਹੱਥਾਂ ਵਿਚ ਤਲਵਾਰਾਂ ਸਨ ਜੋ ਕਿ ਮੁਸਲਮਾਨਾਂ ਦੇ ਕਤਲੇਆਮ ਕਰਕੇ ਮਾਇਆ ਇਕੱਠੀ ਕਰ ਰਹੇ ਸਨ। ਮੁਸਲਮਾਨ ਮੀਂਹ ਪੈਂਦੇ ਵਿਚ ਗੱਡੇ-ਗੱਡੀਆਂ ਅਤੇ ਸਿਰਾਂ 'ਤੇ ਝੁੰਬ ਮਾਰੀ ਜਾ ਰਹੇ ਸਨ। ਕਈ ਵਾਰ ਸਾਡੇ ਘਰ ਆ ਕੇ ਸਾਡੀਆਂ ਭੈਣਾਂ ਨੂੰ ਰੋਟੀ ਬਣਾਉਣ ਨੂੰ ਕਹਿੰਦੇ ਸਨ। ਸਾਡੀਆਂ ਭੈਣਾਂ ਉਹਨਾਂ ਨੂੰ ਰੋਟੀ ਬਣਾ ਕੇ ਦਿੰਦੀਆਂ ਸਨ। ਪਰ ਉਸ ਵੇਲੇ ਸਾਂਝੀਵਾਲਤਾ, ਕੌਮੀ ਏਕਤਾ ਦੀ ਪਾਲਣਾ ਕਰਦੇ ਹੋਏ ਭਾਈ ਘਨ੍ਹਈਆ ਵਾਂਗ ਸੱਚੇ ਸੁੱਚੇ ਲੋਕ ਵੀ ਸਨ, ਜੋ ਆਪਣੇ ਖੂਹਾਂ 'ਤੇ ਛੱਲੀਆਂ ਭੁੰਨ ਕੇ ਮੁਸਲਮਾਨਾਂ ਨੂੰ ਖੁਆਉਂਦੇ ਸਨ ਅਤੇ ਉਹਨਾਂ ਦੀ ਰਖਵਾਲੀ ਕਰਦੇ ਸਨ। ਮਿਸਾਲ ਹੈ, ਜਿਹਨਾਂ ਨੂੰ ਸਾਡੇ ਪਿੰਡ ਵਾਲਿਆਂ ਨੇ ਤੱਤੀ ਵਾਅ ਨੀ ਲੱਗਣ ਦਿੱਤੀ। ਕਰਮਾ ਬਖਸ਼ੀ ਮੁਸਲਮਾਨ ਦਾ ਪਰਿਵਾਰ ਅੱਜ ਵੀ ਸਾਡੇ ਪਿੰਡ ਵੱਸਦਾ ਹੈ। ਬਖਸ਼ੀ ਦਾ ਬੇਟਾ ਮਹਿੰਗਾ ਮੇਰਾ ਹਮਉਮਰ ਅਤੇ ਹਮ ਜਮਾਤੀ ਸੀ। ਉਹ ਮਹਿੰਗੇ ਤੋਂ ਮਹਿੰਦਰ ਸਿੰਘ ਰੰਗੀਲਾ ਬਣ ਕੇ ਗਾਇਕੀ ਵਿਚ ਮਸ਼ਹੂਰ ਹੋਇਆ। ਕੁੱਝ ਸਾਲ ਪਹਿਲਾਂ ਉਹ ਚਲਾਣਾ ਕਰ ਗਿਆ। ਉਸ ਦੀ ਧਰਮ ਪਤਨੀ ਤੇ ਦੋ ਬੇਟੀਆਂ ਅੱਜ ਗਾਇਕ ਬਣ ਕੇ ਸਿੱਖ ਇਤਿਹਾਸ ਨਾਲ ਸੰਗਤ ਨੂੰ ਜੋੜਦੀਆਂ ਹਨ।

ਪਾਕਿਸਤਾਨ ਵਿਚ ਵੀ ਉਸ ਵੇਲੇ ਸੱਚੇ ਤੇ ਸੁੱਚੇ ਲੋਕੀ ਸਨ, ਜੋ ਧਰਮ ਅਤੇ ਇਮਾਨ ਦੇ ਪੱਕੇ ਸਨ। ਹਿੰਦੂ ਅਤੇ ਸਿੱਖਾਂ ਦੀ ਰਖਵਾਲੀ ਕਰਦੇ ਸਨ। ਮੇਰੀ ਵੱਡੀ ਭੈਣ ਤੇ ਭਣੋਈਆ ਤੇ ਭੈਣ ਦਾ ਸਹੁਰਾ ਦੁਆਬੇ ਤੋਂ ਲੇਬਰ ਲੈ ਕੇ ਲਹਿੰਦੇ ਪੰਜਾਬ ਵਿਚ ਜਾਇਆ ਕਰਦੇ ਸਨ। ਉਹ ਠੇਕੇਦਾਰ ਸਨ, ਸਾਨੂੰ ਦੱਸਿਆ ਕਰਦੇ ਸਨ ਕਿ ਮੁਸਲਮਾਨ ਸਾਨੂੰ ਆਪਣਿਆਂ ਟਾਂਗਿਆਂ ਵਿਚ ਲਿਆ ਕੇ ਲਾਹੌਰ ਗੱਡੀ 'ਤੇ ਚੜ੍ਹਾ ਕੇ ਗਏ ਸਨ। ਭੈਣ ਜੀ ਨੇ ਸਾਨੂੰ ਪੰਜਾ ਸਾਹਿਬ ਤੋਂ ਇਕ ਕਾਲੇ ਪੱਥਰ ਦਾ ਕੂੰਡਾ ਲਿਆ ਕੇ ਦਿੱਤਾ ਹੋਇਆ ਹੈ ਜੋ ਅੱਜ ਵੀ ਸਾਡੇ ਕੋਲ ਹੈ। ਪਾਕਿਸਤਾਨ ਦੀ ਬਲੋਚ ਰਜਿਮੈਂਟ ਨੇ ਸਾਡੇ ਪਿੰਡ ਨੂੰ ਘੇਰਾ ਪਾਇਆ ਹੋਇਆ ਸੀ। ਘਰ ਤੋਂ ਸੜਕ ਦੇ ਦੂਜੇ ਪਾਸੇ ਪੰਜਾਬ ਦੀ ਸਿਵਲ ਗੱਡੀ 'ਤੇ ਬੇਸ਼ੁਮਾਰ ਗੋਲੀਆਂ ਚਲਦੀਆਂ ਅੱਖਾਂ ਨਾਲ ਦੇਖੀਆਂ। ਇਹ ਪਾਕਿਸਤਾਨ ਦੀ ਫੌਜ ਮੁਸਲਮਾਨਾਂ ਦੀ ਰਖਵਾਲੀ ਲਈ ਆਈ ਹੋਈ ਸੀ। ਇਹ ਸਮਾਂ ਦੋਹਾਂ ਮੁਲਕਾਂ ਲਈ ਬਹੁਤ ਹੀ ਦੁਖਦਾਇਕ ਸੀ।



ਧਨ ਭੂਮ ਪੁਰਾਤਨ ਵੈਰਾ (ਗੁਰੂ ਗੋਬਿੰਦ ਸਿੰਘ ਜੀ)

ਅੱਜਕੱਲ੍ਹ ਸਾਰੇ ਸੰਸਾਰ ਵਿਚ ਪਰਿਵਾਰਾਂ ਦੇ ਧੜਾ-ਧੜ ਬਟਵਾਰੇ ਹੋ ਰਹੇ ਹਨ। ਸਾਂਝਾ ਪਰਿਵਾਰ, ਜਿੱਥੇ ਮਾਤਾ-ਪਿਤਾ, ਭੈਣ-ਭਰਾ ਇਕੱਠੇ ਰਹਿੰਦੇ ਹਨ, ਉਸਨੂੰ ਸਾਂਝਾ ਪਰਿਵਾਰ ਕਹਿੰਦੇ ਹਨ। ਮਾਤਾ-ਪਿਤਾ ਪਰਿਵਾਰ ਦੇ ਮੋਢੀ ਹੁੰਦੇ ਹਨ। ਮਾਤਾ-ਪਿਤਾ ਵਾਸਤੇ ਸਾਰੀ ਸੰਤਾਨ ਬਰਾਬਰ ਹੁੰਦੀ ਹੈ। ਦਾਸ ਵੀ ਸਾਂਝੇ ਪਰਿਵਾਰ ਵਿਚ ਵਿੱਚਰਿਆ ਹੈ।

ਸਾਂਝੇ ਪਰਿਵਾਰ ਵਿਚ ਬਹੁਤ ਸਾਰੇ ਲਾਭ ਹੁੰਦੇ ਹਨ। ਇਕੱਠੇ ਰਹਿੰਦਿਆਂ ਪਰਿਵਾਰ ਦੇ ਵੱਡੇ ਤੋਂ ਵੱਡੇ ਕਾਰਜ ਸਫਲ ਹੋ ਜਾਂਦੇ ਹਨ। ਏਕੇ ਵਿਚ ਬਰਕਤ ਹੁੰਦੀ ਹੈ। ਲੋਕ ਵੀ ਪਰਿਵਾਰ ਦੀ ਏਕਤਾ ਨੂੰ ਦੇਖ ਕੇ ਡਰਨ ਲੱਗ ਜਾਂਦੇ ਹਨ। ਜੇਕਰ ਪਰਿਵਾਰ ਦਾ ਮੁਖੀਆ ਪੁੱਤਰਾਂ-ਧੀਆਂ ਵਿਚ ਬਰਾਬਰ ਦੀ ਵੰਡ ਕਰ ਦੇਵੇ ਤਾਂ ਪਰਿਵਾਰ ਸਵਰਗ ਬਣ ਜਾਂਦਾ ਹੈ। ਜੇਕਰ ਪਰਿਵਾਰ ਵਿਚ ਕਿਸੇ ਨਾਲ ਬੇਇਨਸਾਫ਼ੀ ਹੋ ਜਾਵੇ ਤਾਂ ਪਰਿਵਾਰ ਖੇਰੂੰ-ਖੇਰੂੰ ਹੋ ਕੇ ਨਰਕ ਬਣ ਜਾਂਦਾ ਹੈ। ਦਾਸ ਨਿਮਾਣਾ ਪਰਿਵਾਰ ਦੇ ਮੁਖੀਆਂ ਨੂੰ ਹੱਥ ਜੋੜ ਕੇ ਬੇਨਤੀ ਕਰਦਾ ਹੈ ਕਿ ਆਪਣੇ ਜਿਉਂਦੇ ਜੀਅ ਆਪਣੀ ਜਾਇਦਾਦ ਜ਼ਮੀਨ ਘਰ ਜਾਂ ਮਾਇਆ ਹੋਵੇ, ਆਪਣੇ ਪਰਿਵਾਰ ਵਿਚ ਬਰਾਬਰ ਵੰਡ ਦੇਣੀ ਚਾਹੀਦੀ ਹੈ ਤਾਂ ਜੋ ਪਰਿਵਾਰ ਵਿਚ ਕੋਈ ਝਗੜਾ ਨਾ ਹੋਵੇ। ਪਿਆਰ ਦੀ ਭਾਵਨਾ ਨਾਲ ਪਰਿਵਾਰ ਸਦਾ ਸੁਖੀ ਵੱਸਦਾ ਰਹੇਗਾ। ਜੇਕਰ ਕੋਈ ਗਲਤੀ ਹੋਵੇ, ਦਾਸ ਹੱਥ ਜੋੜ ਕੇ ਖਿਮਾ ਮੰਗਦਾ ਹੈ।

ਹੇ ਮਨ ਧਾਗਾ ਪ੍ਰੇਮ ਕਾ ਮਤ ਤੋੜੋ ਚਟਕਾਏ,
ਟੂਟੇ ਸੇ ਫਿਰ ਨਾ ਮਿਲੇ, ਮਿਲੇ ਗਾਠ ਬਨ ਜਾਏ।


# ਉਹ ਪਿੰਡ ਜੋ ਭਾਰਤ ਨੇ ਪਾਕਿਸਤਾਨ ਤੋਂ ਖੋਹਿਆ ਸੀ

ਤੁਰਤੁਕ ਪਿੰਡ ਤੱਕ ਪਹੁੰਚਣਾ ਕੋਈ ਸੁਖਾਲਾ ਕੰਮ ਨਹੀਂ ਹੈ। ਇਹ ਛੋਟਾ-ਜਿਹਾ ਪਿੰਡ ਲਦਾਖ਼ ਦੀ ਨੁਬਰਾ ਘਾਟੀ ਵਿੱਚ ਆਬਾਦ ਹੈ। ਇਸ ਪਿੰਡ ਦੇ ਇੱਕ ਪਾਸੇ ਸ਼ਯੋਕ ਦਰਿਆ ਵਗਦਾ ਹੈ ਤੇ ਦੂਸਰੇ ਪਾਸੇ ਕਰਾਕੋਰਮ ਪਰਬਤ ਮਾਲਾ ਦੀਆਂ ਅੰਬਰਾਂ ਨੂੰ ਜੱਫ਼ੀ ਪਾਉਂਦੀਆਂ ਪਹਾੜੀਆਂ ਹਨ। ਤੁਰਤੁਕ ਤੱਕ ਜਾਣ ਤੇ ਉੱਥੋਂ ਵਾਪਸ ਆਉਣ ਦਾ ਇੱਕੋ-ਇੱਕ ਰਾਹ ਹੈ। ਟੁੱਟੀ ਭੱਜੀ ਸੜਕ ਲੇਹ ਦੇ ਪਹਾੜੀ ਦਰਿਆਂ ਵਿੱਚੋਂ ਸੱਪ ਦੀ ਪੈੜ ਵਾਂਗ ਚਲਦੀ ਤੁਰਤੁਕ ਪਹੁੰਚਦੀ ਹੈ।

ਇਸ ਸੜਕ ਦੇ ਦੋਵੇਂ ਪਾਸੇ ਕੁਦਰਤ ਦਾ ਸੁਹੱਪਣ ਜਿਵੇਂ ਵਿਛਿਆ ਪਿਆ ਹੈ। ਪਰ ਸਭ ਤੋਂ ਦਿਲਚਸਪ ਇਸ ਪਿੰਡ ਦਾ ਇਤਿਹਾਸ ਹੈ। ਤੁਰਤੁਕ ਇੱਕ ਅਜਿਹਾ ਪਿੰਡ ਹੈ ਜਿਸ ਨੇ ਆਪਣਾ ਦੇਸ ਗੁਆ ਲਿਆ ਹੈ।

### ਭਾਰਤ ਦਾ ਬਾਲਟੀ ਪਿੰਡ

ਲਦਾਖ ਦਾ ਬਾਕੀ ਹਿੱਸਾ ਬੋਧੀ ਹੈ, ਜਿੱਥੇ ਲਦਾਖ਼ੀ-ਤਿੱਬਤੀ ਰਹਿੰਦੇ ਹਨ। ਜਦਕਿ ਤੁਰਤੁਕ ਇੱਕ ਬਾਲਟੀ ਪਿੰਡ ਹੈ। ਬਾਲਟੀ ਇੱਕ ਨਸਲੀ ਸਮੂਹ ਹੈ ਜਿਸ ਦੇ ਪੁਰਖੇ ਤਿੱਬਤੀ ਸਨ ਜੋ ਕਿ ਹੁਣ ਪਾਕਿਸਤਾਨ ਦੇ ਸੁਕਦੂ ਇਲਾਕੇ ਵਿੱਚ ਵਸਦੇ ਹਨ। ਇੱਥੋਂ ਦੇ ਪਿੰਡ ਵਾਸੀ ਨੂਰਬਖ਼ਸ਼ੀਆ ਮੁਸਲਮਾਨ ਹਨ, ਜੋ ਇਸਲਾਮ ਦੀ ਸੂਫ਼ੀ ਪਰੰਪਰਾ ਦਾ ਹਿੱਸਾ ਹਨ। ਇਹ ਲੋਕ ਬਾਲਟੀ ਭਾਸ਼ਾ ਬੋਲਦੇ ਹਨ, ਜੋ ਕਿ ਮੂਲ ਰੂਪ ਵਿੱਚ ਤਿੱਬਤੀ ਭਾਸ਼ਾ ਹੈ।



ਪਿੰਡ ਵਾਸੀ ਸਲਵਾਰ ਕੁਰਤਾ ਪਾਉਂਦੇ ਹਨ। ਪਹਿਰਾਵੇ ਤੋਂ ਇਲਾਵਾ ਵੀ ਉਨ੍ਹਾਂ ਦੀਆਂ ਕਈ ਗੱਲਾਂ ਬਾਲਟਿਸਤਾਨ ਦੇ ਆਪਣੇ ਕੁਨਬੇਦਾਰਾਂ ਨਾਲ ਮਿਲਦੀਆਂ ਹਨ। ਕੰਟਰੋਲ ਰੇਖਾ ਤੋਂ 6 ਕਿਲੋਮੀਟਰ ਪਾਕਿਸਤਾਨ ਵਾਲੇ ਪਾਸੇ ਜਾਈਏ ਤਾਂ ਉਨ੍ਹਾਂ ਦੀਆਂ ਬਸਤੀਆਂ ਹਨ। ਸਾਲ 1947 ਦੀ ਲੜਾਈ ਤੋਂ ਬਾਅਦ ਤੁਰਤੁਕ ਪਾਕਿਸਤਾਨ ਦੇ ਕੰਟਰੋਲ ਵਿੱਚ ਚਲਿਆ ਗਿਆ ਸੀ ਪਰ 1971 ਦੀ ਲੜਾਈ ਵਿੱਚ ਭਾਰਤ ਨੇ ਇਸ ਉੱਪਰ ਮੁੜ ਅਧਿਕਾਰ ਕਰ ਲਿਆ।

ਸਰਹੱਦ ਦੀ ਸੁਰੱਖਿਆ ਨੂੰ ਧਿਆਨ ਵਿੱਚ ਰੱਖ ਕੇ ਭਾਰਤ ਸਰਕਾਰ ਨੇ ਇਹ ਪਿੰਡ ਪਾਕਿਸਤਾਨ ਨੂੰ ਵਾਪਸ ਨਹੀਂ ਕੀਤਾ। ਸਾਲ 1971 ਦੀ ਲੜਾਈ ਦੀ ਉਸ ਰਾਤ ਇਸ ਪਿੰਡ ਦੇ ਜਿਹੜੇ ਵਾਸੀ ਆਪਣੇ ਰਿਸ਼ਤੇਦਾਰਾਂ ਨੂੰ ਮਿਲਣ ਗਏ ਸਨ ਜਾਂ ਕਿਸੇ ਹੋਰ ਕੰਮ ਨਾਲ ਪਿੰਡ ਤੋਂ ਬਾਹਰ ਗਏ ਸਨ ਉਹ ਵਾਪਸ ਆਪਣੇ ਪਿੰਡ ਨਹੀਂ ਆ ਸਕੇ ਅਤੇ ਉਸੇ ਸਮੇਂ ਤੋਂ ਇਹ ਪਿੰਡ ਭਾਰਤ ਕੋਲ ਹੈ। ਇੱਥੋਂ ਦੇ ਸਰਹੱਦੀ ਇਲਾਕੇ ਪਿਛਲੇ ਕਈ ਦਹਾਕਿਆਂ ਤੋਂ ਸ਼ਾਂਤ ਹਨ ਅਤੇ 2010 ਵਿੱਚ ਤੁਰਤੁਕ ਨੂੰ ਸੈਲਾਨੀਆਂ ਲਈ ਵੀ ਖੋਲ੍ਹ ਦਿੱਤਾ ਗਿਆ ਹੈ। ਸੈਲਾਨੀ ਇੱਥੇ ਆ ਕੇ ਰਹਿ ਸਕਦੇ ਹਨ ਅਤੇ ਸਥਾਨਕ ਜਨ-ਜੀਵਨ ਨੂੰ ਨੇੜਿਓਂ ਮਾਣ ਸਕਦੇ ਹਨ। ਬਾਲਟੀ ਲੋਕ ਕਰਾਕੁਰਮ ਦੇ ਪੱਥਰਾਂ ਨਾਲ ਘਰਾਂ ਦੀਆਂ ਕੰਧਾਂ ਬਣਾਉਂਦੇ ਹਨ। ਇੱਥੋ ਤੱਕ ਕਿ ਖੇਤਾਂ ਵਿੱਚ ਸਿੰਜਾਈ ਲਈ ਬਣਾਈਆਂ ਨਾਲੀਆਂ ਵੀ ਪੱਥਰਾਂ ਦੀਆਂ ਬਣੀਆਂ ਹਨ। ਤੁਰਤੁਕ ਦੀ ਉਚਾਈ ਲਦਾਖ਼ ਦੇ ਦੂਸਰੇ ਇਲਾਕਿਆਂ ਤੋਂ ਘੱਟ ਹੈ ਅਤੇ ਸਮੁੰਦਰੀ ਸਤਿਹ ਤੋਂ 2,900 ਮੀਟਰ ਦੀ ਉਚਾਈ 'ਤੇ ਵਸਿਆ ਹੈ। ਇੱਥੇ ਗਰਮੀਆਂ ਬਹੁਤ ਜ਼ਿਆਦਾ ਗਰਮ ਹੁੰਦੀਆਂ ਹਨ। ਪਿੰਡ ਵਾਲਿਆਂ ਨੇ ਪੱਥਰਾਂ ਦੀ ਵਰਤੋਂ ਕਰਕੇ ਪਥਰੀਲੇ ਅਤੇ ਕੁਦਰਤੀ ਕੋਲਡ ਸਟੋਰ ਬਣਾਏ ਹਨ।



ਇਨ੍ਹਾਂ ਕੋਲਡ ਸਟੋਰਾਂ ਵਿੱਚ ਉਹ ਮਾਸ, ਮੱਖਣ ਅਤੇ ਗਰਮੀ ਨਾਲ ਖ਼ਰਾਬ ਹੋਣ ਵਾਲੀਆਂ ਦੂਸਰੀਆਂ ਵਸਤਾਂ ਰੱਖਦੇ ਹਨ। ਬਾਲਟੀ ਭਾਸ਼ਾ ਵਿੱਚ ਇਨ੍ਹਾਂ ਕੋਲਡ ਸਟੋਰਾਂ ਨੂੰ ਨਾਂਗਚੁੰਗ ਕਹਿੰਦੇ ਹਨ। ਪੱਥਰਾਂ ਨਾਲ ਬਣੇ ਇਨ੍ਹਾਂ ਬੰਕਰਨੁਮਾ ਘਰਾਂ ਵਿੱਚ ਠੰਡੀ ਹਵਾ ਦੇ ਪ੍ਰਵਾਹ ਲਈ ਸੁਰਾਖ਼ ਬਣੇ ਹੁੰਦੇ ਹਨ ਜਿਸ ਦੇ ਅੰਦਰ ਰੱਖੀਆਂ ਚੀਜ਼ਾਂ ਬਾਹਰ ਦੀ ਗਰਮੀ ਤੋਂ ਬਚੀਆਂ ਰਹਿੰਦੀਆਂ ਹਨ।

ਤੁਰਤੁਕ ਦੀ ਮੁੱਖ ਫ਼ਸਲ ਜੌਂ ਹੈ। ਇਸ ਉਚਾਈ ਤੇ ਇਹੀ ਇੱਕ ਫ਼ਸਲ ਉਗਦੀ ਹੈ। ਘੱਟ ਉਚਾਈ ਵਾਲੀਆਂ ਥਾਵਾਂ 'ਤੇ ਲੋਕ ਕੁੱਟੂ ਨਾਮ ਦਾ ਅਨਾਜ ਵੀ ਬੀਜ ਲੈਂਦੇ ਹਨ ਜੋ ਹਲਕਾ ਤੇ ਪੋਸ਼ਣ ਨਾਲ ਭਰਪੂਰ ਹੁੰਦਾ ਹੈ। ਪਰ ਤੁਰਤੁਕ ਖੁਰਮਾਣੀ ਤੇ ਅਖਰੋਟ ਲਈ ਮਸ਼ਹੂਰ ਹੈ। ਇਨ੍ਹਾਂ ਦੀ ਖੇਤੀ ਮਿਹਨਤ ਮੰਗਦੀ ਹੈ। ਇੱਥੋਂ ਦੇ ਖੇਤਾਂ ਵਿੱਚ ਸਾਲਾਂ ਬੱਧੀ ਕੰਮ ਚਲਦਾ ਰਹਿੰਦਾ ਹੈ। ਕਦੇ ਬੂਟੇ ਲਾਏ ਜਾਂਦੇ ਹਨ ਕਦੇ ਫਸਲ ਦੀ ਵਾਢੀ ਹੋ ਰਹੀ ਹੁੰਦੀ ਹੈ। ਕਰਾਕੋਰਮ ਪਰਬਤ ਮਾਲਾ ਦੇ ਭੂਰੇ ਪਹਾੜਾਂ ਅਤੇ ਨਦੀ ਘਾਟੀਆਂ ਦੀਆਂ ਸੁੰਨੇ ਬੀਆਬਾਨਾਂ ਵਿੱਚ ਤੁਰਤੁਕ ਦੀ ਹਰਿਆਲੀ ਕਿਸੇ ਨਖ਼ਲਿਸਤਾਨ ਤੋਂ ਘੱਟ ਨਹੀਂ ਹੈ।

ਭਾਰਤ ਤੇ ਪਾਕਿਸਤਾਨ ਦਰਮਿਆਨ ਕਸ਼ਮੀਰ ਨੂੰ ਲੈ ਕੇ ਜਿੰਨਾ ਮਰਜੀ ਤਣਾਅ ਹੋਵੇ, ਤੁਰਤੁਕ ਵਿੱਚ ਜ਼ਿੰਦਗੀ ਸ਼ਾਂਤੀ ਨਾਲ ਲੰਘਦੀ ਹੈ। ਇੱਥੋਂ ਦੇ ਸਾਰੇ ਪਿੰਡ ਵਾਸੀਆਂ ਕੋਲ ਭਾਰਤੀ ਪਛਾਣ ਪੱਤਰ ਹਨ। ਸਾਲ 1971 ਵਿੱਚ ਕਬਜ਼ੇ ਤੋਂ ਬਾਅਦ ਸਾਰਿਆਂ ਨੂੰ ਭਾਰਤੀ ਨਾਗਰਿਕਤਾ ਦੇ ਦਿੱਤੀ ਗਈ ਸੀ। ਨੁਬਰਾ ਘਾਟੀ ਦੇ ਆਧੁਨਿਕੀਕਰਨ ਦੀਆਂ ਨਵੀਆਂ ਕੋਸ਼ਿਸ਼ਾਂ, ਨਵੀਆਂ ਸੜਕਾਂ ਦਾ ਨਿਰਮਾਣ, ਸਿਹਤ ਸਹੂਲਤਾਂ ਤੇ ਆਵਾਜਾਈ ਨੂੰ ਸੁਧਾਰਨ ਨਾਲ ਲਗਦਾ ਹੈ ਕਿ ਤੁਰਤੁਕ ਦੇ ਭਲੇ ਦਿਨ ਆਉਣ ਵਾਲੇ ਹਨ। ਫਿਰ ਵੀ ਇੱਥੇ ਭਾਰਤ ਵਾਂਗ ਮਹਿਸੂਸ ਨਹੀਂ ਹੁੰਦਾ। ਖੁਰਮਾਣੀ ਦੇ ਬਾਗ, ਨੂਰਬਖ਼ਸ਼ੀਆ ਮਸਜਿਦ, ਪੱਥਰ ਦੇ ਘਰ ਅਤੇ ਪੱਥਰਾਂ ਦੀ ਸਿੰਜਾਈ ਨਾਲੀਆਂ ਇੱਥੋਂ ਦੀ ਪਛਾਣ ਹੈ। ਕਿਸੀਰ ਤੁਰਤੁਕ ਦਾ ਰਵਾਇਤੀ ਪਕਵਾਨ ਹੈ। ਕੁੱਟੂ ਦੇ ਆਟੇ ਨਾਲ ਬਣੀ ਇਸ ਰੋਟੀ ਨੂੰ ਯਾਕ ਦੇ ਮਾਸ ਜਾਂ ਖੁਰਮਾਣੀ ਨਾਲ ਅਤੇ ਅਖਰੋਟ ਦੀ ਚਟਣੀ ਨਾਲ ਖਾਧਾ ਜਾਂਦਾ ਹੈ।

ਤੁਰਤੁਕ ਦੀ ਖ਼ੂਬਸੂਰਤੀ ਸਭ ਤੋਂ ਵਧੇਰੇ ਪਤਝੜ ਦੇ ਦਿਨਾਂ ਵਿੱਚ ਨਿੱਖਰਦੀ ਹੈ, ਜਦੋਂ ਪਹਾੜੀ ਪਿੱਪਲ (ਪਾਪੂਲਰ) ਦੇ ਪੱਤਿਆਂ ਦਾ ਰੰਗ ਬਦਲਦਾ ਹੈ। ਭੂਰੇ ਪਹਾੜ ਇਨ੍ਹਾਂ ਵਿੱਚ ਕਿਤੇ ਲੁਕਣ-ਮੀਟੀਆਂ ਖੇਡਦੇ ਜਾਪਦੇ ਹਨ। ਨੁਬਰਾ ਘਾਟੀ ਦੇ ਸਾਰੇ ਲਦਾਖ਼ੀ ਪਿੰਡ ਕਰਾਕੋਰਮ ਦੇ ਪੱਥਰ ਵਰਤਦੇ ਹਨ। ਇੱਥੇ ਭੂਚਾਲ ਦਾ ਖ਼ਤਰਾ ਹਮੇਸ਼ਾ ਰਹਿੰਦਾ ਹੈ ਪਰ ਪੱਥਰ ਦੀਆਂ ਕੰਧਾਂ ਖੜ੍ਹੀਆਂ ਰਹਿੰਦੀਆਂ ਹਨ।

ਇਹ ਇੱਕ ਅਜਿਹੀ ਥਾਂ ਹੈ ਜਿੱਥੋਂ ਦੇ ਬਾਸ਼ਿੰਦਿਆਂ ਨੇ ਨਾ ਸਿਰਫ਼ ਕੁਦਰਤ ਅਤੇ ਉਸ ਦੀਆਂ ਦੁਸ਼ਵਾਰੀਆਂ ਨਾਲ ਤਾਲਮੇਲ ਕਾਇਮ ਕਰਕੇ ਜਿਊਣਾ ਸਿੱਖ ਲਿਆ ਹੈ ਸਗੋਂ ਵੱਧ-ਫੁੱਲ ਵੀ ਰਹੇ ਹਨ। ਇੱਥੋਂ ਦੇ ਪਿੰਡ ਵਾਸੀ ਆਪਣੇ ਪੁਰਾਣੇ ਦੇਸ ਨੂੰ ਗੁਆ ਕੇ ਵੀ ਆਪਣੀ ਸਭਿਆਚਾਰਕ ਵਿਰਾਸਤ ਪ੍ਰਤੀ ਵਫ਼ਾਦਾਰ ਹਨ। ਹੁਣ ਦੁਨੀਆਂ ਭਰ ਦੇ ਸੈਲਾਨੀਆਂ ਦੀ ਮੇਜ਼ਬਾਨੀ ਕਰਦੇ ਹੋਏ ਉਹ ਭਵਿੱਖ ਦੀਆਂ ਅੱਖਾਂ ਵਿੱਚ ਝਾਕ ਰਹੇ ਹਨ।

# PREET FABRICS & APPLIANCE

Under New Management



ਅਸੀਂ ਹੋਲਸੇਲ ਅਤੇ ਰੀਟੇਲ ਵਿਚ ਨਵੇਂ ਡਿਜ਼ਾਇਨਾਂ ਦੇ ਸੂਟ, ਜਿਊਲਰੀ,ਫੈਸ਼ਨ ਦਾ ਹੋਰ ਸਮਾਨ, ਵਿਆਹ ਲਈ ਲਹਿੰਗੇ ਅਤੇ ਮੁੰਡਿਆਂ ਲਈ ਵਿਆਹ ਵਾਸਤੇ ਸ਼ੇਰਵਾਨੀ ਅਤੇ ਹੁਣੇ ਨਵੇਂ ਚੱਲੇ ਡਿਜ਼ਾਇਨਾਂ ਦੇ ਕੱਪੜੇ ਵੀ ਰੱਖਦੇ ਹਾਂ। ਸਾਡੇ ਕੋਲ ਕਲਗੀ, ਸਿਹਰਾ, ਚੂੜਾ, ਹਾਰ, ਜਾਗੋ, ਰੁਮਾਲੇ ਤੇ ਹੋਰ ਵਿਆਹ ਦਾ ਸਮਾਨ ਵੀ ਮਿਲਦਾ ਹੈ।

Sale is going on

APPLIANCES & PARKER PENS, OSTER BLENDERS

Watches (Seiko, Citizen & Swistar)
Shavers & Trimmers Cellular Phones
and OSTER BLENDERS

5156 Mowry AVE. Fremont. CA 94538
Tel- 510-797-7111

# CALIFORNIA

CISI

IMMIGRATION SERVICES INC.

Your Registered & Bonded 'Immigration-Consultants'



## ROSY (Kanwal) KAUR

Immigration Consultant

408-422-8585
510-573-3666

website:- www.caials.com email:- rosy@caials.com

- FAMILY IMMIGRATION
- GEEEN CARD PETITION
- CITIZENSHIP
- BUSINESS / VISITOR VISA
- OCI CARD / INDIAN PASSIORT / INDIA VISA
- STUDENT VISA
- RELIGIOUS VISA
- DIVORCE
- VARIOUS IMMIGRATION SERVICES
- U.K. VISA
- CANADA VISA & P.R.
- INDIAN PASSPORT
- POWER OF ATTORNEY

- ਫੈਮਲੀ ਇੰਮੀਗ੍ਰੇਸ਼ਨ
- ਗਰੀਨ ਕਾਰਡ ਪਟੀਸ਼ਨ
- ਸਿਟੀਜਨਸ਼ਿਪ
- ਬਿਜ਼ਨੈਸ ਵੀਜ਼ਾ / ਵਿਜ਼ਟਰ ਵੀਜ਼ਾ
- ਓ.ਸੀ.ਆਈ. ਕਾਰਡ / ਇੰਡੀਅਨ ਪਾਸਪੋਰਟ / ਇੰਡੀਆ ਵੀਜ਼ਾ
- ਸਟੂਡੈਂਟ ਵੀਜ਼ਾ
- ਰਲੀਜ਼ੀਅਸ ਵੀਜ਼ਾ
- ਤਲਾਕ
- ਕਈ ਹੋਰ ਇੰਮੀਗ੍ਰੇਸ਼ਨ ਸੇਵਾਵਾਂ
- ਯੂ. ਕੇ. ਵੀਜ਼ਾ, ਕੈਨੇਡਾ ਵੀਜ਼ਾ ਅਤੇ ਪੀ. ਆਰ.
- ਇੰਡੀਅਨ ਪਾਸਪੋਰਟ
- ਪਾਵਰ ਆਫ ਅਟਾਰਨੀ

Fremont Office: 4127 Bay Street, Unit 5, Fremont CA, 94538
Tracy Office: 1660 W Linnee Rd. Unit J 25, Tracy CA, 95377

# Moon Indian Cuisine

MOON indian cuisine

510-780-9233



ਹੁਣ ਤੁਸੀ ਗੁੜ ਦੀਆਂ ਜਲੇਬੀਆਂ ਵੀ ਲੈ ਸਕਦੇ ਹੋ

ਰੈਸਟੋਰੈਂਟ ਤੋਂ ਖਾਣਾ ਪੈਕ ਕਰਵਾ ਕੇ ਵੀ ਲੈ ਜਾ ਸਕਦੇ ਹੋ,
ਕੇਟਰਿੰਗ ਵੇਲੇ ਤੰਦੂਰ ਦਾ ਇੰਤਜ਼ਾਮ ਹੈ, ਕੇਟਰਿੰਗ ਵਾਸਤੇ ਕਾਲ ਕਰੋ ਜੀ

ਮੱਛੀ ਪਕੌੜੇ ਬਣਾਉਣ ਦੇ ਮਾਹਿਰ
ਲੱਡੂ, ਜਲੇਬੀ, ਬਰਫੀ, ਗੁਲਾਬ ਜਾਮੁਨ ਤੇ ਵਿਆਹ ਸ਼ਾਦੀ ਮੌਕੇ ਸਭ ਤਰ੍ਹਾਂ ਦੀ ਮਠਿਆਈ ਤਿਆਰ ਕਰਦੇ ਹਨ।

100-1000 ਬੰਦਿਆਂ ਤੱਕ ਵੱਡੀ ਤੋਂ ਵੱਡੀ ਪਾਰਟੀ ਲਈ
ਗੁਰੂ ਘਰਾਂ ਵਿਚ ਕੇਟਰਿੰਗ ਲਈ 10 ਪ੍ਰਤੀਸ਼ਤ ਤੱਕ ਛੋਟ
ਬਹੁਤ ਹੀ ਤਜ਼ਰਬੇਕਾਰ ਕੁੱਕ

Over 30 Years Experience in Restaurant & Catering Business

## ਮੂਨ ਇੰਡੀਅਨ ਕੁਜ਼ੀਨ (ਹੇਵਰਡ)

600 West Harder Rd. Hayward, CA 94544
Contact: (Paul) 510-978-7170

www.moonindiancuisine.net

# AAA

AUTO AND BODY WORKS INC.

ਕਿਸੇ ਵੀ ਕਿਸਮ ਦਾ ਕਾਰਾਂ ਦੀ ਮੁਰੰਮਤ/ਬਾਡੀ ਦਾ ਕੰਮ,
ਪੇਂਟਿੰਗ/ਡੈਂਟਿੰਗ ਦਾ ਕੰਮ।
ਨਵੇਂ ਤੇ ਪੁਰਾਣੇ ਟਾਇਰ ਵੀ ਹੁਣ ਇੱਥੋਂ ਪੁਆ ਸਕਦੇ ਹੋ।
24 ਘੰਟੇ ਟੋਇੰਗ ਲਈ ਕਾਲ ਕਰ ਸਕਦੇ ਹੋ
(Towing Facility Available)
ਹਫਤੇ ਦੇ ਸਾਰੇ 7 ਦਿਨ ਖੁੱਲ੍ਹਾ ਹੈ



## ਜਸਬੀਰ ਸਿੰਘ ਤੱਖਰ

510-755-2132

593 Industrial PKWY West
Hayward, CA 94544